# ਖੇਤੀ-ਬਾੜੀ

## ਧੰਦਾ/ਪੇਸ਼ਾ ਪਸ਼ੂ-ਪਾਲਕ

## ਵਿਦਿਆਰਥੀ ਕਾਰਜ-ਸ਼ਾਲੀ ਪੁਸਤਕ

## ਸ਼੍ਰੇਣੀ 12




ਪੀ. ਐੱਸ. ਐੱਸ ਸੈਂਟਰਲ ਇੰਨਸਟੀਚਿਊਟ ਆ.ਫ ਵੋਕੇਸ਼ਨਲ ਐਜੂਕੇਸ਼ਨ
(ਏ ਕੰਨਸਟੀਚਿਊਟ ਯੂਨਿਟ ਆ.ਫ ਐੱਨ.ਸੀ.ਈ.ਆਰ.ਟੀ.
ਅੰਡਰ ਐੱਮ.ਐੱਚ.ਆਰ ਡੀ, ਗਵਰਨਮੈਂਟ ਆਫ. ਇੰਡੀਆ)
ਸ਼ਾਇਮਲਾ ਹਿੱਲ, ਭੂਪਾਲ-462 002, ਐੱਮ.ਪੀ., ਇੰਡੀਆ http://www.psscive.ac.in
ਪੀ. ਐੱਸ.ਐੱਸ. ਕੇਂਦਰੀ ਕਿੱਤਾ-ਮੁਖੀ ਸਿੱਖਿਆ-ਸੰਸਥਾਨ
(ਐੱਮ.ਐੱਚ.ਆਰ.ਡੀ. ਭਾਰਤ ਸਰਕਾਰ ਅਧੀਨ ਐੱਨ.ਸੀ.ਈ.ਆਰ.ਟੀ ਦੀ ਇੱਕ ਸੰਘਟਕ ਇਕਾਈ)
ਸ਼ਾਇਮਲਾ ਹਿੱਲ, ਭੂਪਾਲ-462002, ਐੱਮ.ਪੀ., ਭਾਰਤ।
http://www.psscive.ac.in

(c) ਪੰਜਾਬ ਸਰਕਾਰ

ਪਹਿਲਾ ਐਡੀਸ਼ਨ 2018..................

All rights including those of translation, reproduction
and annotation etc. are reserved by the
Punjab Government

**ਅਨੁਵਾਦਕ : ਡਾ ਐੱਸ. ਪੀ. ਐੱਸ. ਬਰਾੜ**
**ਪ੍ਰੋਫੈਸਰ (ਰਿਟਾਇਰਡ)**
**ਪੰਜਾਬ ਐਗਰੀਕਲਚਰ**
**ਯੂਨੀਵਰਸਿਟੀ, ਲੁਧਿਆਣਾ।**

**ਸੋਧਕ**

1. ਸ੍ਰੀਮਤੀ ਭਾਰਤੀ ਮਿੱਤਲ (ਅੰਗਰੇਜ਼ੀ ਮਿਸਟ੍ਰੈੱਸ), ਸਰਕਾਰੀ ਸੀਨੀਅਰ ਸੈਕੰਡੀਰ ਸਕੂਲ, ਸਹੌੜਾਂ (ਐੱਸ.ਏ.ਐੱਸ.ਨਗਰ)।
2. ਸ੍ਰੀ ਜਸਪ੍ਰਤੀ ਸਿੰਘ (ਅੰਗਰੇਜ਼ੀ ਮਾਸਟਰ), ਸਰਕਾਰੀ ਹਾਈ ਸਕੂਲ, ਰਾਮਗੜ੍ਹ ਰੁੜਕੀ, (ਐੱਸ.ਏ.ਐੱਸ.ਨਗਰ)।
3. ਸ੍ਰੀ ਅਜੈ ਕੁਮਾਰ (ਪੰਜਾਬੀ ਮਾਸਟਰ), ਸਰਾਕੀਰ ਹਾਈ ਸਕੂਲ ਮੀਆਂਪੁਰ ਚੰਗਰ (ਐੱਸ.ਏ.ਐੱਸ.ਨਗਰ)।
4. ਸ੍ਰੀ ਕੁਲਵਿੰਦਰ ਸਿੰਘ (ਪੰਜਾਬੀ ਮਾਸਟਰ), ਸਰਕਾਰੀ ਹਾਈ ਸਕੂਲ ਬੂਥਗੜ੍ਹ, (ਐੱਸ.ਏ.ਐੱਸ.ਨਗਰ)।
5. ਡਾ. ਪ੍ਰੀਤੀ ਬਾਤਿਸ਼ (ਪੰਜਾਬੀ ਮਿਸਟ੍ਰੈਸ), ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਹੌੜਾਂ (ਐੱਸ.ਏ.ਐੱਸ.ਨਗਰ)।
6. ਸ੍ਰੀਮਤੀ ਬਲਵਿੰਦਰ ਕੌਰ (ਅੰਗਰੇਜ਼ੀ ਲੈਕਚਰਾਰ), ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰੈਲ ਮਾਜਰਾ (ਐੱਸ.ਬੀ.ਐੱਸ.ਨਗਰ)।
7. ਸ੍ਰੀਮਤੀ ਰਿਧੀ ਗੋਇਲ (ਅੰਗਰੇਜ਼ੀ ਮਿਸਟ੍ਰੈੱਸ), ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਝੰਜੋੜੀ (ਐੱਸ.ਏ.ਐੱਸ.ਨਗਰ)।
9. ਸ੍ਰੀਮਤੀ ਅਮਨਪ੍ਰੀਤ ਕੌਰ (ਅੰਗਰੇਜ਼ੀ ਮਾਸਟਰ), ਸਰਕਾਰੀ (ਕੰ.) ਸੀਨੀਅਰ ਸੈਕੰਡਰੀ ਸਕੂਲ, ਘੜੂੰਆਂ (ਐੱਸ.ਏ.ਐੱਸ.ਨਗਰ)।
10. ਸ੍ਰੀਮਤੀ ਕਮਲੇਸ਼ ਕੁਮਾਰੀ (ਅੰਗੇਰਜ਼ੀ ਲੈਕਚਰਾਰ), ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਦਿਆਲਪੁਰਾ (ਐੱਸ.ਏ.ਐੱਸ.ਨਗਰ)।
11. ਸ੍ਰੀਮਤੀ ਅਰਵਿੰਦਰ ਕੌਰ (ਅੰਗਰੇਜ਼ੀ ਲੈਕਚਰਾਰ), ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਹੋਂ, ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ)।
12. ਸ੍ਰੀ ਕੁਲਵੰਤ ਸਿੰਘ ਢੰਡ, #461, ਸੈੱਕਟਰ-61, ਚੰਡੀਗੜ੍ਹ।
13. ਸ੍ਰੀ ਜਸਵੀਰ ਸਿੰਘ ਲੰਗੜੋਆ, ਗਲ਼ੀ ਨੰ:5, ਕੁਲ਼ਾਮ ਰੋਡ, ਹਰਿਗੋਬਿੰਦ ਨਗਰ, ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ)।

**ਭਾਸ਼ਾ ਸੋਧਕ** : 1. ਮੈਡਮ ਹਰਪ੍ਰੀਤ ਕੌਰ ਸ. ਸੀ. ਸੈਕੰ. ਸਕੂਲ, ਖਮਾਣੋਂ (ਫਤਿਹਗੜ੍ਹ ਸਾਹਿਬ)
2. ਸ਼੍ਰੀ ਸੁਖਰਾਜਬੀਰ ਸਿੰਘ ਸ. ਸੀ. ਸੈਕੰ. ਸਕੂਲ, ਤੀੜਾ (ਐਸ. ਏ. ਐਸ. ਨਗਰ)

ਚੇਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ ਪਾਠ-ਪੁਸਤਕਾਂ ਤੇ ਜਿਲਦ ਸਾਜੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ ਹੋਏ ਸਮਝੌਤੇ ਦੀ ਧਾਰਾ ਨੰ : 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਅਲੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਸਟਾਕ ਕਰਨਾ, ਜਮ੍ਹਾਂ-ਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਣਾਲੀ ਤੇ ਅੰਤਰਗਤ ਫ਼ੌਜਦਾਰੀ ਜ਼ੁਰਮ ਹੈ।

ਮੁੱਲ: ..........

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ-160002 ਰਾਹੀਂ ਪ੍ਰਕਾਸ਼ਿਤ ਅਤੇ ਮੈਸ: ..........



# ਦੋ ਸ਼ਬਦ

ਪੰਜਾਬ ਸਕੂਲ ਸਿੱਖਿਆ ਬੋਰਡ ਆਪਣੀ ਸਥਾਪਨਾ ਦੇ ਸਮੇਂ ਤੋਂ ਹੀ ਸਕੂਲ ਪੱਧਰ ਦੇ ਪਾਠ-ਕ੍ਰਮ ਨੂੰ ਆਧੁਨਿਕ ਸੋਚ ਅਤੇ ਖੋਜ ਅਨੁਸਾਰ ਢਾਲਣ ਅਤੇ ਇਨ੍ਹਾਂ ਪਾਠ-ਕ੍ਰਮਾਂ ਅਨੁਸਾਰ ਪਾਠ ਪੁਸਕਤਾਂ ਤਿਆਰ ਕਰਨ ਲਈ ਯਤਨਸ਼ੀਲ ਰਿਹਾ ਹੈ। ਰਾਸ਼ਟਰੀ ਪੱਧਰ ਦੀ ਸੋਚ ਨੂੰ ਮੁੱਖ ਰੱਖਦੇ ਹੋਏ ਬੋਰਡ ਨੇ ਪੰਜਾਬ ਸਰਕਾਰ ਦੇ ਦਿਸ਼ਾਂ-ਨਿਰਦੇਸ਼ਾਂ ਅਨੁਸਾਰ ਵੋਕੇਸ਼ਨਲ ਸਿੱਖਿਆ ਨੂੰ ਪ੍ਰਫੱਲਤ ਕਰਨ ਦਾ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਹੋਇਆ ਹੈ। ਇਹ ਪਾਠ-ਪੁਸਤਕ ਇਸੇ ਪ੍ਰੋਗਰਾਮ ਦੀ ਇੱਕ ਕੜੀ ਹੈ।

ਵੱਧ ਰਹੀ ਬੇਰੁਜ਼ਗਾਰੀ ਅਤੇ ਜਨ-ਸੰਖਿਆ ਕਾਰਨ ਵੋਕੇਸ਼ਨਲ ਸਿੱਖਿਆ ਦੀ ਲੋੜ ਦਿਨੋ-ਦਿਨ ਵਧਦੀ ਜਾ ਰਹੀ ਹੈ ਕਿਉਂਕਿ ਵਿਗਿਆਨ ਅਤੇ ਤਕਨੀਕੀ ਉੱਨਤੀ ਦੇ ਯੁੱਗ ਵਿੱਚ ਕਾਰਜ ਕੁਸ਼ਲਤਾ ਵਧਾਉਣ ਲਈ ਵੋਕੇਸ਼ਨਲ ਸਿੱਖਿਆ ਦੀ ਲੋੜ ਹੈ। ਹੁਣ ਵਿਸ਼ਵ ਪੱਧਰ ਤੇ ਵੱਧ ਰਹੇ ਮੁਕਾਬਲੇ, ਉਤਪਾਦਨ ਦੀਆਂ ਬਦਲ ਰਹੀਆਂ ਤਕਨੀਕਾਂ ਅਤੇ ਕਾਰਜ ਖੇਤਰਾਂ ਦੀ ਮੁੜ ਵਿਉਤਬੰਦੀ ਲਈ ਵਿਦਿਆਰਥੀਆਂ ਨੂੰ ਢੁੱਕਵੇਂ ਹੁਨਰਾਂ ਰਾਹੀਂ ਰੁਜ਼ਾਗਾਰ ਪ੍ਰਾਪਤ ਕਰਨ ਦੇ ਯੋਗ ਬਣਾਉਣ ਦੀ ਜ਼ਰੂਰਤ ਹੈ।

ਕਾਰਜ ਖੇਤਰ ਵਿੱਚ ਪੜ੍ਹੇ-ਲਿਖੇ ਮਾਹਿਰ ਹੁਨਰ-ਮੰਦਾਂ ਦੀ ਸਖ਼ਤ ਜ਼ਰੂਰਤ ਹੋਣ ਕਾਰਨ ਕੇਂਦਰ ਸਰਕਾਰ ਦੁਆਰਾ **'ਨੈਸ਼ਨਲ ਵੋਕੇਸ਼ਨਲ ਐਜੂਕੇਸ਼ਨ ਕੁਆਲੀਫਿਕੇਸ਼ਨ ਫਰੇਮਵਰਕ'** ਤਿਆਰ ਕਰਕੇ 8 ਅਕਤੂਬਰ, 2011 ਨੂੰ ਵੱਖ ਵੱਖ ਰਾਜਾਂ ਵਿੱਚ ਲਾਗੂ ਕੀਤਾ ਗਿਆ। ਪੰਜਾਬ ਸਰਕਾਰ ਦੁਆਰਾ ਕੇਂਦਰ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਹ ਫਰੇਮਵਰਕ ਅਕਾਦਮਿਕ ਸਾਲ 2014-15 ਤੋਂ **'ਨੈਸ਼ਨਲ ਸਕਿਲ ਕੁਆਲੀਫਿਕੇਸ਼ਨ ਫਰੇਮਵਰਕ'** ਤਹਿਤ ਪੰਜਾਬ ਰਾਜ ਦੇ ਕੁੱਝ ਚੋਣਵੇਂ ਸਕੂਲਾਂ ਵਿੱਚ ਨੌਵੀਂ ਸ੍ਰੇਣੀ ਤੋਂ ਲਾਗੂ ਕੀਤਾ ਗਿਆ ਹੈ ਪਰ 'ਖੇਤੀਬਾੜੀ' ਵਿਸ਼ਾ ਇਸ ਅਕਾਦਮਿਕ ਸਾਲ 2018-19 ਤੋਂ ਬਾਰ੍ਹਵੀਂ ਸ਼੍ਰੇਣੀ ਵਿੱਚ ਲਾਗੂ ਕੀਤਾ ਗਿਆ ਹੈ ਅਤੇ ਇਸ ਵਿਸ਼ੇ ਨਾਲ ਸੰਬੰਧਤ ਇਹ ਪੁਸਤਕ ਵੀ ਤਿਆਰ ਕੀਤੀ ਗਈ ਹੈ। ਫਰੇਮਵਰਕ ਅਧੀਨ ਵੱਖ-ਵੱਖ ਟਰੇਡਜ਼ ਦੇ ਪ੍ਰੀਖਿਆਰਥੀਆਂ ਨੂੰ ਬੋਰਡ ਪ੍ਰੀਖਿਆ ਪਾਸ ਕਰਨ ਦੇ ਨਾਲ-ਨਾਲ ਨੈਸ਼ਨਲ ਸਕਿਲ ਡਵੈਲਪਮੈਂਟ ਕਾਰਪੋਰੇਸ਼ਨ (N.S.D.C) / ਸੈਕਟਰ ਸਕਿਲਜ ਕਾਊਂਸਲ (S.S.C) ਵਲੋਂ ਪ੍ਰੀਖਿਆਰਥੀਆਂ ਦੀ ਹੁਨਰ ਦੀ ਮਹਾਰਤਾ ਨੂੰ ਪ੍ਰਮਾਣਿਤ ਕੀਤਾ ਜਾਵੇਗਾ। ਇਸ ਪ੍ਰਮਾਣ ਪੱਤਰ ਦੇ ਅਧਾਰ ਤੇ ਵਿਦਿਆਰਥੀ ਐੱਨ. ਐੱਸ. ਕਿਊ. ਐੱਫ. ਵਲੋਂ ਨਿਰਧਾਰਿਤ ਪੱਧਰ ਅਨੁਸਾਰ ਰੁਜ਼ਗਾਰ ਪ੍ਰਾਪਤ ਕਰਨ ਦੇ ਯੋਗ ਮੰਨਿਆ ਜਾਵੇਗਾ।

ਰਾਸ਼ਟਰੀ ਸੋਚ ਨੂੰ ਮੁੱਖ ਰੱਖਦੇ ਹੋਏ ਇਹ ਪੁਸਤਕ ਸਾਲ 2018-19 ਤੋਂ ਪਹਿਲੀ ਵਾਰ ਤਿਆਰ ਜਾ ਰਹੀਂ ਹੈ। ਇਹ ਪੁਸਤਕ ਕੇਂਦਰ ਸਰਕਾਰ ਦੁਆਰਾ ਤਿਆਰ ਕੀਤੀ ਅੰਗਰੇਜ਼ੀ ਪੁਸਤਕ ਜਾ ਪੰਜਾਬੀ ਅਨੁਵਾਦ ਹੈ। ਪੁਸਤਕ ਵਿੱਚ ਸੁਧਾਰ ਲਿਆਉਣ ਦੀ ਹਮੇਸ਼ਾ ਗੁੰਜਾਇਸ਼ ਹੁੰਦੀ ਹੈ। ਪੁਸਤਕ ਨੂੰ ਹੋਰ ਚੰਗੇਰਾ ਬਣਾਉਣ ਲਈ ਖੇਤਰ ਵਿੱਚੋਂ ਆਏ ਸੁਝਾਵਾਂ ਦਾ ਸਤਿਕਾਰ ਕੀਤਾ ਜਾਵੇਗਾ।

**ਚੇਅਰਮੈਨ**

**ਪੰਜਾਬ ਸਕੂਲ ਸਿੱਖਿਆ ਬੋਰਡ**

| ਇਕਾਈ | ਸ਼ੈਸ਼ਨ | ਵਿਸ਼ਾ | ਸਫਾ |
|---|---|---|---|
| ਇਕਾਈ 1 | — | ਪਸ਼ੂਆਂ ਦੀਆਂ ਬਿਮਾਰੀਆਂ ਅਤੇ ਸਿਹਤ ਸੰਭਾਲ | 3 |
| | ਸ਼ੈਸ਼ਨ 1 — | ਅਛੂਤ ਦੀਆਂ ਬਿਮਾਰੀਆਂ | 3 |
| | ਸ਼ੈਸ਼ਨ-2 — | ਪਸੂਆਂ ਦੇ ਪ੍ਰਜੀਵੀ ਰੋਗ | |
| | ਸ਼ੈਸ਼ਨ-3 — | ਪਸ਼ੂਆਂ ਨੂੰ ਲੱਗਣ ਵਾਲੀਆਂ ਛੂਤ ਦੀਆਂ ਬਿਮਾਰੀਆਂ, ਟੀਕਾਕਰਣ ਅਤੇ ਸੰਪੂਰਨ ਸਿਹਤ ਦਾ ਸਿਧਾਂਤ | |
| ਇਕਾਈ 2 — | | ਦੁੱਧ ਦੀ ਚੁਆਈ | |
| | ਸ਼ੈਸ਼ਨ 1 — | ਦੁੱਧ ਦੀ ਪੈਦਾਇਸ਼ ਅਤੇ ਚੁਆਈ ਦੇ ਢੰਗ | |
| | ਸ਼ੈਸ਼ਨ 2 — | ਸਾਫ਼-ਸੁਥਰਾ ਦੁੱਧ ਪੈਦਾ ਕਰਨਾ | |
| ਇਕਾਈ 3 — | | ਡੇਅਰੀ ਫਾਰਮ ਦਾ ਹਿਸਾਬ ਕਿਤਾਬ ਰੱਖਣਾ | |
| | ਸ਼ੈਸ਼ਨ 1 — | ਡੇਅਰੀ ਫਾਰਮ ਦਾ ਹਿਸਾਬ ਕਿਤਾਬ | |
| ਇਕਾਈ 4 — | | ਪਸ਼ੂ ਪਾਲਕਾਂ ਦੀ ਸਿਹਤ ਅਤੇ ਸੁਰੱਖਿਆ ਸੰਬੰਧੀ ਖਤਰੇ | |
| | ਸ਼ੈਸ਼ਨ 1 — | ਡੇਅਰੀ ਫਾਰਮ ਨੂੰ ਸਾਫ-ਸੁਥਰਾ ਅਤੇ ਜ਼ਰਮ ਰਹਿਤ ਰੱਖਣਾ | |
| | ਸ਼ੈਸ਼ਨ 2 — | ਡੇਅਰੀ ਫਾਰਮ ਵਿੱਚੋਂ ਉਪਜੇ ਮਲ-ਮੂਤਰ ਦਾ ਨਿਕਾਸ | |
| ਇਕਾਈ 5 — | | ਪਸ਼ੂ ਭਲਾਈ ਸੰਬੰਧੀ ਵਿਧੀ-ਵਿਧਾਨ | |
| | ਸ਼ੈਸ਼ਨ 1 — | ਪਸ਼ੂ ਭਲਾਈ ਸੰਬੰਧੀ ਨਿਯਮ-ਕਾਨੂੰਨ | |
| | ਸ਼ੈਸ਼ਨ 2 — | ਡੰਗਰਾਂ ਦੀ ਢੋਆ-ਢੁਆਈ ਅਤੇ ਦੁੱਧ ਚੁਆਈ ਸੰਬੰਧੀ ਨਿਯਮ | |

# ਸੈਸ਼ਨ 1

**ਇਕਾਈ 1 — ਪਸ਼ੂਆਂ ਦੀਆਂ ਬਿਮਾਰੀਆਂ ਅਤੇ ਸਿਹਤ ਸੰਭਾਲ/ ਪਸ਼ੂ ਦੇ ਤੰਦਰੁਸਤ ਪ੍ਰਦਰਸ਼ਨ ਨੂੰ ਕਾਇਮ ਰੱਖਣਾ**

**ਸੈਸ਼ਨ 1 — ਅਛੂਤ ਦੀਆਂ ਆਮ ਬਿਮਾਰੀਆਂ**

**ਦੁੱਧ ਤਾਪ ਜਾਂ ਸੂਤਰੀ ਬੁਖਾਰ**

ਇਹ ਬਿਮਾਰੀ ਜੋ ਖਾਧ-ਖੁਰਾਕ ਨਾਲ ਸੰਬੰਧ ਰੱਖਦੀ ਹੈ, ਆਮ ਤੌਰ ’ਤੇ ਜ਼ਿਆਦਾ ਦੁੱਧ ਦੇਣ ਵਾਲੀਆਂ ਲਵੇਰੀਆਂ ਨੂੰ ਸੂਣ ਤੋਂ ਇਕ-ਦੋ ਦਿਨਾਂ ਅੰਦਰ ਅੰਦਰ ਹੁੰਦੀ ਹੈ ਜਿਸ ਕਾਰਨ ਦੁੱਧ ਦੀ ਪੈਦਾਵਾਰ ਕਾਫ਼ੀ ਘੱਟ ਜਾਂਦੀ ਹੈ। ਇਸ ਲਈ ਆਰਥਿਕ ਪੱਖ ਤੋਂ ਇਹ ਬਿਮਾਰੀ ਕਾਫ਼ੀ ਗੰਭੀਰ ਮੰਨੀ ਜਾਂਦੀ ਹੈ। ਦੁੱਧ ਤਾਪ ਤੋਂ ਇਹ ਮਤਲਬ ਨਹੀਂ ਕਿ ਪਸ਼ੂ ਦਾ ਸਰੀਰਕ ਤਾਪਮਾਨ ਵੱਧ ਜਾਂਦਾ ਹੈ, ਬਲਕਿ ਉਸਦਾ ਸਰੀਰ ਠੰਡਾ ਹੋ ਜਾਂਦਾ ਹੈ। ਇਹ ਬਿਮਾਰੀ ਕੈਲਸ਼ੀਅਮ ਦੀ ਘਾਟ ਕਰਕੇ ਹੁੰਦੀ ਹੈ।

**ਨਿਸ਼ਾਨੀਆਂ/ਲੱਛਣ**

- ਬਿਮਾਰ ਪਸ਼ੂ ਸੁਸਤ ਅਤੇ ਢਿੱਲਾ ਜਾਪਦਾ ਹੈ
- ਰੋਗੀ ਪਸ਼ੂ ਦੇ ਕੰਨ ਠੰਡੇ ਹੁੰਦੇ ਹਨ
- ਰੋਗੀ ਪਸ਼ੂ ਦੀਆਂ ਲੱਤਾਂ ਆਕੜ ਜਾਂਦੀਆਂ ਹਨ

**ਗੰਭੀਰ ਅਵਸਥਾ ਦੇ ਲੱਛਣ**

- ਬਿਮਾਰ ਪਸ਼ੂ ਛੇਤੀ ਬਹਿ ਜਾਂਦਾ ਹੈ ਜਾਂ ਡਿੱਗ ਜਾਂਦਾ ਹੈ।
- ਰੋਗੀ ਪਸ਼ੂ ਗਰਦਨ ਮੋੜ ਕੇ ਛਾਤੀ ਉੱਤੇ ਟਿਕਾ ਲੈਂਦਾ ਹੈ।
- ਬਿਮਾਰ ਡੰਗਰ ਦਾ ਮਿਹਦਾ ਕੰਮ ਕਰਨਾ ਬੰਦ ਕਰ ਦਿੰਦਾ ਹੈ।
- ਰੋਗੀ ਪਸ਼ੂ ਗੋਹਾ ਪੇਸ਼ਾਬ ਕਰਨਾ ਬੰਦ ਕਰ ਦਿੰਦਾ ਹੈ।

ਕੈਲਸ਼ੀਅਮ ਦੀ ਘਾਟ ਨੂੰ ਦੂਰ ਕਰਨ ਲਈ ਤੁਰੰਤ ਇਲਾਜ ਸ਼ੁਰੂ ਕਰੋ। ਲਵੇਰਿਆਂ ਨੂੰ ਗਰਭ ਦੌਰਾਨ ਅਤੇ ਸੂਣ ਪਿੱਛੋਂ ਧਾਤਾਂ ਦਾ ਮਿਸ਼ਰਣ ਜ਼ਰੂਰ ਦਿਓ। ਰੋਗੀ ਪਸ਼ੂ ਨੂੰ 60 ਗ੍ਰਾਮ ਕੈਲਸ਼ੀਅਮ ਬੋਰੋ ਗਲੂਕੋਨੇਟ ਪਾਊਡਰ ਅਤੇ 40 ਗ੍ਰਾਮ ਧਾਤਾਂ ਦਾ ਮਿਸ਼ਰਣ ਗੁੜ ਵਿੱਚ ਮਿਲਾ ਕੇ ਦੇਣਾ ਚਾਹੀਦਾ ਹੈ।

# ਜ਼ਖਮ

ਆਪਸ ਵਿੱਚ ਭਿੜਨ ਕਾਰਨ ਜਾਂ ਕਿਸੇ ਤਿੱਖੀ ਚੀਜ਼ ਦੇ ਵੱਜਣ ਕਾਰਨ ਪਸ਼ੂ ਦੀ ਚਮੜੀ ਜਾਂ ਸਰੀਰ ਦੇ ਕਿਸੇ ਹਿੱਸੇ ’ਤੇ ਜ਼ਖਮ ਹੋ ਸਕਦਾ ਹੈ। (ਤਸਵੀਰ 1.1 ਅਤੇ ਤਸਵੀਰ 1.2) ਜ਼ਖਮ ਕਈ ਪ੍ਰਕਾਰ ਦੇ ਹੋ ਸਕਦੇ ਹਨ—

| **ਜ਼ਖਮ ਦੀ ਕਿਸਮ** | **ਜ਼ਖਮ ਦੇ ਵਿਸ਼ੇਸ਼ ਚਿੰਨ/ਨਿਸ਼ਾਨੀਆਂ** |
|---|---|
| **ਕੱਟ/ਚੀਰਾ** | ਕਿਸੇ ਤਿੱਖੀ ਚੀਜ਼ ਦੇ ਵੱਜਣ ਨਾਲ ਡੂੰਘਾ ਕੱਟ ਲੱਗ ਜਾਂਦਾ ਹੈ। ਅਜਿਹੇ ਕੱਟ ਸਰਜਰੀ ਦੌਰਾਨ ਲਗਾਏ ਜਾਂਦੇ ਹਨ। |
| **ਪਾਟਿਆ ਝਰੀਟੀਆਂ ਜ਼ਖਮ** | ਇੱਕ ਬੇਤਰਤੀਬੇ ਢੰਗ ਨਾਲ ਹੋਇਆ ਜ਼ਖਮ ਇਸ ਸ਼੍ਰੇਣੀ ਵਿੱਚ ਆਉਂਦਾ ਹੈ। ਕਿਸੇ ਕੰਡੇਦਾਰ ਤਾਰ ਦੁਆਰਾ ਅਜਿਹਾ ਜ਼ਖਮ ਕੀਤਾ ਜਾਂਦਾ ਹੈ। |
| **ਗੁੱਝੀ ਸੱਟ** | ਅਜਿਹੀ ਸੱਟ ਕਿਸੇ ਖੁੰਢੀ ਵਸਤੂ ਦੁਆਰਾ ਲੱਗ ਜਾਂਦੀ ਹੈ। ਅਜਿਹਾ ਜ਼ਖਮ ਸਰੀਰ ਦੇ ਬਾਹਰੀ ਭਾਗ ਤੇ ਜਾਂ ਅੰਦਰੂਨੀ ਹਿੱਸੇ ’ਤੇ ਹੋ ਸਕਦਾ ਹੈ। ਅੰਦਰੂਨੀ ਸੱਟ ਵਾਲੀ ਥਾਂ ਕੁਝ ਤੰਤੂ ਖ਼ਤਮ ਹੋ ਸਕਦੇ ਹਨ ਜਾਂ ਅਜਿਹੇ ਜ਼ਖਮ ਵਾਲੀ ਜਗ੍ਹਾ ਸੋਜਸ਼ ਹੋ ਸਕਦੀ ਹੈ। ਡੰਗਰਾਂ ਦੇ ਆਪਸ ਵਿੱਚ ਭਿੜਨ ਅਤੇ ਲੱਤ ਮਾਰਨ ਨਾਲ ਅਜਿਹੀ ਸੱਟ ਲੱਗ ਸਕਦੀ ਹੈ। |
| **ਡੂੰਘਾ ਜ਼ਖਮ** | ਅਜਿਹਾ ਜ਼ਖਮ ਲੋਹੇ ਦੀ ਤਿੱਖੀ ਕਿਲ ਜਾਂ ਲੱਕੜ ਦੇ ਛਿਲਤ ਖੁਭਣ ਨਾਲ ਹੋ ਜਾਂਦੇ ਹਨ। ਇਹ ਵਸਤੂ ਸਰੀਰ ਵਿੱਚ ਚਮੜੀ ਨੂੰ ਚੀਰ ਕੇ ਖੁੱਭ ਜਾਂਦੀ ਹੈ। |

ਪਾਲਤੂ ਡੰਗਰਾਂ ਵਿੱਚ ਕਈ ਵੇਰ ਅਜਿਹੇ ਜ਼ਖਮਾਂ ਦਾ ਪਤਾ ਨਹੀਂ ਲਗਦਾ ਅਤੇ ਬਿਨਾਂ ਕਿਸੇ ਇਲਾਜ ਦੇ ਅਜਿਹੇ ਜ਼ਖਮਾਂ ਨੂੰ ਆਪਣੇ ਆਪ ਠੀਕ ਹੋਣ ਲਈ ਛੱਡ ਦਿੱਤਾ ਜਾਂਦਾ ਹੈ। ਜੇਕਰ ਸਾਵਧਾਨੀ ਨਾਲ ਇਲਾਜ ਕੀਤਾ ਜਾਵੇ ਤਾਂ ਨੁਕਸਾਨ ਹੋਣ ਤੋਂ ਬਚਾਅ ਹੋ ਸਕਦਾ ਹੈ। ਵੱਖ ਵੱਖ ਜ਼ਖ਼ਮਾਂ ਦਾ ਇਲਾਜ ਵੱਖ ਵੱਖ ਤਰਾਂ ਕੀਤਾ ਜਾਂਦਾ ਹੈ।

**ਜ਼ਖਮ ਵਿੱਚੋਂ ਨਿਕਲ ਰਹੇ ਖ਼ੂਨ ਨੂੰ ਕਿਵੇਂ ਰੋਕਿਆ ਜਾਵੇ ?**

ਅਜਿਹੇ ਜ਼ਖ਼ਮਾਂ ਵਿੱਚੋਂ ਖ਼ੂਨ ਲਗਾਤਾਰ ਨਿਕਲਦਾ ਰਹਿੰਦਾ ਹੈ। ਨਿਕਲ ਰਹੇ ਖ਼ੂਨ ਦੀ ਮਾਤਰਾ ਨਾੜੀ ਦੀ ਕਿਸਮ, ਨਾੜਾਂ ਦੀ ਗਿਣਤੀ ਤੇ ਇਸਦੇ ਅਕਾਰ ’ਤੇ ਨਿਰਭਰ ਕਰਦੀ ਹੈ। ਬਹੁਤ ਜ਼ਿਆਦਾ ਖ਼ੂਨ ਨਿਕਲਣ ਕਾਰਨ ਪਸ਼ੂ ਦੀ ਮੌਤ ਵੀ ਹੋ ਸਕਦੀ ਹੈ।

ਅਜਿਹੇ ਜ਼ਖ਼ਮਾਂ ਦੇ ਇਲਾਜ ਲਈ ਗਰਮਾਇਸ਼ ਦੇਣਾ, ਪੱਟੀ ਲਪੇਟਣਾ, ਦਬਾਅ ਦੇਣਾ ਜਾਂ ਵਲ ਦੇ ਕੇ ਇਲਾਜ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਜ਼ਖ਼ਮ ਨੂੰ ਗਰਮ ਪਾਣੀ ਨਾਲ ਧੋ ਕੇ ਛੋਟੀਆਂ ਨਾੜਾਂ ਵਿੱਚੋਂ ਨਿਕਲ ਰਹੇ ਖ਼ੂਨ ਨੂੰ ਰੋਕਿਆ ਜਾ ਸਕਦਾ ਹੈ। ਜ਼ਖ਼ਮ ਉਪਰ ਪੱਟੀ ਲਪੇਟ ਕੇ ਜਾਂ ਵਲ ਪਾ ਕੇ ਵੱਡੀਆਂ ਨਾੜਾਂ ਵਿੱਚੋਂ ਨਿਕਲ ਰਹੇ ਖ਼ੂਨ ਨੂੰ ਰੋਕਣਾ ਚਾਹੀਦਾ ਹੈ। ਜ਼ਖ਼ਮ ਉਪਰ ਥੋੜਾ ਦਬਾਅ ਪਾਉਣ ਨਾਲ ਖ਼ੂਨ ਦਾ ਵਹਾਅ ਬੰਦ ਕਰਨਾ ਇਕ ਆਮ ਪ੍ਰਚੱਲਤ ਤਰੀਕਾ ਹੈ। ਜੇਕਰ ਸੰਭਵ ਹੋਵੇ ਤਾਂ ਜ਼ਖ਼ਮੀ ਹਿੱਸੇ ਉਪਰ ਸਾਫ਼ ਸੁਥਰੇ ਕੱਪੜੇ ਨਾਲ ਪੱਟੀ ਬੰਨਣੀ ਚਾਹੀਦੀ ਹੈ। ਅਜਿਹੀ ਪੱਟੀ ਬੰਨਣ ਤੋਂ ਪਹਿਲਾਂ ਜ਼ਖਮ ਉਪਰ ਜਰਮ ਰਹਿਤ ਕੀਤੀ ਹੋਈ ਅਤੇ ਬੋਰਿਕ ਤੇਜ਼ਾਬ ਲੱਗੀ ਹੋਈ ਰੂੰਈ ਰੱਖਣੀ ਜ਼ਰੂਰੀ ਹੈ। ਜਿਨ੍ਹਾਂ ਜ਼ਖ਼ਮਾਂ ਵਿੱਚੋਂ ਅਜੇਹੀ ਪੱਟੀ ਕਰਨ ਨਾਲ ਖੂੰਨ ਦੇ ਵਹਾਅ ਨੂੰ ਬੰਦ ਕਰਨਾ ਸੰਭਵ ਨਾ ਹੋਵੇ ਤਾਂ ਅਜਿਹੇ ਜ਼ਖ਼ਮਾਂ

ਉਪਰ ਹੱਥ ਨਾਲ ਦਬਾਅ ਪਾ ਕੇ ਜਾਂ ਜ਼ਖ਼ਮਾਂ ਦੇ ਕੱਟੇ ਹੋਏ ਹਿੱਸੇ ਨੂੰ ਟਾਂਕੇ ਲਾ ਕੇ ਨਜ਼ਦੀਕ ਲਿਆ ਕੇ ਬੰਨ ਦਿੱਤਾ ਜਾਵੇ ਅਤੇ ਬਗੈਰ ਹਿਲ ਜੁਲ ਅਜੇਹੀ ਅਵਸਥਾ ਵਿੱਚ 12-36 ਘੰਟੇ ਤੱਕ ਰੱਖਿਆ ਜਾਵੇ ਤਾਂ ਸਹੀ ਇਲਾਜ ਹੋ ਸਕਦਾ ਹੈ।

**ਜ਼ਖਮੀ ਡੰਗਰ ਅਤੇ ਜ਼ਖਮਾਂ ਦੀ ਦੇਖ ਭਾਲ**

ਸਭ ਤੋਂ ਪਹਿਲਾਂ ਇਲਾਜ ਲਈ ਜ਼ਖ਼ਮ ਦੀ ਤਿਆਰੀ ਕੀਤੀ ਜਾਂਦੀ ਹੈ। ਇਸ ਵਾਸਤੇ ਜ਼ਖ਼ਮ ਨੂੰ ਧਿਆਨ ਨਾਲ ਦੇਖਿਆ ਜਾਂਦਾ ਹੈ ਤਾਂ ਜੋ ਇਸ ਵਿੱਚ ਕੋਈ ਮਿੱਟੀ ਘੱਟੇ ਦੇ ਕਣ ਜਾਂ ਵਾਲ ਜਾਂ ਲਕੜੀ ਜਾਂ ਕਿੱਲ ਆਦਿ ਨਾ ਹੋਵੇ। ਜ਼ਖ਼ਮ ਦੇ ਕਿਨਾਰਿਆਂ ’ਤੇ ਵਾਲ ਅਤੇ ਵਾਧੂ ਮਾਸ ਜੋ ਜ਼ਖ਼ਮ ਭਰਨ ਵਿੱਚ ਰੁਕਾਵਟ ਬਣ ਸਕਦੇ ਹਨ, ਕੱਟ ਦਿੱਤੇ ਜਾਣੇ ਚਾਹੀਦੇ ਹਨ। ਜ਼ਖ਼ਮ ਵਿੱਚ ਰੇਸ਼ਾ ਜਾਂ ਪੀਕ (Pus) ਕੱਢ ਕੇ ਜ਼ਖ਼ਮ ਨੂੰ ਸਾਫ ਕਰਨਾ ਜ਼ਰੂਰੀ ਹੈ। ਜ਼ਖ਼ਮ ਨੂੰ ਟਾਂਕੇ ਲਾਉਣਾ, ਜ਼ਖ਼ਮ ਦੀ ਹਾਲਤ ਅਤੇ ਸਥਿਤੀ ’ਤੇ ਨਿਰਭਰ ਕਰਦਾ ਹੈ। ਅਜਿਹਾ ਜ਼ਖ਼ਮ ਟਾਂਕੇ ਲਾ ਕੇ ਬੰਦ ਕਰਨ ਯੋਗ ਹੁੰਦਾ ਹੈ ਜੋ ਸਾਫ ਹੋਵੇ ਅਤੇ ਅੰਦਰੋਂ ਪਿਲ-ਪਿਲਾ ਭਾਵ ਇਸ ਵਿੱਚ ਪੀਕ/ਰੇਸ਼ਾ ਨਾ ਹੋਵੇ। ਰੋਗਾਣੂਆਂ ਕਾਰਨ ਪੀਕ ਨਾਲ ਭਰੇ ਹੋਏ ਜ਼ਖਮ ਨੂੰ ਕੁੱਝ ਦਿਨਾਂ ਲਈ ਖੁੱਲ੍ਹਾ ਛੱਡ ਦੇਣਾ ਚਾਹੀਦਾ ਹੈ ਤਾਂ ਜੋ ਇਸ ਅੰਦਰਲੀ ਪੀਕ ਨਿਕਲ ਜਾਵੇ ਅਤੇ ਜ਼ਖ਼ਮ ਰੋਗਾਣੂ ਰਹਿਤ ਹੋ ਸਕੇ। ਪੱਠਿਆਂ ਵਿੱਚ ਹੋਏ ਜ਼ਖਮ ਜਾਂ ਸਰੀਰ ਦੇ ਹਿਲਣ ਜੁਲਣ ਵਾਲੇ ਹਿੱਸਿਆਂ ਉਪਰਲੇ ਜ਼ਖਮ ਨੂੰ ਟਾਂਕੇ ਨਹੀਂ ਲਾਉਣੇ ਚਾਹੀਦੇ।





**ਤਸਵੀਰ 1.1: ਖੁਰ ਵਿੱਚ ਜਖ਼ਮ ਤਸਵੀਰ 1.2 : ਜ਼ਖ਼ਮ ਭਰਨਾ ਸ਼ੁਰੂ ਹੋ ਚੁੱਕਾ ਹੈ।**

ਇਲਾਜ ਤੋਂ ਬਾਅਦ ਜ਼ਖ਼ਮੀ ਡੰਗਰ ਦੂਸਰੇ ਡੰਗਰਾਂ ਤੋਂ ਅਲੱਗ ਸਾਫ਼ ਸੁਥਰੀ ਜਗ੍ਹਾ ’ਤੇ ਰੱਖੋ। ਜੇਕਰ ਜ਼ਖ਼ਮ ਸਰੀਰ ਦੇ ਅਜਿਹੇ ਅੰਗ ’ਤੇ ਹੈ ਜਿੱਥੇ ਡੰਗਰ ਜ਼ਖ਼ਮ ਨੂੰ ਚੱਟ ਸਕਦਾ ਹੈ ਜਾਂ ਖੁਰਕ ਕਰ ਸਕਦਾ ਹੋਵੇ ਤਾਂ ਅਜਿਹਾ ਕਰਨ ਤੋਂ ਰੋਕਥਾਮ ਕਰਨਾ ਜ਼ਰੂਰੀ ਹੈ। ਜਿਵੇਂ ਕਿ ਪੈਰਾਂ ’ਤੇ ਹੋਏ ਜ਼ਖਮ ਨੂੰ ਮਿੱਟੀ ਵਿੱਚ ਜਾਂ ਪੌਦਿਆਂ ਨਾਲ ਘੱਸਰ ਸਕਦਾ ਹੈ ਜਾਂ ਖੁਰਕ ਕਰਨ ਨਾਲ਼ ਜ਼ਖ਼ਮ ਦੇ ਜਲਦੀ ਭਰਨ ਵਿੱਚ ਰੁਕਾਵਟ ਪੈਦਾ ਹੋ ਸਕਦੀ ਹੈ। ਇਸ ਲਈ ਜ਼ਖ਼ਮ ਦੇ ਤੰਦਰੁਸਤ ਹੋਣ ਤੱਕ ਜ਼ਖ਼ਮੀ ਪਸ਼ੂ ਨੂੰ ਅਲੱਗ ਸਾਫ਼ ਸੁਥਰੀ ਜਗ੍ਹਾ ਵਿੱਚ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ।

ਘਰੇਲੂ ਇਲਾਜ ਲਈ ਜ਼ਖ਼ਮ ਨੂੰ ਰੋਜ਼ ਧੋ ਕੇ ਸਾਫ਼ ਕਰਨਾ ਅਤੇ ਜ਼ਖਮ ਉੱਪਰ ਕਿਰਮ-ਨਾਸ਼ਕ ਮੱਲਮ ਜਾਂ ਪਾਊਡਰ ਲਾਉਣਾ ਜ਼ਰੂਰੀ ਹੈ।


## ਆਫ਼ਰਨਾ

ਜੁਗਾਲੀ ਕਰਨ ਵਾਲੇ ਪਸ਼ੂ ਦੇ ਮਿਹਦੇ ਵਿੱਚ ਗੈਸ ਭਰ ਕੇ ਖੱਬੀ ਵੱਖੀ ਦੇ ਫੁੱਲਣ ਨੂੰ ਅਫ਼ਾਰਾ ਆਖਦੇ ਹਨ। ਬਿਮਾਰ ਪਸ਼ੂ ਦੀ ਖੱਬੀ ਵੱਖੀ ਦਾ ਫੁੱਲ ਜਾਣਾ, ਸਾਹ ਬੜਾ ਔਖਾ ਅਤੇ ਖਿਚ ਕੇ ਲੈਣਾ, ਪੇਟ ਵਿੱਚ ਦਰਦ ਹੋਣਾ,ਜੁਗਾਲੀ ਕਰਨੀ ਬੰਦ ਕਰ ਦੇਣਾ ਅਤੇ ਪੇਸ਼ਾਬ ਤੇ ਗੋਹਾ ਕਰਨ ਲਈ ਪਸ਼ੂ ਵੱਲੋਂ ਜ਼ੋਰ ਲਾਉਣਾ ਇਸ ਬਿਮਾਰੀ ਦੇ ਮੁੱਖ ਲੱਛਣ ਹਨ। ਰੋਗੀ ਪਸ਼ੂ ਦਾ ਮੂੰਹ ਖੁੱਲਾ ਹੁੰਦਾ ਹੈ ਅਤੇ ਜੀਭ ਬਾਹਰ ਕੱਢ ਲੈਂਦਾ ਹੈ। ਜੇਕਰ ਬਿਮਾਰੀ ਦਾ ਇਲਾਜ ਨਾ ਕੀਤਾ ਜਾਵੇ ਤਾਂ ਕੁੱਝ ਘੰਟਿਆਂ ਵਿੱਚ ਪਸ਼ੂ ਦੀ ਮੌਤ ਹੋ ਜਾਂਦੀ ਹੈ। ਪਸ਼ੂਆਂ ਨੂੰ ਅਫਾਰੇ ਦੀਆਂ ਨਿਸ਼ਾਨੀਆਂ ਪ੍ਰਗਟ ਹੋਣ ਤੋਂ ਤੁਰੰਤ ਬਾਅਦ ਬਜ਼ਾਰ ਵਿੱਚ ਉਪਲੱਬਧ ਚੂਰਨ/ਦੁਆਈ ਦੇਣੀ ਚਾਹੀਦੀ ਹੈ। ਦਰਮਿਆਨੇ ਪੱਧਰ ਦਾ ਅਫਾਰਾ ਹੋਵੇ ਤਾਂ ਟੀਕਾ ਲਾਉਣ ਵਾਲੀ ਸੂਈ ਖੱਬੀ ਕੁੱਖ ਵਿੱਚ ਖੁਭੋ ਕੇ ਮਿਹਦੇ ਵਿਚਲੀ ਗੈਸ ਕੱਢ ਦਿਓ। ਜੇਕਰ ਪਸ਼ੂ ਦੀ ਹਾਲਤ ਨਾਜ਼ੁਕ ਹੋਵੇ ਤਾਂ ਡਾਕਟਰ ਨੂੰ ਸੱਦ ਕੇ ਟਰੋਕਾਰ ਕੈਨੂਲਾ (Trochar Cannula) ਯੰਤਰ ਦੀ ਸਹਾਇਤਾ ਨਾਲ ਖੱਬੀ ਕੁੱਖ ਵਿੱਚੋਂ ਹਵਾ ਕੱਢੀ ਜਾ ਸਕਦੀ ਹੈ। ਇਸ ਨਾਲ ਪਸ਼ੂ ਨੂੰ ਜਲਦੀ ਅਰਾਮ ਆ ਜਾਵੇਗਾ। ਅੱਧਾ ਕਿਲੋ 100-200 ਮਿਲੀ ਲਿਟਰ ਸਰੋਂ ਜਾਂ ਅਲਸੀ ਦਾ ਤੇਲ ਜਾਂ 250-500 ਮਿਲੀ ਲਿਟਰ ਪੈਰਾਫ਼ਿਨ ਤੇਲ ਰੋਗੀ ਪਸ਼ੂ ਨੂੰ ਦੇਣ ਨਾਲ ਵੀ ਰਵਾਇਤੀ ਇਲਾਜ ਕੀਤਾ ਜਾ ਸਕਦਾ ਹੈ।

## ਮੋਕ/ਦਸਤ

ਜਦ ਪਸ਼ੂ ਬਹੁਤ ਪਤਲਾ ਪਾਣੀ ਵਰਗਾ ਅਤੇ ਥੋੜੇ-ਥੋੜੇ ਸਮੇਂ ਪਿੱਛੋਂ ਗੋਹਾ ਕਰਦਾ ਹੈ ਤਾਂ ਇਸ ਨੂੰ ਮੋਕ ਮਾਰਨਾ ਕਿਹਾ ਜਾਂਦਾ ਹੈ ਜਿਵੇਂ ਕਿ ਤਸਵੀਰ 1.3 ਵਿੱਚ ਦਿਖਾਇਆ ਗਿਆ ਹੈ। ਮੋਕ ਲੱਗਣ ਨਾਲ ਬਿਮਾਰ ਪਸ਼ੂ ਵਿੱਚ ਪਾਣੀ ਦੀ ਘਾਟ ਹੋ ਜਾਂਦੀ ਹੈ। ਬਿਮਾਰ ਪਸ਼ੂ ਸੁਸਤ, ਢਿੱਲਾ ਅਤੇ ਕਮਜ਼ੋਰ ਹੋ ਜਾਂਦਾ ਹੈ। ਰੋਗੀ ਪਸ਼ੂ ਦੀਆਂ ਅੱਖਾਂ ਅੰਦਰ ਨੂੰ ਧੱਸ ਜਾਂਦੀਆਂ ਹਨ।

ਇਹ ਬਿਮਾਰੀ ਪ੍ਰਜੀਵੀ ਰੋਗ ਵੀ ਹੋ ਸਕਦਾ ਹੈ ਅਤੇ ਖੁਰਾਕ ਦੇ ਕਾਰਨ ਵੀ ਲੱਗ ਸਕਦਾ ਹੈ। ਇਸਲਈ ਇਸ ਦਾ ਇਲਾਜ ਰੋਗ ਦੇ ਕਾਰਨ ਅਨੁਸਾਰ ਕੀਤਾ ਜਾਂਦਾ ਹੈ। ਜੇਕਰ ਖੁਰਾਕ ਦੇ ਕਾਰਨ ਇਹ ਰੋਗ ਲੱਗਾ ਹੈ ਤਾਂ ਖੁਰਾਕ ਵਿੱਚ ਸੁਧਾਰ ਕਰੋ। ਜੇਕਰ ਕਿਸੇ ਜਿਵਾਣੂ ਕਰਕੇ ਰੋਗ ਲੱਗਾ ਹੈ ਤਾਂ ਸਿਫਾਰਸ਼ ਅਨੁਸਾਰ ਦਵਾਈ ਦੇ ਕੇ ਇਲਾਜ ਕੀਤਾ ਜਾਵੇ। ਆਰੰਭ ਵਿੱਚ ਖੁਰਾਕ/ਚਾਰਾ ਬੰਦ ਕਰਕੇ ਪਸ਼ੂ ਦੇ ਮਿਹਦੇ ਨੂੰ ਅਰਾਮ ਦੇਣਾ ਚਾਹੀਦਾ ਹੈ ਜਾਂ ਹਲਕੀ ਖੁਰਾਕ ਦੇਣੀ ਚਾਹੀਦੀ ਹੈ (24 ਘੰਟਿਆਂ ਲਈ)। ਰੋਗੀ ਪਸ਼ੂ ਨੂੰ ਕਾਫ਼ੀ ਮਾਤਰਾ ਵਿੱਚ ਸਾਫ ਪਾਣੀ ਪਿਆਉਣਾ ਚਾਹੀਦਾ ਹੈ। ਕਮਜ਼ੋਰੀ ਨੂੰ ਦੂਰ ਕਰਨ ਲਈ ਰੋਗੀ ਪਸ਼ੂ ਨੂੰ ਗਲੂਕੋਜ਼ ਦੇਣਾ ਚਾਹੀਦਾ ਹੈ।



**ਤਸਵੀਰ 1.3 : ਮੋਕ ਲੱਗੇ ਹੋਏ ਮੱਝ ਦੇ ਕਟੜੂ ਦੀ ਤਸਵੀਰ**

ਰੋਗ ਦੀਆਂ ਨਿਸ਼ਾਨੀਆਂ ਪ੍ਰਗਟ ਹੋਣ ਤੋਂ ਤੁਰੰਤ ਬਾਅਦ ਇਸਦਾ ਇਲਾਜ ਅਸਾਨੀ ਨਾਲ ਹੋ ਜਾਂਦਾ ਹੈ ਪ੍ਰੰਤੂ ਅਣਗਹਿਲੀ ਕਾਰਨ ਇਹ ਰੋਗ ਪਸੂ ਲਈ ਖਤਰਨਾਕ ਵੀ ਹੋ ਸਕਦਾ ਹੈ.

**ਕਬਜ਼**

ਇਸ ਰੋਗ ਨਾਲ ਪੀੜਤ ਪਸ਼ੂ ਗੋਹਾ ਕਰਨ ਵੇਲੇ ਔਖਾ ਹੁੰਦਾ ਹੈ ਕਿਉਂਕਿ ਗੋਹਾ ਕਾਫ਼ੀ ਸਖ਼ਤ ਹੁੰਦਾ ਹੈ। ਇਹ ਆਪਣੇ ਆਪ ਵਿੱਚ ਬਿਮਾਰੀ ਭਾਵੇਂ ਨਹੀਂ ਹੈ ਪ੍ਰੰਤੂ ਇਹ ਹੋਰ ਬਿਮਾਰੀਆਂ ਦਾ ਪ੍ਰਤੀਕ ਹੈ। ਅਨੀਮਾ ਦੇਣ ਨਾਲ ਕਬਜ਼ ਦਾ ਇਲਾਜ ਕੀਤਾ ਜਾਂਦਾ ਹੈ। ਇਕ ਖਾਸ ਕਿਸਮ ਦੀ ਦਵਾਈ ਜਾਂ ਗਰਮ ਪਾਣੀ ਵਿੱਚ ਸਾਬਨ ਦੇ ਘੋਲ ਨੂੰ ਗੁਦਾ ਵਿੱਚ ਭੇਜਣ ਨੂੰ ਅਨੀਮਾ ਕਿਹਾ ਜਾਂਦਾ ਹੈ। ਰੋਗੀ ਪਸ਼ੂ ਨੂੰ ਕਾਫ਼ੀ ਮਾਤਰਾ ਵਿਚ ਸਾਫ਼ ਸੁਥਰਾ ਪਾਣੀ ਪਿਆਉਣਾ ਚਾਹੀਦਾ ਹੈ।

**ਬਦਹਜ਼ਮੀ**

ਇਸ ਰੋਗ ਕਾਰਨ ਪਸ਼ੂਆਂ ਨੂੰ ਭੁੱਖ ਬਹੁਤ ਘੱਟ ਲਗਦੀ ਹੈ ਜਾਂ ਬਿਲਕੁਲ ਨਹੀਂ ਲਗਦੀ। ਗਾਵਾਂ ਅਤੇ ਬੱਕਰੀਆਂ ਨੂੰ ਇਹ ਰੋਗ ਅਕਸਰ ਲੱਗ ਜਾਂਦਾ ਹੈ। ਗਾਵਾਂ ਅਤੇ ਬੱਕਰੀਆਂ ਜੁਗਾਲੀ ਕਰਨ ਵਾਲੇ ਡੰਗਰ ਹਨ। ਅਜੇਹੇ ਪਸ਼ੂਆਂ ਦਾ ਮਿਹਦਾ 4 ਹਿੱਸਿਆ : ਰੂਮਨ (Ruman) (ਔਜ਼ਰੀ), ਰੈਟੀਕੁਲਮ (Reticulum) (ਹਨੀਕਾਂਬ), ਉਮੈਜ਼ਮ (Omasum) ਜਾਂ ਤੀਜਾ ਮਿਹਦਾ ਅਤੇ ਐਬਉਮੇਜ਼ਮ (Abomasum) ਜਾਂ ਅਸਲੀ ਮਿਹਦਾ ਵਿੱਚ ਵੰਡਿਆ ਹੁੰਦਾ ਹੈ। ਰੂਮਨ ਵਿੱਚ ਕਰੋੜਾਂ ਦੀ ਗਿਣਤੀ ਵਿੱਚ ਸੂਖਮ ਜੀਵਾਣੂ ਹੁੰਦੇ ਹਨ ਜੋ ਚਾਰੇ ਵਿਚਲੇ ਰੇਸ਼ੇ ਨੂੰ ਹਜ਼ਮ ਹੋਣ ਵਿੱਚ ਮੱਦਦ ਕਰਦੇ ਹਨ ਜਿਵੇਂ ਜੁਗਾਲੀ ਕਰਨ ਵਾਲੇ ਪਸ਼ੂ ਜਾਂ ਗਾਂ ਵਿੱਚ।

ਰੂਮਨ ਅਤੇ ਰੈਟੀਕੁਲਮ ਜੁਗਾਲੀ ਕਰਨ ਦੌਰਾਨ ਇੱਕ ਦੂਸਰੇ ਨਾਲ ਤਾਲਮੇਲ ਰੱਖਦੇ ਹਨ ਜਿਸ ਕਾਰਨ ਮਿਹਦਾ ਫੈਲਦਾ ਅਤੇ ਸੁਕੜਦਾ ਰਹਿੰਦਾ ਹੈ ਅਤੇ ਸਿੱਟੇ ਵਜੋਂ ਡੰਗਰ ਜੁਗਾਲੀ ਕਰਦਾ ਹੈ ਅਤੇ ਡਕਾਰ ਮਾਰ ਕੇ ਗੈਸ ਬਾਹਰ ਕੱਢਦਾ ਰਹਿੰਦਾ ਹੈ।

ਕਿਸੇ ਕਾਰਨ ਰੂਮਨ ਦੇ ਕੰਮ ਬੰਦ ਕਰਨ ਨਾਲ ਵੀ ਬਦਹਜ਼ਮੀ ਹੋ ਸਕਦੀ ਹੈ। ਰੂਮਨ ਦੀ ਹਰਕਤ ਹੌਲੀ ਹੋ ਸਕਦੀ ਹੈ ਪਰੰਤੂ ਬਿਲਕੁਲ ਬੰਦ ਨਹੀਂ ਹੁੰਦੀ। ਬਦਹਜ਼ਮੀ ਦੀ ਅਜਿਹੀ ਸ਼ਕਾਇਤ ਖੁਰਾਕ/ਚਾਰੇ ਦੀ ਮਾਤਰਾ ਵੱਧ-ਘੱਟ ਹੋਣ ਜਾਂ ਇਹਨਾਂ ਦੀ ਕੁਆਲਟੀ ਘਟੀਆ ਹੋਣ ਕਾਰਨ ਹੋ ਸਕਦੀ ਹੈ। ਖੁਰਾਕ ਵਧੇਰੇ ਮਾਤਰਾ ਵਿੱਚ ਖਾਣ ਜਾਂ ਪਾਣੀ ਥੋੜੀ ਮਾਤਰਾ ਵਿੱਚ ਪੀਣ ਅਤੇ ਲੰਮੇ-ਸਮੇਂ ਤੱਕ ਕਿਟਾਣੂ ਨਾਸ਼ਕ ਦੁਆਈ ਖਾਣ ਨਾਲ ਵੀ ਬਦਹਜ਼ਮੀ ਹੋ ਸਕਦੀ ਹੈ। ਰੋਗੀ ਡੰਗਰ ਨੂੰ ਭੁੱਖ ਘੱਟ ਲੱਗਣ ਕਾਰਨ ਪੱਠੇ ਘੱਟ ਖਾਂਦਾ ਹੈ। ਚਾਰਾ ਪੂਰੀ ਤਰ੍ਹਾਂ ਹਜ਼ਮ ਨਾ ਹੋਣ ਕਾਰਨ ਖੱਬੀ ਕੁੱਖ ਵਿੱਚ ਫੈਲਾਅ ਹੋ ਜਾਂਦਾ ਹੈ। ਇਸ ਦੇ ਇਲਾਜ ਲਈ ਖੁਰਾਕ ਵਿੱਚ ਢੁੱਕਵੀਂ ਤਬਦੀਲੀ ਕੀਤੀ ਜਾਂਦੀ ਹੈ। ਪਸ਼ੂ ਨੂੰ ਕੇਵਲ ਘਾਹ ਜਾਂ ਹਰਾ ਚਾਰਾ ਥੋੜੀ-ਥੋੜੀ ਮਾਤਰਾ ਵਿੱਚ ਖਵਾਉਣਾ ਚਾਹੀਦਾ ਹੈ। ਮੂੰਹ ਰਾਹੀਂ 20 ਲਿਟਰ ਕੋਸਾ ਪਾਣੀ ਜਾਂ ਲੂਣਾ ਪਾਣੀ ਪਿਆਉਣ ਨਾਲ ਰੂਮਨ ਸਹੀ ਤਰ੍ਹਾਂ ਕੰਮ ਕਰਨ ਲੱਗ ਜਾਂਦਾ ਹੈ।

**ਜਲਣ ਕਾਰਨ ਜ਼ਖਮ**

ਅੱਗ ਨਾਲ ਝੁਲਸਣ ਜਾਂ ਕਿਸੇ ਗਰਮ ਠੋਸ ਵਸਤੂ ਨਾਲ ਛੋਹਣ ਕਾਰਨ ਪਸ਼ੂ ਜ਼ਖਮੀ ਹੋ ਸਕਦਾ ਹੈ ਜਿਵੇਂ ਕਿ ਤਸਵੀਰ 1.4 ਵਿੱਚ ਦਰਸਾਇਆ ਗਿਆ ਹੈ। ਭਾਫ਼ ਜਾਂ ਗਰਮ ਪਾਣੀ ਨਾਲ ਸੜਨ ਨਾਲ ਵੀ ਅਜਿਹੇ ਜ਼ਖ਼ਮ ਹੋ ਸਕਦੇ ਹਨ। ਜ਼ਖ਼ਮ ਦੀ ਗਹਿਰਾਈ ਇਸ ’ਤੇ ਨਿਰਭਰ ਕਰਦੀ ਹੈ ਕਿ ਵਸਤੂ ਕਿੰਨੀ ਗਰਮ ਸੀ, ਜਾਂ ਕਿੰਨੇ ਸਮੇਂ ਲਈ ਗਰਮ ਵਸਤੂ ਪਸ਼ੂ ਨਾਲ ਲੱਗੀ।

ਚਮੜੀ ਦੇ ਝੁਲਸੇ ਗਏ ਤੰਤੂਆਂ (Tissue) ਦੇ ਦ੍ਰਿਸ਼ਟੀ-ਕੋਣ ਤੋਂ ਅਜਿਹੇ ਜ਼ਖ਼ਮ ਤਿੰਨ ਪ੍ਰਕਾਰ ਦੇ ਹੋ ਸਕਦੇ ਹਨ ਜਿਵੇਂ ਕਿ ਪਹਿਲੇ ਦਰਜੇ ਦੇ ਜ਼ਖਮ, ਦੂਸਰੇ ਦਰਜੇ ਦੇ ਜ਼ਖਮ ਅਤੇ ਤੀਸਰੇ ਦਰਜੇ ਦੇ ਜ਼ਖ਼ਮ।

| **ਪਹਿਲੇ ਦਰਜੇ ਦੇ ਝੁਲਸਣ ਵਾਲੇ ਜ਼ਖਮ** | **ਦੂਸਰੇ ਦਰਜੇ ਦੇ ਝੁਲਸਣ ਵਾਲੇ ਜ਼ਖਮ** | **ਤੀਸਰੇ ਦਰਜੇ ਦੇ ਝੁਲਸਣ ਵਾਲ਼ੇ ਜ਼ਖਮ** |
|---|---|---|
| • ਅਜਿਹੇ ਜ਼ਖ਼ਮ ਸਿਰਫ਼ ਚਮੜੀ ਦੀ ਬਾਹਰਲੀ ਤਹਿ ਤੱਕ ਸੀਮਤ ਹੁੰਦੇ ਹਨ। | • ਅਜਿਹੇ ਜ਼ਖ਼ਮ ਚਮੜੀ ਵਿੱਚ ਕੁਝ ਕੁ ਡੂੰਘਾਈ ਤੱਕ ਹੁੰਦੇ ਹਨ। | • ਸਾਰੀ ਚਮੜੀ ਅਤੇ ਅੰਦਰੂਨੀ ਅੰਗ ਵੀ ਝੁਲਸੇ ਜਾ ਸਕਦੇ ਹਨ। |
| • ਅਜਿਹੇ ਜ਼ਖ਼ਮ ਗੰਭੀਰ ਨਹੀਂ ਹੁੰਦੇ ਅਤੇ ਜਲਦੀ ਠੀਕ ਹੋ ਜਾਂਦੇ ਹਨ। | • ਛਾਲੇ ਬਣ ਜਾਂਦੇ ਹਨ।<br>• ਬੈਕਟੀਰੀਆ ਦੁਆਰਾ ਹੋਰ ਬਿਮਾਰੀਆਂ ਲੱਗਣ ਤੋਂ ਬਚਣ ਲਈ ਖਾਸ ਧਿਆਨ ਦੀ ਲੋੜ ਪੈਂਦੀ ਹੈ। | • ਅਜਿਹੇ ਜ਼ਖਮ ਖਤਰਨਾਕ ਹੁੰਦੇ ਹਨ। ਖਾਸ ਡਾਕਟਰੀ ਸਹਾਇਤਾ ਦੀ ਲੋੜ ਪੈਂਦੀ ਹੈ। |

ਝੁਲਸਣ ਨਾਲ ਦਰਦ ਹੁੰਦਾ ਹੈ, ਪਿਆਸ ਲਗਦੀ ਹੈ, ਖ਼ੂਨ ਦੀ ਘਾਟ ਹੋ ਜਾਂਦੀ ਹੈ ਅਤੇ ਸਰੀਰ ਵਿੱਚ ਜ਼ਰੂਰੀ ਲੂਣਾਂ ਦੀ ਘਾਟ ਹੋ ਜਾਂਦੀ ਹੈ। ਜ਼ਖਮੀ ਪਸ਼ੂ ਦੇ ਬਚਣ ਦੀ ਉਮੀਦ ਇਸ ਗੱਲ ’ਤੇ ਨਿਰਭਰ ਕਰਦੀ ਹੈ ਕਿ ਉਸਦਾ ਕਿਹੜਾ ਅੰਗ ਝੁਲਸਿਆ ਗਿਆ ਹੈ ਨਾ ਕਿ ਜ਼ਖਮ ਦੇ ਦਰਜੇ ’ਤੇ। ਕਿਰਮਨਾਸ਼ਕ (Antiseptic) ਦੁਆਈ ਜਿਵੇਂ ਕਿ ਬੀਟਾਡੀਨ ਲਗਾ ਕੇ ਜ਼ਖਮ ’ਤੇ ਪੱਟੀ ਬੰਨ ਕੇ ਇਲਾਜ ਕੀਤਾ ਜਾ ਸਕਦਾ ਹੈ।

ਕਿਟਾਣੂਆਂ ਦੁਆਰਾ ਦੂਸ਼ਤ ਹੋਣ ਤੋਂ ਬਚਾਉਣ ਲਈ ਜ਼ਖਮ ਉੱਪਰ ਕਿਟਾਣੂ ਰਹਿਤ ਸਾਫ਼ ਸੁਥਰੀ ਪੱਟੀ ਬੰਨਣੀ ਚਾਹੀਦੀ ਹੈ। ਡੰਗਰ ਨੂੰ ਪੂਰਾ ਪਾਣੀ ਪਿਲਾਉਣਾ ਅਤੇ ਗੁੜ ਖਿਲਾਉਣਾ ਚਾਹੀਦਾ ਹੈ।



**ਤਸਵੀਰ 1.4: ਝੁਲਸਣ ਨਾਲ ਜ਼ਖਮੀ ਇੱਕ ਮੱਝ**

**ਜੇਰ ਨਾ ਪੈਣੀ (Retention of Placenta)**

ਜੇਰ ਇੱਕ ਅਜਿਹੀ ਝਿੱਲੀ ਹੈ ਜਿਸ ਰਾਹੀਂ ਸੂਣ ਤੋਂ ਪਹਿਲਾਂ ਗਾਂ ਤੋਂ ਵੱਛੜੂ ਨੂੰ ਖੁਰਾਕ ਪਹੁੰਚਦੀ ਰਹਿੰਦੀ ਹੈ। ਝਿੱਲੀ ਤੋਂ ਇਲਾਵਾ ਜੇਰ ਵਿੱਚ ਖੂਨ ਦੀਆਂ ਨਾੜੀਆਂ ਵੀ ਹੁੰਦੀਆਂ ਹਨ, ਜਿਨ੍ਹਾਂ ਰਾਹੀਂ ਗਊ ਦਾ ਖੂਨ ਬੱਚੇ ਵਿੱਚ ਦੌਰਾ ਕਰਦਾ ਰਹਿੰਦਾ ਹੈ। ਬੱਚੇਦਾਨੀ ਵਿੱਚ ਪਲ ਰਹੇ ਬੱਚੇ ਦੇ ਨਾਲ ਨਾਲ ਜੇਰ ਦਾ ਵਿਕਾਸ ਹੁੰਦਾ ਹੈ। ਬੱਚੇਦਾਨੀ ਦੀਆਂ ਅੰਦਰੂਨੀ ਤਹਿਆਂ ਅਤੇ ਵਛੜੂ ਉਪਰ ਲਪੇਟੀਆਂ ਝਿੱਲੀਆਂ ਦਰਮਿਆਨ ਖੂਨ ਦੀਆਂ ਨਾੜਾਂ ਰਾਹੀਂ ਸੰਪਰਕ ਹੁੰਦਾ ਹੈ। ਇਨ੍ਹਾਂ ਨਾੜਾਂ ਰਾਹੀਂ ਬੱਚੇ ਲਈ ਲੋੜੀਂਦੀ ਖੁਰਾਕ ਮਾਤਾ ਤੋਂ ਮਿਲਦੀ ਰਹਿੰਦੀ ਹੈ। ਲੋੜੀਦੀ ਖੁਰਾਕ ਵਿੱਚ ਆਕਸੀਜਨ ਤੋਂ ਇਲਾਵਾ ਜ਼ਰੂਰੀ ਖੁਰਾਕੀ ਤੱਤ ਅਤੇ ਜੀਵਨ ਲਈ ਲੋੜੀਂਦੇ ਹੋਰ ਪਦਾਰਥ ਸ਼ਾਮਲ ਹਨ।

ਸੂਣ ਤੋਂ ਕੁਝ ਸਮੇਂ ਬਾਦ ਜ਼ੇਰ ਦੀਆਂ ਝਿੱਲੀਆਂ ਵੱਖ ਹੋ ਕੇ ਆਪਣੇ ਆਪ ਬਾਹਰ ਆ ਜਾਂਦੀਆਂ ਹਨ। ਆਮ ਤੌਰ ’ਤੇ ਸੂਣ ਤੋਂ 12 ਘੰਟਿਆਂ ਦੇ ਅੰਦਰ ਅੰਦਰ ਜੇਰ ਪੈ ਜਾਂਦੀ ਹੈ। ਜੇਕਰ 24 ਘੰਟਿਆਂ ਤੱਕ ਜੇਰ ਨਹੀਂ ਪੈਂਦੀ ਤਾਂ ਇਸਨੂੰ ‘ਜੇਰ ਨਾ ਪੈਣੀ’ ਕਿਹਾ ਜਾਂਦਾ ਹੈ ਜੋਕਿ ਇਕ ਵਿਘਣ ਸਮਝਿਆ ਜਾਂਦਾ ਹੈ। ਲੰਮੇ ਸਮੇਂ ਤੱਕ ਜੇਰ ਨਾ ਪੈਣ ਕਾਰਨ ਬਦਬੋ ਆਉਣ ਲੱਗ ਜਾਂਦੀ ਹੈ। ਅਜਿਹੀ ਹਾਲਤ ਵਿੱਚ ਡੰਗਰ ਨੂੰ ਇਕ ਡਾਕਟਰ ਨੂੰ ਦਿਖਾਉਣਾ ਜ਼ਰੂਰੀ ਹੈ।

**ਗੜ੍ਹ**

ਪਸ਼ੂ ਦੇ ਸਰੀਰ ਉੱਪਰ ਕਿਸੇ ਥਾਂ ਇਕ ਫੋੜਾ ਹੋ ਜਾਂਦਾ ਹੈ। ਫੋੜੇ ਵਾਲੀ ਜਗ੍ਹਾ ਦੇ ਆਸ ਪਾਸ ਸੋਜਸ਼ ਹੋ ਜਾਂਦੀ ਹੈ ਅਤੇ ਚਮੜੀ ਦਾ ਰੰਗ ਗੁਲਾਬੀ ਜਾਂ ਲਾਲ ਹੋ ਜਾਂਦਾ ਹੈ। ਇਸ ਫੋੜੇ ਵਿੱਚ ਪੀਕ ਬਣ ਸਕਦੀ ਹੈ।

**ਫੋੜਾ/ਗੜ੍ਹ ਨਿਕਲਣ ਦੇ ਕਾਰਨ**

ਗੜ੍ਹ ਜਾਂ ਫੋੜਾ ਬਨਣ ਦੇ ਕਈ ਕਾਰਨ ਹੋ ਸਕਦੇ ਹਨ ਜਿਵੇਂ ਕਿ

i) ਪਸ਼ੂ ਨੂੰ ਕਾਬੂ ਕਰਨ ਦੌਰਾਨ ਸੱਟ ਲੱਗਣ ਜਾਂ ਝਰੀਟ ਪੈਣ ਕਾਰਨ ਨਾਜ਼ੁਕ ਤੰਤੂਆਂ ਦਾ ਨੁਕਸਾਨ ਹੋਣ ਕਾਰਨ ਜਾਂ ਦੁਆਈਆਂ ਜਾਂ ਵੈਕਸੀਨ ਦੇ ਕਾਰਨ ਗੜ੍ਹ ਨਿਕਲ ਸਕਦੇ ਹਨ।

ii) ਦੂਸ਼ਤ ਸੂਈ ਜਾਂ ਟੀਕੇ ਦੇ ਕਾਰਨ ਪਸ਼ੂ ਵਿੱਚ ਜਰਮ ਫੈਲ ਜਾਣ ਕਾਰਨ।

iii) ਤੇਲ ਵਾਲੀ ਗ੍ਰੰਥੀ ਜਾਂ ਵਾਲ ਉਤਪੰਨ ਕਰਨ ਵਾਲੇ ਤੰਤੂ ਵਿੱਚ ਰੁਕਾਵਟ ਆਉਣ ਕਾਰਨ।

iv) ਤਿੱਖੀ ਕਿੱਲ, ਸੂਈ ਜਾਂ ਕੰਡਾ ਖੁਭਣ ਕਾਰਨ

ਚਮੜੀ ਉਪਰ ਗੜ੍ਹ ਜਾਂ ਫੋੜਾ ਬਣ ਜਾਂਦਾ ਹੈ। 4-8 ਦਿਨਾਂ ਅੰਦਰ ਇਸ ਗੜ੍ਹ ਦੇ ਉਪਰਲੀ ਜਗ੍ਹਾ ਪੋਲੀ ਹੋ ਜਾਂਦੀ ਹੈ। ਇਸ ਸਥਿਤੀ ਵਿੱਚ ਗੜ੍ਹ ਵਿੱਚ ਪੀਕ ਬਣ ਚੁੱਕੀ ਹੁੰਦੀ ਹੈ ਜਿਸਨੂੰ ਇਕ ਡਾਕਟਰ ਦੀ ਸਹਾਇਤਾ ਨਾਲ਼ ਬਾਹਰ ਕੱਢਿਆ ਜਾ ਸਕਦਾ ਹੈ।

**ਸਿੰਗ ਟੁੱਟਣਾ**

ਪਸ਼ੂ ਦੁਆਰਾ ਕਿਸੇ ਸਖਤ ਵਸਤੂ ਨਾਲ ਟਕਰਾਉਣ ਜਾਂ ਆਪਸ ਵਿੱਚ ਭਿੜਨ ਨਾਲ ਅਕਸਰ ਸਿੰਗ ਟੁੱਟ ਜਾਂਦੇ ਹਨ। ਸਿੰਗ ਪੂਰੀ ਤਰ੍ਹਾਂ ਜਾਂ ਅੱਧ ਵਿਚਕਾਰੋਂ ਟੁਟ ਸਕਦਾ ਹੈ। ਸਿੰਗ ਮੁੱਢ ਤੋਂ ਜਾਂ ਅੱਧ ਵਿਚਕਾਰ ਜਾਂ ਸਿਰੇ ਤੋਂ ਟੁੱਟ ਸਕਦਾ ਹੈ। ਸਿੰਗ ਦੇ ਅੰਦਰੂਨੀ ਹਿੱਸੇ ਵਿੱਚ ਖੂਨ ਦੀਆਂ ਨਾੜੀਆਂ ਅਤੇ ਦਿਮਾਗੀ ਨਸਾਂ ਹੁੰਦੀਆਂ ਹਨ। ਇਸ ਲਈ ਸਿੰਗ ਟੁੱਟਣ ਕਾਰਨ ਖੂਨ ਤੇਜ਼ੀ ਨਾਲ ਨਿਕਲਣਾ ਸ਼ੁਰੂ ਹੋ ਜਾਂਦਾ ਹੈ ਅਤੇ ਡੰਗਰ ਲਈ ਕਾਫ਼ੀ ਤਕਲੀਫ਼ ਦੇਣ ਵਾਲਾ ਹੁੰਦਾ ਹੈ। ਇਸ ਲਈ ਦਰਦ ਤੋਂ ਛੁਟਕਾਰਾ ਪਾਉਣ ਅਤੇ ਖੂਨ ਬੰਦ ਕਰਨ ਲਈ ਡੰਗਰ ਦਾ ਜਲਦੀ ਇਲਾਜ ਕਰਨਾ ਜ਼ਰੂਰੀ ਹੈ।

## ਮੁਲਾਂਕਣ

**(ੳ) ਬਹੁ-ਉਤਰੀ ਪ੍ਰਸ਼ਨ**

1. **ਡੰਗਰ ਦੁਆਰਾ ਵਾਰੀ ਵਾਰੀ ਪਾਣੀ ਵਰਗਾ ਪਤਲਾ ਗੋਹਾ ਕਰਨ ਨੂੰ ਕਿਹਾ ਜਾਂਦਾ ਹੈ................**

   (ੳ) ਬਦਹਜ਼ਮੀ
   (ਅ) ਬਨ ਪੈਣਾ
   (ੲ) ਭੁੱਖ ਨਾ ਲੱਗਣੀ
   (ਸ) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

2. ਕਿਹੜੀ ਵਸਤੂ ਬਹੁਤੀ ਮਾਤਰਾ ਵਿੱਚ ਖਾਣ ਕਾਰਨ ਪਸ਼ੂ ਨੂੰ ਬਨ ਪੈ ਜਾਂਦਾ ਹੈ?

   (ੳ) ਖਮੀਰ ਹੋਣ ਯੋਗ ਕਾਰਬੋਹਾਈਡਰੇਟ ਭਰਪੂਰ ਖੁਰਾਕ

(ਅ) ਵਿਆਹ ਸ਼ਾਦੀਆਂ ਤੇ ਹੋਰ ਸਮਾਗਮਾਂ ਤੋਂ ਬਚੇ-ਖੁਚੇ ਸਮਾਨ

(ੲ) i ਅਤੇ ii ਦੋਵੇਂ

(ਸ) ਇਨ੍ਹਾਂ ਵਿਚੋਂ ਕੋਈ ਵੀ ਨਹੀਂ

3. ਬਿਮਾਰੀ ਫੈਲਣ ਦੇ ਪ੍ਰਮੁੱਖ ਕਾਰਨ/ਰਸਤੇ ਕਿਹੜੇ ਹਨ ?

(ੳ) ਪ੍ਰਦੂਸ਼ਣ

(ਅ) ਸਪਰਸ਼ ਰਾਹੀਂ

(ੲ) ਮੂੰਹ ਦੁਆਰਾ

(ਸ) ਇਹ ਸਾਰੇ

4. ਬਿਮਾਰੀ ਫੈਲਣ ਦੀ ਰੋਕਥਾਮ ਲਈ ਜ਼ਰੂਰੀ ਹੈ :

(ੳ) ਵਧੇਰੇ ਗਿਣਤੀ ਵਿੱਚ ਪਸ਼ੂਆਂ ਨੂੰ ਇੱਕ ਥਾਂ 'ਤੇ ਰੱਖਣ ਤੋਂ ਗੁਰੇਜ਼ ਕੀਤਾ ਜਾਵੇ।

(ਅ) ਬਿਮਾਰ ਪਸ਼ੂ ਨੂੰ ਵੱਖਰਾ ਰੱਖਿਆ ਜਾਵੇ।

(ੲ) ਡੇਅਰੀ ਫਾਰਮ ਨੂੰ ਸਾਫ਼ ਸੁਥਰਾ ਅਤੇ ਜਰਮ ਰਹਿਤ ਕੀਤਾ ਜਾਵੇ।

(ਸ) ਉੱਪਰ ਦੱਸੇ ਸਾਰੇ ਯਤਨ ਕੀਤੇ ਜਾਣ।

5. ਗੈਸ ਭਰਨ ਨਾਲ ਖੱਬੀ ਵੱਖੀ ਦੇ ਫੁੱਲਣ ਨੂੰ ਕਿਹਾ ਜਾਂਦਾ ਹੈ :

(ੳ) ਅਫ਼ਾਰਾ

(ਅ) ਬੰਨ ਪੈਣਾ

(ੲ) ਬਦਹਜ਼ਮੀ

(ਸ) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

**(ਅ) ਖਾਲੀ ਥਾਂਵਾਂ ਭਰੋ**

1. ............. ਵਿੱਚ ਸਰੀਰਕ ਤਾਪਮਾਨ 104° ਫਾਰਨਹੀਟ ਤੋਂ ਉੱਪਰ ਚਲਾ ਜਾਂਦਾ ਹੈ।
2. ਮੋਕ ਲੱਗਣ ਕਾਰਨ ਪਸ਼ੂ ਦੇ ਸਰੀਰ ਵਿੱਚ ............. ਦੀ ਕਮੀ ਹੋ ਜਾਂਦੀ ਹੈ।
3. ਇੱਕ ਆਮ ਨਿਯਮ ਇਹ ਹੈ ਕਿ ............. ਪਸ਼ੂ ਲੰਘਾਉਣ ਬਾਅਦ ਫੁਟ ਬਾਥ ਬਦਲ ਦਿੱਤਾ ਜਾਂਦਾ ਹੈ।
4. ਕਿਰਮ-ਨਾਸ਼ਕ ਵਜੋਂ ਸਭ ਤੋਂ ਵੱਧ ਵਰਤਿਆ ਜਾਣਾ ਵਾਲਾ ............. ਦਾ ਘੋਲ ਹੈ।
5. ਬਿਮਾਰੀ ਫੈਲਣ ਤੋਂ ਰੋਕਣ ਲਈ ............. ਪਸ਼ੂ ਨੂੰ ਵੱਖਰਾ ਰੱਖਣਾ ਜ਼ਰੂਰੀ ਹੈ।

**(ੲ) ਸਹੀ/ਗਲਤ ਦੀ ਚੋਣ ਕਰੋ**


1. ਮਿਹਦੇ ਵਿੱਚ ਮਾਮੂਲੀ ਗੜਬੜ ਹੋਣ ਕਾਰਨ ਬਦਹਜ਼ਮੀ ਹੁੰਦੀ ਹੈ।
2. ਮਲ ਦੁਆਰ ਰਾਹੀਂ, ਸਾਬਣ ਦੇ ਘੋਲ ਵਾਲਾ ਜਾਂ ਦੁਆਈ ਦਾਖਲ ਕਰਨ ਨੂੰ ਐਨੀਮਾ ਕਿਹਾ ਜਾਂਦਾ ਹੈ।
3. ਮੱਖੀਆਂ, ਚਿਚੜ ਅਤੇ ਮੱਛਰ ਦੁਆਰਾ ਕਈ ਬਿਮਾਰੀਆਂ ਫੈਲਾਈਆਂ ਜਾਂਦੀਆਂ ਹਨ।
4. ਪਸ਼ੂ ਦੁਆਰਾ ਅਸਾਨੀ ਨਾਲ ਗੋਹਾ ਕਰਨ ਨੂੰ ਕਬਜ਼ ਕਿਹਾ ਜਾਂਦਾ ਹੈ।
5. ਪਸ਼ੂਆਂ ਦੀ ਢੋਆ-ਢੁਆਈ ਕਰਨ ਵਾਲੇ ਟਰੱਕਾਂ ਨੂੰ ਜਰਮ-ਰਹਿਤ ਜਾਂ ਰੋਗਾਣੂ ਮੁਕਤ ਨਹੀਂ ਕਰਨਾ ਚਾਹੀਦਾ।

**ਉੱਤਰ :**

| ਪ੍ਰਸ਼ਨ (ੳ) | ਪ੍ਰਸ਼ਨ (ਅ) | ਪ੍ਰਸ਼ਨ (ੲ) |
|---|---|---|
| 1. i | 1. ਬੁਖ਼ਾਰ | 1. ਸਹੀ |
| 2. iii | 2. ਪਾਣੀ | 2. ਸਹੀ |
| 3. iv | 3. 150–300 | 3. ਸਹੀ |
| 4. iv | 4. ਪੋਟਾਸ਼ੀਅਮ ਪ੍ਰਮੈਗਨੇਟ | 4. ਗਲਤ |
| 5. i | 5. ਬਿਮਾਰ | 5. ਗਲਤ |

# ਸੈਸ਼ਨ 2 : ਪਸ਼ੂਆਂ ਦੇ ਪ੍ਰਜੀਵੀ ਰੋਗ

ਪ੍ਰਜੀਵੀ ਕੀੜੇ ਅਜਿਹੇ ਜੀਵ ਹਨ ਜੋ ਕਿਸੇ ਹੋਰ ਵੱਖਰੀ ਜਾਤੀ ਜਾਂ ਨਸਲ ਦੇ ਪ੍ਰਾਣੀ (ਜੋ ਮੇਜ਼ਬਾਨ (Host) ਕਹਿਲਾਉਂਦਾ ਹੈ) ਵਿੱਚ ਰਹਿੰਦੇ ਹਨ ਅਤੇ ਇਸਦੇ ਸਰੀਰ ਵਿੱਚੋਂ ਖੁਰਾਕ ਲੈਂਦੇ ਹਨ। ਪ੍ਰਜੀਵੀ ਕੀੜੇ ਦੋ ਪ੍ਰਕਾਰ ਦੇ ਹੁੰਦੇ ਹਨ: ਬਾਹਰਲੇ ਪ੍ਰਜੀਵੀ (Ectoparasite) ਅਤੇ ਅੰਦਰੂਨੀ/ਅੰਤਰੀਵ ਪ੍ਰਜੀਵੀ (Endoparasite)




ਪ੍ਰਜੀਵੀ ਕੀੜੇ ਪਸ਼ੂਆਂ ਵਿੱਚ ਕਈ ਬਿਮਾਰੀਆਂ ਫੈਲਾਉਂਦੇ ਹਨ ਅਤੇ ਕਾਫੀ ਨੁਕਸਾਨ ਕਰਦੇ ਹਨ। ਇਨ੍ਹਾਂ ਬਿਮਾਰੀਆਂ ਕਾਰਨ ਪਸ਼ੂ ਦਾ ਵਜ਼ਨ ਘੱਟ ਜਾਂਦਾ ਹੈ, ਦੁੱਧ ਸੁੱਕ ਜਾਂਦਾ ਹੈ। ਹੇਹੇ ਸੰਬੰਧੀ ਔਕੜ, ਚਮੜੀ ਦਾ ਖੁਸ਼ਕ ਹੋ ਜਾਣਾ, ਖੂਨ ਦੀ ਕਮੀ ਅਤੇ ਮੋਕ ਲੱਗ ਜਾਣੀ ਆਦਿ ਬਿਮਾਰੀ ਦੇ ਲੱਛਣ ਬਿਮਾਰ ਪਸ਼ੂ ਵਿੱਚ ਦੇਖੇ ਜਾ ਸਕਦੇ ਹਨ। ਇਸ ਤੋਂ ਇਲਾਵਾ ਬਿਮਾਰ ਡੰਗਰ ਦੇ ਇਲਾਜ 'ਤੇ ਵੀ ਕਾਫ਼ੀ ਖਰਚਾ ਹੁੰਦਾ ਹੈ। ਨੌਂਜੁਆਨ ਡੰਗਰ ਨੂੰ ਵੱਡੇ ਪਸ਼ੂਆਂ ਨਾਲੋਂ ਇਹ ਬਿਮਾਰੀਆਂ ਵਧੇਰੇ ਲਗਦੀਆਂ ਹਨ। ਜੇਕਰ ਡੰਗਰਾਂ ਦੇ ਰੱਖਣ ਵਾਲੀ ਜਗ੍ਹਾ ਗੰਦੀ ਹੈ ਜਾਂ ਸਿਲ੍ਹੀ ਹੈ ਤਾਂ ਇਹ ਬਿਮਾਰੀਆਂ ਵਧੇਰੇ ਹਮਲਾ ਕਰਦੀਆਂ ਹਨ।

**(ੳ) ਅੰਤਰੀਵ ਪ੍ਰਜੀਵੀ ਕੀੜੇ**

ਇਹ ਕੀੜੇ ਡੰਗਰ ਦੇ ਸਰੀਰ ਅੰਦਰ ਪਲਦੇ ਹਨ ਅਤੇ ਡੰਗਰ ਦੇ ਸਰੀਰ ਤੋਂ ਹੀ ਖੁਰਾਕ/ਰਸ ਲੈ ਕੇ ਡੰਗਰ ਦਾ ਨੁਕਸਾਨ ਕਰਦੇ ਹਨ। ਪਾਲਤੂ ਡੰਗਰਾਂ ਵਿੱਚ ਅਜਿਹੇ ਕੀੜਿਆਂ ਦਾ ਵਧੇਰੇ ਹਮਲਾ ਹੋਣ ਕਾਰਨ ਵੱਧ ਨੁਕਸਾਨ ਹੁੰਦਾ ਹੈ। ਇਹ ਕਈ ਪ੍ਰਕਾਰ ਦੇ ਬਿਮਾਰੀਆਂ ਦੇ ਲੱਛਣ ਅਤੇ ਗੁੱਝੀਆਂ ਨਿਸ਼ਾਨੀਆਂ ਰੋਗੀ ਡੰਗਰ ਵਿੱਚ ਪੈਦਾ ਕਰਦੇ ਹਨ ਜਿਵੇਂ ਕਿ ਦੁੱਧ ਦੀ ਪੈਦਾਵਾਰ ਘੱਟ ਜਾਣਾ, ਸਰੀਰਕ ਵਜ਼ਨ ਦਾ ਘਟਣਾ ਅਤੇ ਸੰਤਾਨ ਉਤਪਤੀ ਵਿੱਚ ਗੜਬੜ ਹੋਣਾ। ਬਿਮਾਰੀਆਂ ਦੇ ਲੱਛਣ ਇਸ ਪ੍ਰਕਾਰ ਹਨ: ਚਮੜੀ ਖੁਰਦਰੀ ਹੋ ਜਾਂਦੀ ਹੈ, ਅਨੀਮੀਆ ਭਾਵ ਖੂਨ ਦੀ ਕਮੀ ਹੋਣਾ ਅਤੇ ਮੋਕ ਲੱਗਣਾ ਆਦਿ। ਡੰਗਰਾਂ ਦੀ ਸਿਹਤ 'ਤੇ ਮਾਰੂ ਪ੍ਰਭਾਵ ਪਾਉਣ ਤੋਂ ਇਲਾਵਾ ਬਿਮਾਰ ਪਸ਼ੂ ਦਾ ਇਲਾਜ ਕਰਾਉਣ 'ਤੇ ਵੀ ਕਾਫ਼ੀ ਖਰਚ ਕਰਨਾ ਪੈਂਦਾ ਹੈ। ਡੰਗਰਾਂ ਦੇ ਪ੍ਰਮੁੱਖ ਅੰਤਰੀਵ ਪ੍ਰਜੀਵੀ ਕੀੜੇ ਇਹ ਹਨ: ਗੋਲ-ਅਕਾਰ ਕੀੜੇ, ਫੀਤੇਦਾਰ ਕੀੜੇ, ਜਿਗਰ ਦੇ ਕੀੜੇ ਅਤੇ ਪ੍ਰੋਟੋਜ਼ੋਆ ਆਦਿ। ਇਸ ਲਈ ਪਾਲਤੂ ਜਾਨਵਰਾਂ ਨੂੰ ਅਜਿਹੇ ਹਾਨੀਕਾਰਕ ਪ੍ਰਜੀਵੀ ਰੋਗਾਂ ਤੋਂ ਬਚਾਉਣ ਲਈ ਇਨ੍ਹਾਂ ਪ੍ਰਜੀਵੀ ਕੀੜਿਆਂ ਦੇ ਜੀਵਨ-ਚੱਕਰ ਬਾਰੇ ਗਿਆਨ ਬਹੁਤ ਜ਼ਰੂਰੀ ਹੈ।

**ਪ੍ਰਜੀਵੀ ਪਸ਼ੂਆਂ ਦੇ ਸਰੀਰ ਵਿੱਚ ਪ੍ਰਵੇਸ਼ ਕਿਵੇਂ ਕਰਦੇ ਹਨ ?**

ਰੋਗੀ ਪਸ਼ੂ ਦੇ ਗੋਹੇ ਰਾਹੀਂ ਅਜਿਹੇ ਕੀੜੇ ਖੇਤਾਂ ਅਤੇ ਚਰਾਂਦਾਂ ਦੀ ਮਿੱਟੀ ਅਤੇ ਪੌਦਿਆਂ ਉੱਪਰ ਪਲਦੇ ਰਹਿੰਦੇ ਹਨ। ਜਦ ਡੰਗਰ ਘਾਹ ਫੂਸ ਚਰਦਾ ਹੈ ਤਾਂ ਇਹ ਕੀੜੇ ਤੰਦਰੁਸਤ ਡੰਗਰ ਦੇ ਅੰਦਰ ਪ੍ਰਵੇਸ਼ ਕਰ ਜਾਂਦੇ ਹਨ। ਘਾਹ ਫੂਸ ਚਰਨ ਵਾਲੇ ਡੰਗਰਾਂ ਵਿੱਚ ਇਨ੍ਹਾਂ ਕੀੜਿਆਂ ਦੇ ਪ੍ਰਵੇਸ਼ ਕਰਨ ਦਾ ਵਧੇਰੇ ਖਤਰਾ ਰਹਿੰਦਾ ਹੈ। ਅਜਿਹੇ ਪ੍ਰਜੀਵੀ ਕੀੜੇ ਪਸ਼ੂਆਂ ਦੇ ਸਰੀਰ ਅੰਦਰ ਹੀ ਪਸ਼ੂ ਦਾ ਖੂਨ ਚੂਸ ਕੇ ਜਾਂ ਖੁਰਾਕ ਲੈ ਕੇ ਪਸ਼ੂ ਅੰਦਰ ਹੀ ਵੱਧਦੇ ਫੁਲਦੇ ਰਹਿੰਦੇ ਹਨ।

**ਮਲੱਪ ਰਹਿਤ ਕਰਨਾ (Deworming)**

ਡੰਗਰਾਂ, ਚਰਾਂਦਾਂ ਅਤੇ ਆਲੇਦੁਆਲੇ ਨੂੰ ਪੂਰੀ ਤਰ੍ਹਾਂ ਮਲੱਪ ਰਹਿਤ ਕਰਨਾ ਬਹੁਤ ਮੁਸ਼ਕਲ ਹੈ। ਇਸ ਲਈ ਮਲੱਪ ਰਹਿਤ ਕਰਨ ਦਾ ਟੀਚਾ ਇਹ ਹੈ ਕਿ ਇਨ੍ਹਾਂ ਕੀੜਿਆਂ ਦੀ ਸੰਖਿਆ ਪਸ਼ੂ ਅੰਦਰ ਕਾਬੂ ਹੇਠ ਰਹੇ ਅਤੇ ਬਿਮਾਰੀ ਲੱਗਣ ਤੋਂ ਡੰਗਰ ਦਾ ਬਚਾਅ ਹੋ ਸਕੇ। ਇਸ ਲਈ ਪਸ਼ੂ ਪਾਲਕਾਂ ਨੂੰ ਅਜਿਹੇ ਕੀੜਿਆਂ ਦੇ ਹਮਲੇ ਕਾਰਨ ਹੋਣ ਵਾਲੇ ਨੁਕਸਾਨ ਤੋਂ ਬਚਾਉਣ ਲਈ ਪਸ਼ੂਆਂ ਨੂੰ ਮਲੱਪ ਰਹਿਤ ਕਰਨਾ ਬਹੁਤ ਜ਼ਰੂਰੀ ਹੈ।

ਡੰਗਰ ਵਿੱਚ ਮਲੱਪਾਂ ਨੂੰ ਖਤਮ ਕਰਨਾ ਜਾਂ ਕਾਬੂ ਹੇਠ ਰੱਖਣਾ ਡੇਅਰੀ ਫਾਰਮ ਦੀ ਇਕ ਮਹੱਤਵਪੂਰਨ ਗਤੀਵਿਧੀ ਹੈ। ਇਸ ਲਈ ਡੰਗਰਾਂ ਨੂੰ ਢੁੱਕਵੀਂ ਦੁਆਈ ਦੇ ਕੇ ਅਜਿਹੇ ਕੀੜਿਆਂ ਤੋਂ ਛੁਟਕਾਰਾ ਪਾਉਣ ਦੀ ਮੁਹਿੰਮ ਨੂੰ ਮਲੱਪ ਰਹਿਤ ਕਰਨਾ ਜਾਂ ਡੀਵਰਮਿੰਗ ਕਿਹਾ ਜਾਂਦਾ ਹੈ। ਇਹ ਦੁਆਈਆਂ ਮੂੰਹ ਰਾਹੀਂ ਜਾਂ ਟੀਕੇ ਰਾਹੀਂ ਪਸ਼ੂ ਨੂੰ ਦਿੱਤੀਆਂ ਜਾ ਸਕਦੀਆਂ ਹਨ।

**ਮਲੱਪ ਰਹਿਤ ਕਰਨ ਲਈ ਦਵਾਈ ਦੀ ਚੋਣ**

ਇਹ ਦੇਖਿਆ ਗਿਆ ਹੈ ਕਿ ਇਕ ਹੀ ਦੁਆਈ ਦਾ ਵਾਰ ਵਾਰ ਇਸਤੇਮਾਲ ਕਰਨ ਨਾਲ ਪ੍ਰਜੀਵੀ ਕੀੜੇ ਸਹਿਣਸ਼ੀਲ ਹੋ ਜਾਂਦੇ ਹਨ। ਇਸ ਸਮੱਸਿਆ ਦੇ ਹੱਲ ਲਈ ਢੁੱਕਵੀਂ ਅਤੇ ਸਹੀ ਦੁਆਈ ਦੀ ਚੋਣ ਬਹੁਤ ਜ਼ਰੂਰੀ ਹੈ। ਇਸ ਲਈ ਇੱਕੋ ਦਵਾਈ ਦੀ ਵਾਰ-ਵਾਰ ਵਰਤੋਂ ਨਾ ਕਰਨ ਅਤੇ ਬਦਲ-ਬਦਲ ਕੇ ਦਵਾਈ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਬਜ਼ਾਰ ਵਿੱਚ ਮਲੱਪ ਰਹਿਤ ਕਰਨ ਵਾਲੀਆਂ ਕਈ ਦਵਾਈਆਂ ਉਪਲੱਬਧ ਹਨ ਪ੍ਰੰਤੂ ਡੰਗਰ ਦੀ ਉਮਰ, ਸਰੀਰਕ ਵਜ਼ਨ ਅਤੇ ਵੱਖ-ਵੱਖ ਕੀੜਿਆਂ ’ਤੇ ਦਵਾਈਆਂ ਦੇ ਮਾਰੂ ਅਸਰ ਦੇ ਅਧਾਰ ’ਤੇ ਸਹੀ ਦਵਾਈ ਦੀ ਚੋਣ ਨਿਰਭਰ ਕਰਦੀ ਹੈ।

ਪ੍ਰਜੀਵੀ ਕੀੜਿਆਂ ਦਾ ਹਮਲਾ ਪਸ਼ੂ ਦੀ ਉਮਰ ਅਤੇ ਉਸਦੇ ਸਰੀਰਕ ਵਜ਼ਨ ’ਤੇ ਨਿਰਭਰ ਕਰਦਾ ਹੈ। ਨੌਜੁਆਨ ਡੰਗਰਾਂ ’ਤੇ ਅੰਤਰੀਵ ਪ੍ਰਜੀਵੀ ਕੀੜਿਆਂ ਦਾ ਹਮਲਾ ਵੱਡੇ ਡੰਗਰਾਂ ਨਾਲੋਂ ਵਧੇਰੇ ਹੁੰਦਾ ਹੈ। ਵਡੇਰੀ ਉਮਰ ਦੇ ਡੰਗਰਾਂ ਵਿੱਚ ਇਨ੍ਹਾਂ ਕੀੜਿਆਂ ਦਾ ਹਮਲਾ ਭਾਵੇਂ ਘੱਟ ਹੁੰਦਾ ਹੈ ਪਰੰਤੂ ਗੰਦੀ ਰਹਾਇਸ਼ ਵਿੱਚ ਪਾਲੇ ਗਏ ਡੰਗਰ ਇਨ੍ਹਾਂ ਕੀੜਿਆਂ ਪ੍ਰਤੀ ਬਹੁਤ ਸੰਵੇਦਨਸ਼ੀਲ ਹੁੰਦੇ ਹਨ।

ਮਲੱਪ ਰਹਿਤ ਕਰਨ ਵਾਲੀ ਢੁੱਕਵੀਂ ਦਵਾਈ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਈਆਂ ਹੁੰਦੀਆਂ ਹਨ:

(ੳ) ਦਵਾਈ ਦਾ ਵੱਡੇ ਕੀਟ ਅਤੇ ਇਸਦੇ ਲਾਰਵੇ ਭਾਵ ਦੋਨਾਂ ਅਵਸਥਾਵਾਂ ਤੇ ਮਾਰੂ ਅਸਰ ਹੋਣਾ ਚਾਹੀਦਾ ਹੈ। ਅਜਿਹੀ ਦਵਾਈ ਨੂੰ ਬਰਾਡ ਸਪੈਕਟਰਮ ਕਿਹਾ ਜਾਂਦਾ ਹੈ।

(ਅ) ਅਜਿਹੀ ਦੁਆਈ ਦਾ ਡੰਗਰ ’ਤੇ ਕੋਈ ਅਣਸੁਖਾਵਾਂ ਪ੍ਰਭਾਵ ਨਹੀਂ ਪੈਣਾ ਚਾਹੀਦਾ। ਕੁਝ ਦੁਆਈਆਂ ਨਾਲ ਉਲਟੀ ਲੱਗ ਜਾਂਦੀ ਹੈ ਜਾਂ ਟੀਕਾ ਲਾਉਣ ਵਾਲੀ ਜਗ੍ਹਾ ਦਰਦ ਹੋਣ ਲੱਗ ਜਾਂਦਾ ਹੈ ਜਾਂ ਚਮੜੀ ’ਤੇ ਖਾਰਸ਼ ਹੋਣ ਲੱਗ ਪੈਂਦੀ ਹੈ।

(ਏ) ਦਵਾਈ ਅਜਿਹੀ ਹੋਵੇ ਜੋ ਪਸ਼ੂ ਨੂੰ ਅਸਾਨੀ ਨਾਲ ਦਿੱਤੀ ਜਾ ਸਕੇ ਅਤੇ ਸਸਤੀ ਵੀ ਹੋਵੇ। ਦਵਾਈ ਸਥਿਰ ਹੋਵੇ ਜੋ ਆਮ ਤਾਪਮਾਨ ਜਾਂ ਰੋਸ਼ਨੀ ਜਾਂ ਨਮੀ ਦੇ ਸੰਪਰਕ ਵਿੱਚ ਆ ਕੇ ਜਲਦੀ ਖਰਾਬ ਨਾ ਹੋਵੇ ਅਤੇ ਲੰਮੇ ਸਮੇਂ ਲਈ ਕਾਰਗਰ ਰਹੇ।

ਚੁਣੀ ਦਵਾਈ ਦੂਸਰੀਆਂ ਦੇ ਮੁਕਾਬਲੇ ਸਸਤੀ ਹੋਵੇ ਅਤੇ ਡੰਗਰ ਨੂੰ ਦੇਣੀ ਅਸਾਨ ਹੋਵੇ।

ਦਵਾਈ ਦੇਣ ਦਾ ਤਰੀਕਾ: ਕਈ ਪ੍ਰਕਾਰ ਦੀਆਂ ਦੁਆਈਆਂ ਉਪਲੱਬਧ ਹਨ ਜੋ ਮਲੱਪ ਰਹਿਤ ਕਰਨ ਲਈ ਪਸ਼ੂ ਨੂੰ ਮੂੰਹ ਰਾਹੀਂ ਜਾਂ ਟੀਕੇ ਰਾਹੀਂ ਦਿੱਤੀਆਂ ਜਾ ਸਕਦੀਆਂ ਹਨ।

**1. ਮੂੰਹ ਰਾਹੀਂ ਖੁਆਉਣ ਵਾਲੀਆਂ ਦਵਾਈਆਂ**

ਇਸ ਪ੍ਰਕਾਰ ਦੀਆਂ ਕਈ ਦਵਾਈਆਂ ਹਨ ਜੋ ਤਰਲ ਰੂਪ ਵਿੱਚ ਜਾਂ ਗੋਲੀਆਂ ਦੇ ਰੂਪ ਵਿੱਚ ਉਪਲੱਬਧ ਹਨ।

- ਤਰਲ ਦਵਾਈ ਤੁਰੰਤ ਪਸ਼ੂ ਨੂੰ ਦਿੱਤੀ ਜਾ ਸਕਦੀ ਹੈ। ਅਜਿਹੀ ਦਵਾਈ ਟੀਕੇ ਦੁਆਰਾ ਜਾਂ ਬੋਤਲ ਵਿੱਚ ਪਾ ਕੇ ਮੂੰਹ ਰਾਹੀਂ ਜਾਂ ਨਾਲ਼ ਰਾਹੀਂ ਡੰਗਰ ਨੂੰ ਦਿੱਤੀ ਜਾ ਸਕਦੀ ਹੈ।
- ਵੱਡੀਆਂ ਗੋਲੀਆਂ ਜਾਂ ਸਧਾਰਨ ਗੋਲੀਆਂ ਡੰਗਰ ਦੇ ਮੂੰਹ ਵਿੱਚ ਕਾਫੀ ਅੰਦਰ ਰੱਖ ਕੇ ਖੁਆਈਆਂ ਜਾ ਸਕਦੀਆਂ ਹਨ ਜਾਂ ਇਨ੍ਹਾਂ ਦਾ ਪਾਊਡਰ ਬਣਾ ਕੇ ਪਾਣੀ ਵਿੱਚ ਘੋਲ ਕੇ ਮੂੰਹ ਰਾਹੀਂ ਦਿੱਤਾ ਜਾ ਸਕਦਾ ਹੈ।
- ਕਈ ਵੇਰ ਅਜਿਹੀ ਦਵਾਈ ਨੂੰ ਫੀਡ ਨਾਲ ਮਿਲਾ ਕੇ ਦਿੱਤਾ ਜਾ ਸਕਦਾ ਹੈ ਪ੍ਰੰਤੂ ਇਸ ਵਿੱਚ ਔਕੜ ਇਹ ਹੈ ਕਿ ਕਈ ਵੇਰ ਡੰਗਰ ਅਜਿਹੀ ਫੀਡ ਪੂਰੀ ਤਰ੍ਹਾਂ ਨਹੀਂ ਖਾਂਦਾ, ਨਤੀਜੇ ਵੱਜੋਂ ਦਵਾਈ ਦੀ ਪੂਰੀ ਮਾਤਰਾ ਡੰਗਰ ਦੇ ਸਰੀਰ ਵਿੱਚ ਨਹੀਂ ਪਹੁੰਚਦੀ। ਇਸ ਲਈ ਇਹ ਤਰੀਕਾ ਬਹੁਤਾ ਪ੍ਰਚੱਲਤ ਨਹੀਂ ਹੈ।

**2. ਟੀਕੇ ਰਾਹੀਂ ਦਵਾਈ ਦੇਣਾ**

ਟੀਕਾ ਲਾ ਕੇ ਦੇਣ ਵਾਲੀਆਂ ਕਈ ਦਵਾਈਆਂ ਉਪਲੱਬਧ ਹਨ। ਸਿਫਾਰਸ਼ ਕੀਤੇ ਤਰੀਕੇ ਅਨੁਸਾਰ ਦਵਾਈ ਦਾ ਟੀਕਾ ਲਾਉਣਾ ਚਾਹੀਦਾ ਹੈ।

**ਮਲੱਪ ਰਹਿਤ ਕਰਨ ਦੀ ਨਿਰਧਾਰਤ ਵਿਧੀ**

1. ਪਸ਼ੂ ਦੇ ਜੀਵਨ ਦੇ ਪਹਿਲੇ ਹਫਤੇ ਤੋਂ ਮਲੱਪ ਰਹਿਤ ਕਰਨ ਦਾ ਅਮਲ ਸ਼ੁਰੂ ਕੀਤਾ ਜਾਵੇ।
2. 6 ਮਹੀਨਿਆਂ ਦੀ ਉਮਰ ਤੱਕ ਹਰ ਮਹੀਨੇ ਮਲੱਪਾਂ ਦੀ ਦਵਾਈ ਦਿੱਤੀ ਜਾਵੇ ਅਤੇ ਇਸ ਤੋਂ ਬਾਅਦ ਹਰ ਤਿੰਨ ਮਹੀਨਿਆਂ ਵਿੱਚ ਇਕ ਵੇਰ। ਵੱਡੇ ਪਸ਼ੂਆਂ ਨੂੰ ਸਾਲ ਵਿੱਚ ਇੱਕ ਵੇਰ ਦਵਾਈ ਦੇਣੀ ਜ਼ਰੂਰੀ ਹੈ।
3. ਮਲੱਪਾਂ ਦੀ ਦੁਆਈ ਦੀ ਚੋਣ ਅਤੇ ਮਾਤਰਾ ਵੈਟਨਰੀ ਡਾਕਟਰ ਦੀ ਸਲਾਹ ਨਾਲ ਦੇਣੀ ਚਾਹੀਦੀ ਹੈ।
4. ਸਿਫਾਰਸ਼ ਕੀਤੀ ਮਾਤਰਾ ਤੋਂ ਵੱਧ ਜਾਂ ਘੱਟ ਦੁਆਈ ਦੇਣ ਤੋਂ ਗੁਰੇਜ ਕਰੋ ਤਾਂ ਜੋ ਦੁਆਈ ਦੇ ਬੁਰੇ ਪ੍ਰਭਾਵ ਅਤੇ ਦੁਆਈ ਪ੍ਰਤੀ ਸਹਿਨਸ਼ੀਲਤਾ ਤੋਂ ਬਚਾਅ ਰਹੇ।

**(ਅ) ਬਾਹਰੀ ਪ੍ਰਜੀਵੀ ਕੀੜੇ**

ਇਹ ਅਜਿਹੇ ਜੀਵ ਹਨ ਜੋ ਪਸ਼ੂਆਂ ਦੀ ਚਮੜੀ ਉਪਰ ਪਲਦੇ ਹਨ ਅਤੇ ਪਸ਼ੂ ਦੀ ਚਮੜੀ ਅਤੇ ਸਿਹਤ 'ਤੇ ਬੁਰਾ ਪ੍ਰਭਾਵ ਪਾਉਂਦੇ ਹਨ। ਅਜਿਹੇ ਪ੍ਰਜੀਵੀ ਕੀੜੇ ਪਾਲਤੂ ਡੰਗਰਾਂ ਦਾ ਸਿੱਧੇ ਅਤੇ ਅਸਿੱਧੇ ਢੰਗ ਰਾਹੀਂ ਨੁਕਸਾਨ ਕਰਦੇ ਹਨ।


ਜਿਸ ਡੰਗਰ 'ਤੇ ਇਹ ਰਹਿੰਦੇ ਹਨ ਉਸਦੀ ਸਿਹਤ 'ਤੇ ਸਿੱਧੇ ਤੌਰ 'ਤੇ ਬੁਰਾ ਅਸਰ ਪੈਂਦਾ ਹੈ ਅਤੇ ਡੰਗਰ ਨੂੰ ਜੋ ਬੇਅਰਾਮੀ ਹੁੰਦੀ ਹੈ ਉਸ ਕਾਰਨ ਦੁੱਧ ਦੀ ਪੈਦਾਵਾਰ ਘੱਟ ਜਾਂਦੀ ਹੈ ਅਤੇ ਡੰਗਰ ਦਾ ਸਰੀਰਕ ਵਿਕਾਸ ਰੁਕ ਜਾਂਦਾ ਹੈ। ਖੁਰਕ ਹੋਣ ਕਾਰਨ ਡੰਗਰ ਚਮੜੀ ਨੂੰ ਕਿਸੇ ਸਖਤ ਵਸਤੂ ਨਾਲ ਰਗੜਦਾ ਹੈ ਜਿਸਦੇ ਸਿੱਟੇ ਵਜੋਂ ਚਮੜੀ ਅਤੇ ਉੱਨ ਨੂੰ ਨੁਕਸਾਨ ਹੁੰਦਾ ਹੈ।

ਅਜਿਹੇ ਪ੍ਰਜੀਵੀ ਅਸਿੱਧੇ ਤੌਰ 'ਤੇ ਵੀ ਡੰਗਰਾਂ ਦਾ ਨੁਕਸਾਨ ਕਰਦੇ ਹਨ ਜਿਵੇਂ ਕਿ ਇਹ ਜੀਵ ਇਕ ਰੋਗੀ ਡੰਗਰ ਤੋਂ ਬਿਮਾਰੀ ਦੇ ਜਿਵਾਣੂ ਦੂਸਰੇ ਤੰਦਰੁਸਤ ਪਸ਼ੂਆਂ ਵਿੱਚ ਪਹੁੰਚਾਉਂਦੇ ਹਨ ਅਤੇ ਇਸ ਤਰ੍ਹਾਂ ਬਿਮਾਰੀ ਫੈਲਾਉਣ ਵਿੱਚ ਮੱਦਦ ਕਰਦੇ ਹਨ।

ਬਾਹਰੀ ਪ੍ਰਜੀਵੀ ਕਈ ਪ੍ਰਕਾਰ ਦੇ ਹੁੰਦੇ ਹਨ ਜਿਵੇਂ ਕਿ ਜੂੰ (lice), ਚਿਚੜ (Ticks) ਅਤੇ ਮੱਖੀਆਂ।

**ਪ੍ਰਜੀਵੀ ਪਿਸੂ ਅਤੇ ਜੂੰ:** ਜੂਆਂ ਅਤੇ ਪਿਸੂ ਆਮ ਤੌਰ 'ਤੇ ਵਾਲਾਂ, ਚਮੜੀ ਦੀ ਉਪਰਲੀ ਤਹਿ ਅਤੇ ਕੰਨ, ਧੌਣ, ਮੋਢੇ ਦੇ ਆਲੇ ਦੁਆਲੇ ਰਹਿਣਾ ਪਸੰਦ ਕਰਦੇ ਹਨ। ਇਹ ਪ੍ਰਜੀਵੀ ਚਮੜੀ ਦੇ ਤੰਤੂਆਂ ਅਤੇ ਪਸ਼ੂਆਂ ਦਾ ਖੂਨ ਚੂਸਦੇ ਹਨ।

**ਚਿਚੜ** : ਇਹ ਜੀਵ ਪਸ਼ੂ ਦੇ ਸਰੀਰ 'ਤੇ ਕੁਝ ਸਮੇਂ ਲਈ ਹਮਲਾ ਕਰਦੇ ਹਨ (ਤਸਵੀਰ 1.5)। ਇਹ ਪਸ਼ੂ ਦਾ ਖੂਨ ਚੂਸਦੇ ਹਨ ਅਤੇ ਚਮੜੀ ਉਪਰ ਖਾਰਸ਼ ਅਤੇ ਸੋਜਸ਼ ਪੈਦਾ ਕਰਦੇ ਹਨ। ਇਹ ਕਈ ਪ੍ਰਕਾਰ ਦੀਆਂ ਬਿਮਾਰੀਆਂ ਇਕ ਡੰਗਰ ਤੋਂ ਦੂਸਰੇ ਡੰਗਰ ਤੱਕ ਫੈਲਾਉਣ ਦਾ ਕੰਮ ਕਰਦੇ ਹਨ ਜਿਸ ਦਾ ਪਸ਼ੂਆਂ ਦੀ ਸਿਹਤ 'ਤੇ ਬੁਰਾ ਪ੍ਰਭਾਵ ਪੈਂਦਾ ਹੈ।




**ਤਸਵੀਰ 1.5 : ਪਸ਼ੂ ਦੇ ਸਰੀਰ ਉਪਰ ਚਿਪਕੇ ਹੋਏ ਚਿੱਚੜ**

ਮੱਖੀਆਂ :– ਮੱਖੀਆਂ ਖੂਨ, ਪਸੀਨੇ, ਚਮੜੀ ਵਿਚਲੀਆਂ ਗ੍ਰੰਥੀਆਂ ਦੇ ਰਸ, ਅੱਖਾਂ ਵਿੱਚੋਂ ਨਿਕਲੇ ਪਾਣੀ, ਪਸ਼ੂ ਦੀਆਂ ਲਾਰਾਂ, ਪਿਸ਼ਾਬ ਅਤੇ ਗੋਹੇ ਉਪਰ ਪਨਪਦੀਆਂ ਹਨ। ਇਹ ਚਮੜੀ ਵਿੱਚੋਂ ਸਿੱਧਾ ਸੁਰਾਖ ਕਰਕੇ ਜਾਂ ਜ਼ਖਮਾਂ ਉਪਰ ਬੈਠ ਕੇ ਰਸ ਚੂਸਦੀਆਂ ਹਨ। ਇਹ ਖਾਰਸ਼ ਪੈਦਾ ਕਰਕੇ ਪਸ਼ੂ ਨੂੰ ਬੇਚੈਨ ਕਰਦੀਆਂ ਹਨ ਜਿਸ ਕਾਰਨ ਦੁੱਧ ਦੀ ਪੈਦਾਵਾਰ ਘੱਟ ਜਾਂਦੀ ਹੈ ਅਤੇ ਪਸ਼ੂ ਦੇ ਸਰੀਰਕ ਵਜ਼ਨ ਵਿੱਚ ਕਮੀ ਹੋ ਜਾਂਦੀ ਹੈ।

ਬਾਹਰੀ ਪ੍ਰਜੀਵੀ ਕੀਟਾਂ ਦੇ ਗੰਭੀਰ ਹਮਲੇ ਦੇ ਕਾਰਨ ਡੰਗਰ ਕਮਜ਼ੋਰ ਹੋ ਜਾਂਦੇ ਹਨ। ਸਰੀਰ ਉਪਰ **ਚਿੱਲੜ** ਲਾਉਣ ਵਾਲੀਆਂ ਕਈ ਦੁਆਈਆਂ ਉਪਲੱਬਧ ਹਨ ਜਿਨ੍ਹਾਂ ਨਾਲ ਇਹ ਕੀਟ ਕਾਬੂ ਕੀਤੇ ਜਾ ਸਕਦੇ ਹਨ।

**ਬਾਹਰੀ ਪ੍ਰਜੀਵੀ ਕੀਟਾਂ ਦੀ ਕਾਰਗਰ ਰੋਕਥਾਮ ਲਈ ਧਿਆਣ ਯੋਗ ਨੁਕਤੇ :**

1. ਨਵੇਂ ਪਸ਼ੂ ਦੇ ਡੇਅਰੀ ਫਾਰਮ ਵਿੱਚ ਦਾਖਲੇ ਤੋਂ ਤੁਰੰਤ ਬਾਅਦ ਇਸ ਨੂੰ ਕੀਟ-ਨਾਸ਼ਕ ਦੁਆਈ ਲਾਈ ਜਾਵੇ ਤਾਂ ਜੋ ਅਜਿਹੇ ਕੀਟਾਂ ਦੇ ਹੋਰ ਡੰਗਰਾ ਉਪਰ ਹਮਲੇ ਨੂੰ ਰੋਕਿਆ ਜਾ ਸਕੇ।

2. ਜੇਕਰ ਪਸ਼ੂ ਦੀ ਚਮੜੀ ਉਪਰ ਅਜਿਹੇ ਪ੍ਰਜੀਵੀ ਕੀਟ ਦਿਖਾਈ ਦੇਣ ਤਾਂ ਹੋਰਨਾਂ ਡੰਗਰਾਂ 'ਤੇ ਜਾਣ ਤੋਂ ਪਹਿਲਾਂ ਇਹਨਾਂ ਦੀ ਤੁਰੰਤ ਰੋਕਥਾਮ ਕਰਨੀ ਜ਼ਰੂਰੀ ਹੈ।

3. ਇਨ੍ਹਾਂ ਕੀਟਾਂ ਦੀ ਰੋਕਥਾਮ ਸਿਰਫ਼ ਇਕ ਵਾਰ ਦਵਾਈ ਲਾਉਣ ਨਾਲ ਨਹੀਂ ਹੁੰਦੀ। ਪਹਿਲੀ ਵਾਰ ਦਵਾਈ ਲਾਉਣ ਨਾਲ ਵੱਡੇ ਕੀਟ ਮਰ ਜਾਣਗੇ ਜੋ ਪਸ਼ੂ ਦੀ ਚਮੜੀ ਉੱਤੇ ਦਿਖਾਈ ਦਿੰਦੇ ਹਨ। 15-21 ਦਿਨਾਂ ਬਾਅਦ ਦੂਸਰੀ ਵਾਰ ਦਵਾਈ ਲਾਉਣੀ ਚਾਹੀਦੀ ਹੈ ਤਾਂ ਜੋ ਪਹਿਲੀ ਵਾਰ ਦਵਾਈ ਲਾਉਣ ਤੋਂ ਬਾਅਦ ਅੰਡਿਆਂ ਵਿੱਚੋਂ ਜੋ ਨਵੇਂ ਕੀਟ ਜਨਮੇ ਹਨ ਉਨ੍ਹਾਂ ਨੂੰ ਖਤਮ ਕੀਤਾ ਜਾ ਸਕੇ।

4. ਡੰਗਰਾਂ ਦੀ ਚਮੜੀ ਉਪਰ ਦਵਾਈ ਲਾਉਣ ਤੋਂ ਇਲਾਵਾ, ਪਸ਼ੂਆਂ ਦੀ ਰਹਾਇਸ਼ ਵਾਲੇ ਸ਼ੈੱਡ, ਵਾੜੇ ਅਤੇ ਕੱਚੇ ਥਾਂ ਉਪਰ ਢੁੱਕਵੀਂ, ਕੀਟਨਾਸ਼ਕ ਦੀ ਸਪਰੇਅ ਕਰਨੀ ਜ਼ਰੂਰੀ ਹੈ ਤਾਂ ਜੋ ਫਰਸ਼ ਜਾਂ ਕੰਧਾਂ ਜਾਂ ਕੋਨਿਆਂ ਵਿੱਚ ਮੌਜੂਦ ਅਜਿਹੇ ਕੀਟ ਨੂੰ ਖਤਮ ਕੀਤਾ ਜਾ ਸਕੇ।

**ਬਾਹਰੀ ਪ੍ਰਜੀਵੀ ਕੀਟਾਂ ਦੀ ਰੋਕਥਾਮ ਲਈ ਤਰੀਕੇ**

ਕੀਟਨਾਸ਼ਕ ਦਵਾਈ ਪਸ਼ੂ ਨੂੰ ਲਾਉਣ ਦੇ ਕਈ ਤਰੀਕੇ ਹਨ। ਤਸਵੀਰ 1. 6 ਵਿੱਚ ਕਈ ਪ੍ਰਚੱਲਤ ਤਰੀਕੇ ਦਰਸਾਏ ਗਏ ਹਨ।




**ਤਸਵੀਰ 1.6: ਬਾਹਰੀ ਪ੍ਰਜੀਵੀ ਕੀਟਾਂ ਦੀ ਰੋਕਥਾਮ ਲਈ ਤਰੀਕੇ**

1. **ਡਬੋਣਾ :** ਛੋਟੇ ਅਕਾਰ ਦੇ ਜਾਨਵਰਾਂ ਲਈ ਇਹ ਤਰੀਕਾ ਢੁਕਵਾਂ ਹੈ। ਜੇ ਜਾਨਵਰਾਂ ਦੀ ਬਹੁਤੀ ਗਿਣਤੀ ਹੋਵੇ ਤਾਂ ਵੀ ਇਹ ਤਰੀਕਾ ਬੜਾ ਕਾਰਗਰ ਰਹਿੰਦਾ ਹੈ। ਜਾਨਵਰ ਨੂੰ ਫੜ ਕੇ ਦਵਾਈ ਦੇ ਘੋਲ ਵਿੱਚ ਡਬੋ ਦਿੱਤਾ ਜਾਂਦਾ ਹੈ ਪ੍ਰੰਤੂ ਸਿਰ ਨੂੰ ਨਹੀਂ ਡਬੋਇਆ ਜਾਂਦਾ।

ਡਬੋਣ ਦਾ ਕੰਮ ਸਵੇਰੇ ਕਰਨਾ ਚਾਹੀਦਾ ਹੈ ਤਾਂ ਜੋ ਪਸ਼ੂ ਡਬੋਣ ਤੋਂ ਤੁਰੰਤ ਬਾਅਦ ਸੂਰਜ ਦੀ ਰੋਸ਼ਨੀ ਵਿੱਚ ਨਾ ਆਵੇ। ਜੇਕਰ ਬਾਰਸ਼ ਆਉਣ ਦੀ ਉਮੀਦ ਹੋਵੇ ਤਾਂ ਵੀ ਡਬੋਣ ਦਾ ਕੰਮ ਨਹੀਂ ਕਰਨਾ ਚਾਹੀਦਾ ਕਿਉਂਕਿ ਬਾਰਸ਼ ਕਾਰਨ ਦਵਾਈ ਧੁਲ ਜਾਣ ਦਾ ਖਤਰਾ ਹੁੰਦਾ ਹੈ।

2. **ਦਵਾਈ ਦੀ ਸਪਰੇ ਕਰਨਾ :** ਛੋਟੇ ਸਪਰੇ ਪੰਪ ਨਾਲ਼ ਡੰਗਰਾਂ ਦੇ ਸਰੀਰ ਉਪਰ ਕੀਟਨਾਸ਼ਕ ਦੀ ਸਪਰੇ ਕਰਨਾ ਸਭ ਤੋਂ ਅਸਾਨ ਤਰੀਕਾ ਹੈ। ਡੰਗਰਾਂ ਦੀ ਘੱਟ ਗਿਣਤੀ ਲਈ ਇੱਕ ਕਾਰਗਰ ਤਰੀਕਾ ਹੈ। ਜੇਕਰ ਸਪਰੇ ਪੰਪ ਉਪਲੱਬਧ ਨਹੀਂ ਹੈ ਤਾਂ ਪੇਂਟ ਵਾਲੇ ਬੁਰਸ਼ ਜਾਂ ਕਪੜੇ ਦੀ ਸਹਾਇਤਾ ਨਾਲ ਕੀਟਨਾਸ਼ਕ ਡੰਗਰ ਦੇ ਸਰੀਰ 'ਤੇ ਲਗਾਈ ਜਾ ਸਕਦੀ ਹੈ। ਦਵਾਈ ਲਾਉਣ ਤੋਂ ਪਹਿਲਾਂ ਪਸ਼ੂ ਨੂੰ ਚੰਗੀ ਤਰ੍ਹਾਂ ਬੰਨ ਲੈਣਾ ਚਾਹੀਦਾ ਹੈ। ਦਵਾਈ ਸਿਰ 'ਤੇ ਲਾਉਣੀ ਸ਼ੁਰੂ ਕਰੋ ਅਤੇ ਸਾਰੇ ਸਰੀਰ 'ਤੇ ਲਾਉਂਦੇ ਹੋਏ ਪੂਛ 'ਤੇ ਅਖੀਰ ਵਿੱਚ ਲਗਾਓ। ਪਸ਼ੂ ਦੇ ਮੂੰਹ, ਅੱਖਾਂ ਅਤੇ ਨਾਸਾਂ ਵਿੱਚ ਦਵਾਈ ਨਹੀਂ ਪੈਣੀ ਚਾਹੀਦੀ।

3. **ਦਵਾਈ ਦਾ ਘੋਲ ਸਰੀਰ ਉਪਰ ਪਾਉਣਾ :** ਦਵਾਈ ਦੇ ਘੋਲ ਵਾਲੀ ਸ਼ੀਸ਼ੀ ਹੱਥ ਵਿੱਚ ਫੜ ਕੇ ਡੰਗਰ ਦੀ ਢੂਈਂ ਜਾਂ ਕਮਰੋਟ ਉਪਰ ਤਸਵੀਰ 1.7 ਵਿੱਚ ਦਿਖਾਏ ਤਰੀਕੇ ਅਨੁਸਾਰ ਪਾਓ। ਇਹ ਦਵਾਈ ਸਾਰੇ ਸਰੀਰ ਉਪਰ ਫੈਲ ਜਾਵੇਗੀ ਅਤੇ ਪ੍ਰਜੀਵੀ ਕੀਟਾਂ ਦਾ ਨਾਸ਼ ਹੋ ਜਾਵੇਗਾ। ਇਹ ਕਾਫੀ ਕਾਰਗਰ ਤਰੀਕਾ ਹੈ, ਅਜਿਹੇ ਕੀਟਾਂ ਦੀ ਰੋਕਥਾਮ ਕਰਨ ਦਾ ਦਵਾਈ ਲਾਉਣ ਦਾ ਇਹ ਤਰੀਕਾ ਹੇਠਾਂ ਤਸਵੀਰ ਵਿੱਚ ਦਿਖਾਇਆ ਗਿਆ ਹੈ।



**ਤਸਵੀਰ 1.7: ਪਸ਼ੂ ਦੀ ਢੂਈਂ ਉਪਰ ਦਵਾਈ ਦਾ ਘੋਲ ਪਾਇਆ ਜਾ ਰਿਹਾ ਹੈ।**

4. **ਟੀਕਾ** : ਕੁਝ ਦਵਾਈਆਂ ਅਜਿਹੀਆਂ ਹਨ ਜੋ ਚਮੜੀ ਦੀ ਹੇਠਲੀ ਤਹਿ ਵਿੱਚ ਟੀਕਾ ਲਾ ਕੇ ਦਿੱਤੀਆਂ ਜਾ ਸਕਦੀਆਂ ਹਨ। ਇਹ ਦਵਾਈਆਂ ਦੋਵੇਂ ਤਰ੍ਹਾਂ ਦੇ ਪ੍ਰਜੀਵੀ, ਅੰਤਰੀਵ ਅਤੇ ਬਾਹਰੀ ਪ੍ਰਜੀਵ ਦੀ ਰੋਕਥਾਮ ਕਰਦੀਆਂ ਹਨ। ਇਹ ਦਵਾਈਆਂ ਦੂਸਰੀਆਂ ਦਵਾਈਆਂ ਨਾਲੋਂ ਕੁਝ ਮਹਿੰਗੀਆਂ ਜ਼ਰੂਰ ਹਨ। ਤਸਵੀਰ 1.8 ਵਿੱਚ ਟੀਕਾ ਲਾਉਣ ਦਾ ਦ੍ਰਿਸ਼ ਦਿਖਾਇਆ ਗਿਆ ਹੈ।



**ਤਸਵੀਰ 1.8: ਇਕ ਵਛੜੂ ਨੂੰ ਟੀਕਾ ਲਾਇਆ ਜਾ ਰਿਹਾ ਹੈ।**

ਪਸ਼ੂਆਂ ਦੀ ਰਹਾਇਸ਼ੀ ਜਗ੍ਹਾ ਵਿੱਚ ਬਾਹਰੀ ਪ੍ਰਜੀਵੀ ਕੀਟਾਂ ਦੀ ਰੋਕਥਾਮ ਦੇ ਢੰਗ : ਬਾਹਰੀ ਪ੍ਰਜੀਵੀ ਕੀਟਾਂ ਨੂੰ ਪੂਰੀ ਤਰ੍ਹਾਂ ਖ਼ਤਮ ਕਰਨਾ ਭਾਵੇਂ ਸੰਭਵ ਨਹੀਂ ਹੈ ਪਰੰਤੂ ਸਿਫਾਰਸ਼ ਕੀਤੇ ਤਰੀਕਿਆਂ ਨਾਲ ਇਨ੍ਹਾਂ ਦੀ ਗਿਣਤੀ ਕਾਫ਼ੀ ਹੱਦ ਤੱਕ ਘਟਾਈ ਜਾ ਸਕਦੀ ਹੈ। ਅਜਿਹੇ ਕੀਟਾਂ ਦੀ ਰੋਕਥਾਮ ਲਈ ਸਰਵਪੱਖੀ ਪਹੁੰਚ ਅਪਨਾਉਣ ਦੀ ਲੋੜ ਪੈਂਦੀ ਹੈ ਜਿਸ ਵਿੱਚ ਸਾਰੇ ਡੇਅਰੀ ਫਾਰਮ ਨੂੰ ਸ਼ਾਮਲ ਕੀਤਾ ਜਾਂਦਾ ਹੈ। ਕਾਰਗਰ ਰੋਕਥਾਮ ਲਈ ਜ਼ਰੂਰੀ ਹੈ ਕਿ ਪਸ਼ੂਆਂ ਅਤੇ ਪਸ਼ੂਆਂ ਦੀ ਰਹਾਇਸ਼ੀ ਜਗ੍ਹਾਂ ਦੋਵਾਂ 'ਤੇ ਰੋਕਥਾਮ ਕੀਤੀ ਜਾਵੇ ਤਾਂ ਜੋ ਇਨ੍ਹਾਂ ਦੀ ਗਿਣਤੀ ਵਿੱਚ ਕਾਫ਼ੀ ਕਮੀ ਆਵੇ। ਡੇਅਰੀ ਫਾਰਮ ਦੀ ਸਾਫ਼-ਸਫ਼ਾਈ ਅਤੇ ਚੰਗਾ ਪ੍ਰਬੰਧ ਇਨ੍ਹਾਂ ਕੀਟਾਂ ਦੀ ਗਿਣਤੀ ਘਟਾਉਣ ਵਿੱਚ ਬਹੁਤ ਸਹਾਈ ਹੁੰਦਾ ਹੈ।

ਚੰਗੇ ਪ੍ਰਬੰਧ ਵਿੱਚ ਕਈ ਨੁਕਤੇ ਸ਼ਾਮਲ ਹਨ, ਜਿਵੇਂ ਕਿ, ਫਾਰਮ ਦੀ ਸਾਫ਼-ਸਫ਼ਾਈ, ਪਸ਼ੂਆਂ ਦੀ ਨਰੋਈ ਸਿਹਤ ਹੋਵੇ, ਸ਼ੈੱਡ ਦੇ ਆਲੇ-ਦੁਆਲੇ ਘਾਹ ਦੀ ਕਟਾਈ ਹੁੰਦੀ ਰਹੇ, ਪਸ਼ੂਆਂ ਦੇ ਸ਼ੈਡ ਦੇ ਆਲੇ ਦੁਆਲੇ ਪਾਣੀ ਖੜਨਾ ਨਹੀਂ ਚਾਹੀਦਾ ਅਤੇ ਪਾਣੀ ਨਿਕਾਸ ਵਾਲੀਆਂ ਖਾਲ਼ੀਆਂ ਢੱਕੀਆਂ ਹੋਣ। ਪਸ਼ੂਆਂ ਹੇਠ ਵਿਛਾਈ ਸੁਕ ਜਾਂ ਘਾਹ ਫੂਸ ਦੀ ਰੋਜ਼ਾਨਾ ਸਫ਼ਾਈ ਹੁੰਦੀ ਰਹੇ ਅਤੇ ਗੋਬਰ ਤੇ ਮਲਮੂਤਰ ਦਾ ਨਿਕਾਸ ਚੰਗੇ ਤਰੀਕੇ ਨਾਲ ਹੋਵੇ ਤਾਂ ਜੋ ਪਸ਼ੂਆਂ ਦੀ ਰਿਹਾਇਸ਼ੀ ਜਗ੍ਹਾ ਸੁੱਕੀ ਅਤੇ ਖੁਸ਼ਕ ਰਹੇ।

ਸਾਫ਼ ਸਫ਼ਾਈ ਦੇ ਇਨ੍ਹਾਂ ਉਪਰਾਲਿਆਂ ਦੇ ਬਾਵਜੂਦ ਪ੍ਰਜੀਵੀ ਕੀਟ ਅਤੇ ਇਨ੍ਹਾਂ ਦੇ ਅੰਡੇ ਮਿੱਟੀ ਵਿੱਚ ਜਾਂ ਫਰਸ਼ ਵਿੱਚ ਹੋ ਸਕਦੇ ਹਨ ਜੋ ਕਈ ਦਿਨਾਂ ਤੱਕ ਬਿਨਾਂ ਕਿਸੇ ਖੁਰਾਕ ਦੇ ਜੀਵਤ ਰਹਿ ਸਕਦੇ ਹਨ। ਇਸ ਲਈ ਕੀਟਨਾਸ਼ਕ ਦੀ ਸਪਰੇ ਸ਼ੈੱਡ ਦੇ ਫਰਸ਼, ਕੰਧਾਂ ਅਤੇ ਵਾੜੇ ਦੀ ਮਿੱਟੀ ਉਪਰ ਹਰ ਦੋ ਹਫ਼ਤੇ ਬਾਅਦ ਜ਼ਰੂਰ ਕਰਨੀ ਚਾਹੀਦੀ ਹੈ।

**ਸਾਵਧਾਨੀਆਂ**

1. ਦਵਾਈਆਂ ਦੀ ਹਮੇਸ਼ਾ ਸਿਫ਼ਾਰਸ਼ ਕੀਤੀ ਮਾਤਰਾ ਵਰਤੋ। ਵਧੇਰੇ ਦਵਾਈ ਦੀ ਵਰਤੋਂ ਨਾਲ ਕੀੜੇ ਜ਼ਿਆਦਾ ਨਹੀਂ ਮਰਦੇ, ਸਗੋਂ ਡੰਗਰ ਨੂੰ ਨੁਕਸਾਨ ਹੋ ਸਕਦਾ ਹੈ।
2. ਡੰਗਰ ਉਪਰ ਦਵਾਈ ਦੀ ਸਪਰੇ ਜਾਂ ਦਵਾਈ ਦਾ ਘੋਲ ਪਾਉਣ ਦਾ ਕੰਮ ਇਕ ਬੰਦ ਕਮਰੇ ਵਿੱਚ ਨਹੀਂ ਕਰਨਾ ਚਾਹੀਦਾ।
3. ਦਵਾਈ ਦੇ ਘੋਲ ਵਿੱਚ ਡੋਬਣ ਤੋਂ ਪਹਿਲਾਂ ਜਾਨਵਰ ਨੂੰ ਚੋਖੀ ਖ਼ੁਰਾਕ ਦਿਓ ਅਤੇ ਪਾਣੀ ਪਿਲਾਓ ਕਿਉਂਕਿ ਇੱਕ ਭੁੱਖੇ ਤਿਹਾਏ ਜਾਨਵਰ ਦੁਆਰਾ ਦਵਾਈ ਦੇ ਘੋਲ ਨੂੰ ਪੀ ਜਾਣ ਦਾ ਡਰ ਰਹਿੰਦਾ ਹੈ।
4. ਕੀਟਨਾਸ਼ਕ ਦਵਾਈਆਂ ਨੂੰ ਫੀਡ ਅਤੇ ਪੀਣ ਵਾਲੇ ਪਾਣੀ ਤੋਂ ਦੂਰ ਬੰਦ ਅਲਮਾਰੀ ਵਿੱਚ ਰੱਖਣਾ ਚਾਹੀਦਾ ਹੈ।
5. ਬਾਹਰੀ ਪ੍ਰਜੀਵੀ ਕੀਟਾਂ ਨੂੰ ਮਾਰਨ ਵਾਲੀਆਂ ਕੀਟਨਾਸ਼ਕ ਦੁਆਈਆਂ ਬਿਮਾਰ ਜਾਂ ਕਮਜ਼ੋਰ ਡੰਗਰਾਂ ਤੇ ਨਹੀਂ ਲਾਉਣੀਆਂ ਚਾਹੀਦੀਆਂ ਕਿਉਂਕਿ ਇਨ੍ਹਾਂ ਦਵਾਈਆਂ ਦਾ ਅਜਿਹੇ ਡੰਗਰ 'ਤੇ ਬੁਰਾ ਅਸਰ ਪੈ ਸਕਦਾ ਹੈ।
6. ਸਪਰੇ ਕਰਨ ਵਾਲੇ ਜਾਂ ਦਵਾਈ ਲਾਉਣ ਵਾਲੇ ਕਾਮੇ ਨੂੰ ਦਸਤਾਨੇ ਅਤੇ ਸੁਰੱਖਿਅਤ ਕਪੜੇ, ਐਨਕਾਂ ਅਤੇ ਮੂੰਹ ਢੱਕਣ ਵਾਲਾ ਮਾਸਕ/ਮਖੋਟਾ ਜ਼ਰੂਰ ਪਹਿਨਣਾ ਚਾਹੀਦਾ ਹੈ ਤਾਂ ਜੋ ਕੀਟਨਾਸ਼ਕ ਜ਼ਹਿਰ ਤੋਂ ਬਚਾਅ ਹੋ ਸਕੇ। ਜੇਕਰ ਜ਼ਹਿਰ ਸ਼ਰੀਰ ਦੇ ਕਿਸੇ ਹਿੱਸੇ 'ਤੇ ਲੱਗ ਗਈ ਹੈ ਤਾਂ ਫਟਾਫਟ ਸਾਬਣ ਤੇ ਪਾਣੀ ਨਾਲ ਧੋ ਲਵੋ।
7. ਫਾਲਤੂ ਕੀਟਨਾਸ਼ਕ ਦਵਾਈਆਂ ਦੀ ਸਹੀ ਸੰਭਾਲ ਕਰਨੀ ਚਾਹੀਦੀ ਹੈ ਤਾਂ ਜੋ ਇਨ੍ਹਾਂ ਨਾਲ ਵਾਤਾਵਰਣ ਦੂਸ਼ਤ ਨਾ ਹੋਵੇ। ਅਜਿਹੀਆਂ ਦਵਾਈਆਂ ਨੂੰ ਛੱਪੜਾਂ ਜਾਂ ਨਹਿਰਾਂ/ਨਦੀਆਂ ਵਿੱਚ ਨਹੀਂ ਸੁਟਣਾ ਚਾਹੀਦਾ।

ਅਜਿਹੀਆਂ ਜ਼ਹਿਰਾਂ ਨੂੰ ਟੋਆ ਪੁੱਟ ਕੇ ਉਸ ਵਿੱਚ ਖ਼ਤਮ ਕਰ ਦੇਣਾ ਚਾਹੀਦਾ ਹੈ ਪ੍ਰੰਤੂ ਇਹ ਟੋਆ ਪਾਣੀ ਦੇ ਸੋਮੇ ਤੋਂ ਘੱਟੋ ਘੱਟ 150 ਮੀਟਰ ਦੂਰ ਹੋਵੇ।

8. ਵਰਤੋਂ ਤੋਂ ਤੁਰੰਤ ਬਾਅਦ ਸਪਰੇ ਪੰਪ ਨੂੰ ਧੋ ਕੇ ਸਾਫ ਕਰੋ।
9. ਕੀਟਨਾਸ਼ਕ ਜਾਂ ਦਵਾਈ ਵਾਲੇ ਖਾਲੀ ਡੱਬੇ ਨੂੰ ਵਰਤਣਾ ਬਹੁਤ ਖਤਰਨਾਕ ਹੋ ਸਕਦਾ ਹੈ। ਅਜਿਹੇ ਡੱਬਿਆਂ ਜਾਂ ਸ਼ੀਸ਼ੀਆਂ ਨੂੰ ਤੋੜ ਭੰਨ ਕੇ ਟੋਏ ਵਿੱਚ ਦੱਬ ਦੇਣਾ ਚਾਹੀਦਾ ਹੈ। ਇਹੋ-ਜਿਹੇ ਟੋਏ ਘੱਟੋ ਘੱਟ 50 ਸੈ: ਮੀਂ: ਡੂੰਘੇ ਜ਼ਰੂਰ ਹੋਣ।

## ਮੁਲਾਂਕਣ

**(ੳ) ਬਹੁ-ਉਤਰੀ ਪ੍ਰਸ਼ਨ**

1. ਬਾਹਰੀ ਪ੍ਰਜੀਵੀ ਕੀਟਾਂ ਦੀ ਰੋਕਥਾਮ ਲਈ ਤਰੀਕੇ

   (ੳ) ਡਬੋਣਾ

   (ਅ) ਪੰਪ ਨਾਲ ਸਪਰੇ ਕਰਨਾ

   (ੲ) ਟੀਕਾ ਲਾ ਕੇ

   (ਸ) ਇਹ ਸਾਰੇ

2. ਪਸ਼ੂਆਂ ਦੇ ਸ਼ੈੱਡ, ਵਾੜੇ ਅਤੇ ਤਬੇਲੇ ਵਿੱਚ ਢੁਕਵੇਂ ਕੀਟਨਾਸ਼ਕ ਦੀ ਸਪਰੇ ਕਦੋਂ ਕਰਨੀ ਚਾਹੀਦੀ ਹੈ?

   (ੳ) ਹਰ ਦੋ ਹਫ਼ਤੇ ਮਗਰੋਂ

   (ਅ) ਹਰ ਦੋ ਮਹੀਨਿਆਂ ਬਾਅਦ

   (ੲ) ਹਰ ਤਿੰਨ ਮਹੀਨਿਆਂ ਬਾਅਦ

   (ਸ) ਜਦ ਮਰਜ਼ੀ

3. ਦਵਾਈ ਦੇ ਘੋਲ ਵਿੱਚ ਜਾਨਵਰ ਨੂੰ ਕਦ ਡੋਬਣਾ ਚਾਹੀਦਾ ਹੈ?

   (ੳ) ਦੁਪਹਿਰ ਬਾਅਦ

   (ਅ) ਸਵੇਰੇ

   (ੲ) ਸ਼ਾਮ ਨੂੰ

   (ਸ) ਕਿਸੇ ਵੀ ਵੇਲੇ

4. ਬਾਹਰੀ ਪ੍ਰਜੀਵੀ ਕੀਟਾਂ ਦੀ ਕਾਰਗਰ ਰੋਕਥਾਮ ਲਈ ਦੂਸਰੀ ਵੇਰ ਸਪਰੇ/ਦਵਾਈ.... ਦਿਨਾਂ ਬਾਅਦ ਕਰਨੀ ਚਾਹੀਦੀ ਹੈ।

   (ੳ) 7-9 ਦਿਨ

   (ਅ) 15-21 ਦਿਨ

   (ੲ) 1-2 ਮਹੀਨੇ

   (ਸ) 3-4 ਮਹੀਨੇ

5. ਬਾਹਰੀ ਪ੍ਰਜੀਵੀ ਕੀਟਾਂ ਦਾ ਰੋਕਥਾਮ ਕਰਨ ਲਈ ਸਪਰੇ ਕਰਨ ਵਾਲੇ ਕਾਮਿਆਂ ਨੂੰ ਇਹ ਪਹਿਨਣਾ ਚਾਹੀਦਾ ਹੈ।

   (ੳ) ਸਿਰਫ਼ ਦਸਤਾਨੇ

   (ਅ) ਸਿਰਫ਼ ਐਨਕਾਂ

   (ੲ) ਸਿਰਫ਼ ਮਖੌਟਾ/ਮਾਸਕ

   (ਸ) ਇਹ ਸਾਰੇ

**(ਅ) ਖਾਲੀ ਥਾਂਵਾਂ ਭਰੋ-**

ੳ) ਡੰਗਰਾਂ ਦੀ ਚਮੜੀ ਉਪਰ ਰਹਿਣ ਵਾਲੇ ਜੀਵਾਂ ਨੂੰ............ ਕਿਹਾ ਜਾਂਦਾ ਹੈ।

ਅ) ਚਿਚੜ ਜਿਸ ਜਾਨਵਰ ਉਪਰ ਰਹਿੰਦੇ ਹਨ ਉਸਦਾ ............ ਚੂਸਦੇ ਹਨ।

ੲ) ਬਾਹਰੀ ਪ੍ਰਜੀਵੀ ਕੀੜੇ ............ ਫੈਲਾਉਂਦੇ ਹਨ।

ਸ) ਦਵਾਈ ਵਾਲਾ ਘੋਲ ਪਸ਼ੂ ਦੀ ............ ਉਪਰ ਪਾਉਣਾ ਚਾਹੀਦਾ ਹੈ।

ਹ) ਬਾਹਰੀ ਪ੍ਰਜੀਵੀ ਕੀਟਾਂ ਦੀ ਰੋਕਥਾਮ ਲਈ ਟੀਕਾ ਚਮੜੀ ਦੀ ............ ਵਿੱਚ ਲਾਉਣਾ ਚਾਹੀਦਾ ਹੈ।

**(ੲ) ਸਹੀ ਜਾਂ ਗਲਤ ਦੱਸੋ-**

1. ਬਾਹਰੀ ਪ੍ਰਜੀਵੀ ਕੀਟਾਂ ਦੇ ਗੰਭੀਰ ਹਮਲੇ ਦਾ ਪਸ਼ੂ ਦੀ ਸਿਹਤ 'ਤੇ ਬੁਰਾ ਅਸਰ ਪੈਂਦਾ ਹੈ।
2. ਬਾਹਰੀ ਪ੍ਰਜੀਵੀ ਕੀਟਾਂ ਦੀ ਕਾਰਗਰ ਰੋਕਥਾਮ ਸਿਰਫ਼ ਇਕ ਸਪਰੇ ਨਾਲ ਹੋ ਜਾਂਦੀ ਹੈ।
3. ਦਵਾਈ ਵਾਲੇ ਘੋਲ ਵਿੱਚ ਜਾਨਵਰ ਨੂੰ ਡਬੋਣ ਦਾ ਕੰਮ ਸਾਰੇ ਮੌਸਮਾਂ ਵਿੱਚ ਹੋ ਸਕਦਾ ਹੈ।
4. ਬਿਮਾਰ ਪਸ਼ੂਆਂ ਉਪਰ ਕੀਟਨਾਸ਼ਕ ਦਵਾਈ ਨਹੀਂ ਲਾਉਣੀ ਚਾਹੀਦੀ।
5. ਬਾਹਰੀ ਪ੍ਰਜੀਵੀ ਕੀਟਾਂ ਦੀ ਕਾਰਗਰ ਰੋਕਥਾਮ ਲਈ ਸਰਵਪੱਖੀ ਪਹੁੰਚ ਜ਼ਰੂਰੀ ਹੈ।

**ਉੱਤਰ**

| ੳ) | ਅ) | ੲ) |
|---|---|---|
| 1. ਸ | 1. ਬਾਹਰੀ ਪ੍ਰਜੀਵੀ ਕੀਟ | 1. ਸਹੀ |
| 2. ੳ | 2. ਖ਼ੂਨ | 2. ਗਲਤ |
| 3. ਅ | 3. ਬਿਮਾਰੀਆਂ | 3. ਗਲਤ |
| 4. ਅ | 4. ਢੂਈਂ | 4. ਸਹੀ |
| 5. ਸ | 5. ਹੇਠਲੀ ਤਹਿ | 5. ਗਲਤ |

# ਸੈਸ਼ਨ 3 : ਪਸ਼ੂਆਂ ਨੂੰ ਲੱਗਣ ਵਾਲੀਆਂ ਆਮ ਛੂਤ ਦੀਆਂ ਬਿਮਾਰੀਆਂ, ਟੀਕਾ ਕਰਨ ਅਤੇ 'ਸੰਪੂਰਨ ਸਿਹਤ' ਦਾ ਸਿਧਾਂਤ।

ਪਸ਼ੂ ਪਾਲਣ ਵਾਲੇ ਇੱਕ ਵਿਦਿਆਰਥੀ ਨੂੰ ਦੇਸ਼ ਵਿੱਚ ਪਸ਼ੂਆਂ ਨੂੰ ਲੱਗਣ ਵਾਲੀਆਂ ਆਮ ਛੂਤ ਦੀਆਂ ਬਿਮਾਰੀਆਂ ਬਾਰੇ ਗਿਆਨ ਹੋਣਾ ਚਾਹੀਦਾ ਹੈ। ਇਹ ਬਿਮਾਰੀਆਂ ਥੋੜੇ ਥੋੜੇ ਸਮੇਂ ਮਗਰੋਂ ਹਮਲਾ ਕਰਦੀਆਂ ਰਹਿੰਦੀਆਂ ਹਨ। ਪਸ਼ੂਆਂ ਨੂੰ ਲੱਗਣ ਵਾਲੀਆਂ ਕੁਝ ਆਮ ਛੂਤ ਦੀਆਂ ਬਿਮਾਰੀਆਂ ਅਤੇ ਉਨ੍ਹਾਂ ਦੇ ਲੱਛਣਾਂ ਦਾ ਹੇਠਾਂ ਵਰਨਣ ਕੀਤਾ ਜਾਂਦਾ ਹੈ।

1. **ਮੂੰਹ ਖੁਰ ਦੀ ਬਿਮਾਰੀ (FMD)** : ਇਸ ਬਿਮਾਰੀ ਕਰਕੇ ਤੇਜ਼ ਬੁਖਾਰ ਹੋ ਜਾਂਦਾ ਹੈ। ਮੂੰਹ, ਲੇਵੇ, ਥਣਾਂ ਅਤੇਂ ਖੁਰਾਂ ਦੇ ਸੰਨ੍ਹਾਂ ਵਿਚਕਾਰ ਛਾਲੇ ਹੋ ਜਾਂਦੇ ਹਨ। ਮੂੰਹ ਵਿੱਚੋਂ ਪਾਣੀ/ਥੁੱਕ ਡਿਗਦਾ ਹੈ ਅਤੇ ਲੰਗੜਾਪਨ ਹੋ ਜਾਂਦਾ ਹੈ। ਇਹ ਬਿਮਾਰੀ ਇਕ ਡੰਗਰ ਤੋਂ ਦੂਸਰੇ ਡੰਗਰ ਤੱਕ ਸੰਪਰਕ ਰਾਹੀਂ ਜਾਂ ਅਸਿੱਧੇ ਤੌਰ 'ਤੇ ਦੂਸ਼ਤ ਪਾਣੀ, ਪੱਠਿਆਂ ਅਤੇ ਗੋਬਰ ਰਾਹੀਂ ਬੜੀ ਜਲਦੀ ਫੈਲਦੀ ਹੈ। ਇਸ ਬਿਮਾਰੀ ਨਾਲ਼ ਵੱਡੇ ਪਸ਼ੂ ਨਹੀਂ ਮਰਦੇ ਪ੍ਰੰਤੂ ਕਦੇ ਕਦੇ ਵੱਛੇ/ਵੱਛੀ ਦੀ ਮੌਤ ਹੋ ਸਕਦੀ ਹੈ। ਲਗਾਤਾਰ ਟੀਕਾ ਲਗਾਉਣ ਨਾਲ਼ ਇਸ ਬਿਮਾਰੀ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

2. **ਤਿੱਲੀ ਦਾ ਰੋਗ (Anthrax) :** ਇਹ ਤੇਜ਼ੀ ਨਾਲ ਫੈਲਣ ਵਾਲੀ ਜਾਨਲੇਵਾ ਬਿਮਾਰੀ ਹੈ। ਬਿਮਾਰੀ ਲੱਗਣ ਦੇ 2-3 ਘੰਟਿਆਂ ਬਾਅਦ ਚੰਗਾ ਭਲਾ ਪਸ਼ੂ ਮਰ ਸਕਦਾ ਹੈ ਜੋ ਇਸ ਬਿਮਾਰੀ ਦਾ ਆਮ ਲੱਛਣ ਹੈ। ਕੁਝ ਪਸ਼ੂਆਂ ਨੂੰ ਤੇਜ਼ ਬੁਖਾਰ, ਸਾਹ ਲੈਣ ਵਿੱਚ ਤਕਲੀਫ਼ ਅਤੇ ਮੌਤ ਤੋਂ ਪਹਿਲਾਂ ਲੱਤਾਂ ਮਾਰਨੀਆਂ ਆਦਿ ਲੱਛਣ ਪ੍ਰਗਟ ਹੋ ਸਕਦੇ ਹਨ। ਬਿਮਾਰ ਪਸ਼ੂ ਦੇ ਨੱਕ, ਮੂੰਹ ਤੇ ਕੁਦਰਤੀ ਰਸਤਿਆਂ ਵਿੱਚੋਂ ਖ਼ੂਨ ਵਗਣ ਲੱਗ ਪੈਂਦਾ ਹੈ।

3. **ਲੰਗੜਾ ਬੁਖਾਰ ਜਾਂ ਪੱਟ ਸੋਜ (black-leg):** ਇਹ ਗਾਵਾਂ, ਮੱਝਾਂ, ਭੇਡਾਂ ਅਤੇ ਬੱਕਰੀਆਂ ਦਾ ਭਿਆਨਕ ਰੋਗ ਹੈ। ਆਮ ਤੌਰ 'ਤੇ 6-24 ਮਹੀਨੇ ਉਮਰ ਵਾਲੇ ਜੁਆਨ ਡੰਗਰ ਇਸ ਰੋਗ ਦੀ ਲਪੇਟ ਵਿੱਚ ਆਉਂਦੇ ਹਨ। ਰੋਗੀ ਪਸ਼ੂ ਨੂੰ ਤੇਜ਼ ਬੁਖਾਰ ਹੋਣਾ, ਭੁੱਖ ਘੱਟ ਲਗਣਾ, ਸੁਸਤ ਹੋਣਾ, ਲੰਗੜਾ ਕੇ ਤੁਰਨਾ, ਪਿਛਲੀਆਂ ਲੱਤਾਂ, ਗਲ ਅਤੇ ਪੁੜਿਆਂ ਤੇ ਸੋਜ ਆਉਣਾ ਇਸ ਬਿਮਾਰੀ ਦੇ ਮੁੱਖ ਲੱਛਣ ਹਨ।

4. **ਗਲ ਘੋਟੂ (Haemorrhagic Septicaemia) :** ਇਸ ਬਿਮਾਰੀ ਵਿੱਚ ਜ਼ਹਿਰਬਾਦ ਹੋ ਜਾਂਦਾ ਹੈ। ਰੋਗੀ ਪਸ਼ੂ ਦੇ ਗਲ ਵਿੱਚ ਸੋਜ ਪੈ ਜਾਂਦੀ ਹੈ ਜਿਸ ਕਾਰਨ ਸਾਹ ਖਿਚਵਾਂ ਅਤੇ ਔਖਾ ਆਉਂਦਾ ਹੈ। ਤੇਜ਼ ਬੁਖਾਰ ਦੇ ਨਾਲ ਨਾਸਾਂ ਵਿੱਚੋਂ ਪਾਣੀ ਵਗਣ ਲੱਗ ਜਾਂਦਾ ਹੈ। ਰੋਗੀ ਪਸ਼ੂ ਪੱਠੇ ਖਾਣਾ ਛੱਡ ਦਿੰਦਾ ਹੈ। ਜੇ ਇਲਾਜ ਨਾ ਹੋਵੇ ਤਾਂ ਪਸ਼ੂ ਮਰ ਵੀ ਸਕਦਾ ਹੈ।

5. **ਤੂ ਜਾਣਾ (Brucellosis)** : ਇਹ ਰੋਗ ਵੱਡੇ ਡੰਗਰਾਂ ਨੂੰ ਲਗਦਾ ਹੈ। ਇਸ ਬਿਮਾਰੀ ਨਾਲ ਗੱਭਣ ਪਸ਼ੂ ਗਰਭ ਡੇਗ ਦਿੰਦਾ ਹੈ ਜਿਸ ਨਾਲ ਭਾਰੀ ਆਰਥਿਕ ਨੁਕਸਾਨ ਹੁੰਦਾ ਹੈ। ਝੋਟਿਆਂ ਅਤੇ ਬਲ਼ਦਾਂ ਵਿੱਚ ਇਸ ਬਿਮਾਰੀ ਨਾਲ ਪਤਾਲੂਆਂ ਉਪਰ ਸੋਜ ਆ ਜਾਂਦੀ ਹੈ। ਇਹ ਰੋਗ ਪਸ਼ੂਆਂ ਤੋਂ ਮਨੁੱਖਾਂ ਨੂੰ ਵੀ ਲੱਗ ਸਕਦਾ ਹੈ।

ਵੱਖ-ਵੱਖ ਸਰੋਤਾਂ ਤੋਂ ਬਿਮਾਰੀਆਂ ਦੇ ਹਮਲੇ ਸੰਬੰਧੀ ਜਾਣਕਾਰੀ ਦੇ ਅਧਾਰ 'ਤੇ ਬਿਮਾਰੀਆਂ ਸੰਬੰਧੀ ਚਿਤਾਵਨੀ ਜਾਰੀ ਕੀਤੀ ਜਾ ਸਕਦੀ ਹੈ। ਅਜਿਹੀ ਚਿਤਾਵਨੀ ਜਾਰੀ ਕਰਕੇ ਕਿਸਾਨਾਂ ਅਤੇ ਪਸ਼ੂ ਪਾਲਕਾਂ ਨੂੰ ਬਿਮਾਰੀ ਫੈਲਣ ਦੇ ਖਤਰੇ ਤੋਂ ਅਗਾਊਂ ਸਾਵਧਾਨ ਕੀਤਾ ਜਾ ਸਕਦਾ ਹੈ ਤਾਂ ਜੋ ਉਹ ਵੇਲੇ ਸਿਰ ਸੁਰੱਖਿਅਤ ਕਾਰਵਾਈ ਕਰਕੇ ਬਿਮਾਰੀ ਤੋਂ ਬਚਾਅ ਕਰ ਲੈਣ।

ਇਸ ਵਿਧੀ ਰਾਹੀਂ ਬਿਮਾਰੀਆਂ ਬਾਰੇ ਅਗਾਂਉ ਚਿਤਾਵਨੀ ਦੇਣ ਦੇ ਹੇਠ ਲਿਖੇ ਲਾਭ ਹਨ—


ੳ) ਡੇਅਰੀ ਮਾਲਕ ਆਪਣੇ ਪਸ਼ੂਆਂ ਦਾ ਬਿਮਾਰੀਆਂ ਤੋਂ ਚੰਗੇ ਤਰੀਕੇ ਨਾਲ ਬਚਾਅ ਕਰ ਸਕਦਾ ਹੈ।

ਅ) ਅਜਿਹੀ ਚਿਤਾਵਨੀ ਦੇਣ ਨਾਲ ਵੈਟਨਰੀ ਡਾਕਟਰ ਦੀਆਂ ਸੇਵਾਵਾਂ ਮੌਕੇ ਸਿਰ ਮਿਲ ਜਾਂਦੀਆਂ ਹਨ ਅਤੇ ਵੈਕਸੀਨੇਸ਼ਨ ਦੁਆਰਾ ਬਿਮਾਰੀਆਂ ਦੀ ਅਗਾਊਂ ਰੋਕਥਾਮ ਕੀਤੀ ਜਾ ਸਕਦੀ ਹੈ।

ੲ) ਇਸ ਸਿਸਟਮ ਦੁਆਰਾ ਪਸ਼ੂਆਂ ਦੀ ਪੈਦਾਵਾਰ ਵਿੱਚ ਚੋਖਾ ਵਾਧਾ ਹੋ ਸਕਦਾ ਹੈ।

ਸ) ਅਗਾਊਂ ਚਿਤਾਵਨੀ ਦੇਣ ਕਾਰਨ ਪਸ਼ੂਆਂ ਦੇ ਇਲਾਜ ਉਪਰ ਜੋ ਖਰਚਾ ਹੋਣਾ ਸੀ ਉਸ ਵਿੱਚ ਕਮੀ ਆਵੇਗੀ।

ਇਸ ਲਈ ਡੰਗਰਾਂ ਦੀਆਂ ਬਿਮਾਰੀਆਂ ਸੰਬੰਧੀ ਨਿਰੀਖਣ ਕਰਨ ਸਦਕਾ ਇਨ੍ਹਾਂ ਬਿਮਾਰੀਆਂ ਦੀ ਅਗਾਊਂ ਤੇ ਕਾਰਗਰ ਰੋਕਥਾਮ ਹੋ ਸਕਦੀ ਹੈ। ਜਿਸ ਦੇ ਸਿੱਟੇ ਵਜੋਂ ਡੰਗਰਾਂ ਦੀ ਸਿਹਤ ਚੰਗੀ ਹੋਵੇਗੀ ਅਤੇ ਆਰਥਿਕ ਲਾਭ ਵਧੇਰੇ ਹੋਵੇਗਾ। ਇਸ ਸਿਧਾਂਤ ਨੂੰ ਤਸਵੀਰ 1.9 ਵਿੱਚ ਦਰਸਾਇਆ ਗਿਆ ਹੈ।




**ਤਸਵੀਰ 1.9: ਪਸ਼ੂਆਂ ਨੂੰ ਵੈਕਸੀਨੇਸ਼ਨ ਟੀਕਾ ਲਗਵਾਉਣਾ**

### ਵੈਕਸੀਨ ਤੋਂ ਕੀ ਭਾਵ ਹੈ?

ਵੈਕਸੀਨ ਇੱਕ ਅਜਿਹਾ ਤਰਲ ਹੈ ਜੋ ਬਿਮਾਰੀਆਂ ਜਾਂ ਜਿਵਾਣੂਆਂ ਨਾਲ ਲੜਨ ਦੀ ਸਰੀਰਕ ਸ਼ਕਤੀ ਵਧਾ ਦਿੰਦਾ ਹੈ। ਵੈਕਸੀਨ ਵਿੱਚ ਜਰਮ ਦਾ ਕੁਝ ਹਿੱਸਾ ਜਾਂ ਜਰਮ ਦੁਆਰਾ ਪੈਦਾ ਕੀਤੀ ਜ਼ਹਿਰ ਦਾ ਕੁਝ ਭਾਗ ਹੁੰਦਾ ਹੈ। ਵੈਕਸੀਨ ਲਾਉਣ ਨਾਲ ਪਸ਼ੂ ਬਿਮਾਰ ਨਹੀਂ ਹੁੰਦਾ ਸਗੋਂ ਇਹ ਪਸ਼ੂ ਨੂੰ ਭਵਿੱਖ ਵਿੱਚ ਬਿਮਾਰ ਹੋਣ ਤੋਂ ਬਚਾਉਂਦਾ ਹੈ। ਵੈਕਸੀਨ ਦੇ ਟੀਕੇ ਆਮ ਤੌਰ ਤੇ ਗਾਵਾਂ, ਮੱਝਾਂ, ਬਕਰੀਆਂ, ਭੇਡਾਂ ਅਤੇ ਸੂਰਾਂ ਵਿੱਚ ਲਗਾਏ ਜਾਂਦੇ ਹਨ।

ਪਸ਼ੂਆਂ ਦੀਆਂ ਕਈ ਬਿਮਾਰੀਆਂ ਦੀ ਅਗਾਊਂ ਅਤੇ ਕਾਰਗਰ ਰੋਕਥਾਮ ਕਰਨ ਲਈ ਵੈਕਸੀਨ ਦਾ ਟੀਕਾ ਲਗਾਉਣਾ ਇਕ ਲਾਭਕਾਰੀ ਤਰੀਕਾ ਹੈ। ਵੈਕਸੀਨੇਸ਼ਨ ਕਰਵਾਉਣ ਦਾ ਇਹ ਭਾਵ ਹੈ ਕਿ ਇਕ ਖਾਸ ਵੈਕਸੀਨ ਪਸ਼ੂ ਦੇ ਸਰੀਰ ਵਿੱਚ ਦਾਖਲ ਕੀਤੀ ਜਾਂਦੀ ਹੈ ਜੋ ਕਿ ਖਾਸ ਬਿਮਾਰੀ ਦੇ ਖਿਲਾਫ਼ ਲੜਨ ਲਈ ਪਸ਼ੂ ਦੀ ਸਰੀਰਕ ਸ਼ਕਤੀ ਵਿੱਚ ਵਾਧਾ ਕਰਦੀ ਹੈ। ਵੱਖ ਵੱਖ ਬਿਮਾਰੀਆਂ ਲਈ ਵੱਖ-ਵੱਖ ਵੈਕਸੀਨਾਂ ਉਪਲੱਬਧ ਹਨ ਜਿਨ੍ਹਾਂ ਦਾ ਟੀਕਾ, ਚਮੜੀ ਦੀ ਹੇਠਲੀ ਤਹਿ ਵਿੱਚ ਜਾਂ ਉਪਰਲੀ ਤਹਿ ਵਿੱਚ ਜਾਂ ਚਮੜੀ ਹੇਠ ਪੱਠਿਆਂ ਵਿੱਚ ਲਗਾਇਆ ਜਾਂਦਾ ਹੈ।

ਛੂਤ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਪਸ਼ੂਆਂ ਦੇ ਪੂਰੇ ਵੱਗ ਵਿੱਚ ਸਾਰੇ ਪਸ਼ੂਆਂ ਨੂੰ ਵੈਕਸੀਨ ਦਾ ਟੀਕਾ ਲਗਾਉਣਾ ਚਾਹੀਦਾ ਹੈ ਤਾਂ ਜੋ ਅਜਿਹੀਆਂ ਬਿਮਾਰੀਆਂ ਤੋਂ ਸਾਰੇ ਡੰਗਰਾਂ ਦਾ ਬਚਾਅ ਹੋ ਸਕੇ ਅਤੇ ਪਸ਼ੂ ਪਾਲਣ ਧੰਦੇ ਤੋਂ ਪੂਰਾ ਲਾਭ ਉਠਾਇਆ ਜਾ ਸਕੇ। ਵੈਕਸੀਨ ਦਾ ਟੀਕਾ ਸਿਰਫ਼ ਨਿਰੋਗ ਪਸ਼ੂ ਨੂੰ ਹੀ ਲਗਾਇਆ ਜਾ ਸਕਦਾ ਹੈ।

**ਪਾਲਤੂ ਡੰਗਰਾਂ ਨੂੰ ਵੈਕਸੀਨੇਸ਼ਨ ਕਰਾਉਣ ਸੰਬੰਧੀ ਵਿਉਂਤਬੰਦੀ**


ਇਸ ਵਿਉਂਤਬੰਦੀ ਵਿੱਚ ਵੈਕਸੀਨ ਦਾ ਮੁਢਲਾ ਟੀਕਾ, ਬੂਸਟਰ ਟੀਕਾ ਅਤੇ ਦੂਸਰਾ ਟੀਕਾ ਲਗਾਉਣਾ ਪੈਂਦਾ ਹੈ।

**ਵੈਕਸੀਨ ਦਾ ਪਹਿਲਾ ਟੀਕਾ** : ਵੈਕਸੀਨ ਦੀ ਇਹ ਪਹਿਲੀ ਕਿਸ਼ਤ ਜਾਂ ਡੋਜ਼ ਹੈ ਜੋ ਕਿਸੇ ਖਾਸ ਬਿਮਾਰੀ ਖਿਲਾਫ਼ ਲੜਨ ਦੀ ਪਸ਼ੂ ਦੀ ਸਰੀਰਕ ਸ਼ਕਤੀ ਨੂੰ ਜਗਾਂਉਦੀ ਹੈ।

**ਬੂਸਟਰ ਟੀਕਾ** : ਕਈ ਹਾਲਤਾਂ ਵਿੱਚ ਬਿਮਾਰੀ ਖਿਲਾਫ ਲੜਨ ਦੀ ਸਰੀਰਕ ਸ਼ਕਤੀ ਸਮਾਂ ਬੀਤਣ ਨਾਲ ਘੱਟ ਜਾਂਦੀ ਹੈ। ਅਜਿਹੀ ਸਰੀਰਕ ਸ਼ਕਤੀ ਵਿਚ ਵਾਧਾ ਕਰਨ ਲਈ ਪਸ਼ੂ ਦੇ ਸਰੀਰ ਵਿੱਚ ਵੈਕਸੀਨ ਦਾ ਦੂਸਰਾ ਟੀਕਾ ਲਾਇਆ ਜਾਂਦਾ ਹੈ ਜਿਸਨੂੰ ਬੂਸਟਰ ਟੀਕਾ ਕਿਹਾ ਜਾਂਦਾ ਹੈ। ਇਸ ਦਾ ਭਾਵ ਇਹ ਹੈ ਕਿ ਜੋ ਪਹਿਲਾ ਟੀਕਾ ਲੱਗਾ ਸੀ ਉਹੀ ਵੈਕਸੀਨ ਦੁਬਾਰਾ ਦਿੱਤੀ ਜਾਂਦੀ ਹੈ।

**ਦੁਬਾਰਾ ਵੈਕਸੀਨੇਸ਼ਨ ਕਰਨਾ** : ਬਹੁਤੀਆਂ ਵੈਕਸੀਨਾਂ ਅਜਿਹੀਆਂ ਹਨ ਜੋ ਡੰਗਰ ਨੂੰ ਉਮਰ ਭਰ ਲਈ ਬਿਮਾਰੀਆਂ ਤੋਂ ਨਹੀਂ ਬਚਾਉਂਦੀਆਂ। ਹਰ ਵੈਕਸੀਨ ਇਕ ਖ਼ਾਸ ਸਮੇਂ ਲਈ ਹੀ ਡੰਗਰ ਨੂੰ ਬਿਮਾਰੀ ਤੋਂ ਸੁਰੱਖਿਆ ਪ੍ਰਦਾਨ ਕਰਦੀ ਹੈ। ਆਮ ਤੌਰ 'ਤੇ ਇਹ ਸਮਾਂ ਇਕ ਸਾਲ ਦਾ ਹੁੰਦਾ ਹੈ। ਇਸ ਲਈ ਇੱਕ ਸਾਲ ਤੋਂ ਬਾਅਦ ਇਕ ਨਿਸ਼ਚਿਤ ਮਿਤੀ 'ਤੇ ਡੰਗਰ ਨੂੰ ਦੁਬਾਰਾ ਵੈਕਸੀਨ ਦਾ ਟੀਕਾ ਲਗਵਾਉਣਾ ਚਾਹੀਦਾ ਹੈ। ਇਸ ਤਰ੍ਹਾਂ ਉਮਰ ਭਰ ਲਈ ਪਸ਼ੂ ਨੂੰ ਬਿਮਾਰੀ ਤੋਂ ਬਚਾਉਣ ਲਈ ਹਰ ਵੇਰ ਦੁਬਾਰਾ ਵੈਕਸੀਨ ਦਾ ਟੀਕਾ ਲਗਾਉਣਾ ਜ਼ਰੂਰੀ ਹੈ।

ਵੈਕਸੀਨ ਲਗਾਉਣ ਸੰਬੰਧੀ ਤਰੀਕਾ ਤਸਵੀਰ 1.10 ਵਿੱਚ ਦਰਸਾਇਆ ਗਿਆ ਹੈ।





**ਤਸਵੀਰ 1.10: ਵੈਕਸੀਨੇਸ਼ਨ ਕਰਵਾਉਣ ਦਾ ਤਰੀਕਾ।**

**ਵੈਕਸੀਨੇਸ਼ਨ ਦੀ ਸਮਾਂ-ਸੂਚੀ**

ਗਾਵਾਂ ਤੇ ਮੱਝਾਂ ਦੀਆਂ ਕੁਝ ਗੰਭੀਰ ਬਿਮਾਰੀਆਂ ਲਈ ਵੈਕਸੀਨੇਸ਼ਨ ਦੇ ਟੀਕੇ ਲਗਾਉਣ ਦੀ ਸਮਾਂ-ਸੂਚੀ ਹੇਠਲੀ ਸਾਰਣੀ ਵਿੱਚ ਦਿੱਤੀ ਗਈ ਹੈ :

| ਵੈਕਸੀਨ ਦਾ ਨਾਂ | ਪਸ਼ੂ ਨੂੰ ਪਹਿਲਾ ਟੀਕਾ ਲਾਉਣ ਦਾ ਸਮਾਂ | ਪਸ਼ੂ ਨੂੰ ਬੂਸਟਰ ਟੀਕਾ ਲਾਉਣ ਦਾ ਸਮਾਂ | ਪਸ਼ੂ ਦੀ ਦੁਬਾਰਾ ਵੈਕਸੀਨੇਸ਼ਨ ਕਰਾਉਣ ਦਾ ਸਮਾਂ |
|---|---|---|---|
| ਮੂੰਹ ਖੁਰ ਦੀ ਵੈਕਸੀਨ | 6–8 ਹਫਤੇ ਦੀ ਉਮਰ | ਪਹਿਲੇ ਟੀਕੇ ਤੋਂ 6 ਮਹੀਨੇ ਬਾਅਦ | ਹਰ ਸਾਲ |
| ਗਲ ਘੋਟੂ ਰੋਗ ਦੀ ਵੈਕਸੀਨ | 6 ਮਹੀਨੇ ਜਾਂ ਵੱਧ ਉਮਰ ਹੋਵੇ | .............................. | ਹਰ ਸਾਲ |
| ਪੱਟ ਸੋਜ ਰੋਗ ਦੀ ਵੈਕਸੀਨ | 6 ਮਹੀਨੇ ਜਾਂ ਵੱਧ ਉਮਰ ਹੋਵੇ | .............................. | ਹਰ ਸਾਲ |
| ਤਿੱਲੀ ਦੇ ਰੋਗ ਦੀ ਵੈਕਸੀਨ | 6 ਮਹੀਨੇ ਜਾਂ ਇਸ ਤੋਂ ਵੱਧ ਉਮਰ ਹੋਵੇ | .............................. | ਹਰ ਸਾਲ ਇੰਨਡੀਮਿਕ ਥਾਂ 'ਤੇ ਲਾਉ |
| ਤੂ ਜਾਣੇ ਰੋਗ ਦੀ ਵੈਕਸੀਨ | 4–8 ਮਹੀਨੇ ਦੀ ਕੱਟੀ/ਵੱਛੀ | .............................. | .............................. |




**ਤਸਵੀਰ 1.11 ਪਸ਼ੂਆਂ ਦੀਆਂ ਪ੍ਰਮੁੱਖ ਬਿਮਾਰੀਆਂ ਜਿਨ੍ਹਾਂ ਦੀ ਰੋਕਥਾਮ ਵੈਕਸੀਨੇਸ਼ਨ ਨਾਲ ਸੰਭਵ ਹੈ।**

**ਵੈਕਸੀਨਾਂ ਦਾ ਰੱਖ-ਰਖਾਓ ਅਤੇ ਟੀਕੇ ਲਾਉਣਾ**

ਜ਼ਿਆਦਾਤਰ ਵੈਕਸੀਨਾਂ ਬਿਮਾਰੀ ਪੈਦਾ ਕਰਨ ਵਾਲੇ ਜ਼ਿੰਦਾ ਜਿਵਾਣੂਆਂ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਵੈਕਸੀਨਾਂ ਤਾਪਮਾਨ ਪ੍ਰਤੀ ਬਹੁਤ ਸੰਵੇਦਨਸ਼ੀਲ ਹੁੰਦੀਆਂ ਹਨ। ਵੈਕਸੀਨ ਦੀ ਕਾਰਜ ਕੁਸ਼ਲਤਾ ਇਸਦੇ ਰੱਖ ਰਖਾਓ ਅਤੇ ਸਹੀ ਤਰੀਕੇ ਨਾਲ਼ ਟੀਕਾ ਲਾਉਣ 'ਤੇ ਨਿਰਭਰ ਕਰਦੀ ਹੈ। ਵੈਕਸੀਨਾਂ ਨੂੰ ਸਟੋਰ ਵਿੱਚ ਰੱਖਣ ਵੇਲੇ ਹੇਠ ਲਿਖੇ ਜ਼ਰੂਰੀ ਨੁਕਤੇ ਜ਼ਰੂਰ ਧਿਆਨ ਵਿੱਚ ਰੱਖੋ :

1. ਟਰਾਂਸਪੋਰਟ ਰਾਹੀਂ ਵੈਕਸੀਨ ਪ੍ਰਾਪਤ ਕਰਨ ਤੋਂ ਬਾਅਦ ਇਹ ਤਸੱਲੀ ਕਰੋ ਕਿ ਵੈਕਸੀਨ ਸੀਲਬੰਦ ਡੱਬੇ ਵਿੱਚ ਹੋਵੇ। ਇਹ ਵੀ ਦੇਖੋ ਕਿ ਜਿਸ ਡੱਬੇ ਵਿੱਚ ਵੈਕਸੀਨ ਆਈ ਹੈ ਉਸ ਵਿੱਚ ਬਰਫ਼ ਜ਼ਰੂਰ ਹੋਵੇ। ਜੇਕਰ ਇਹ ਦੋ ਮੁਢਲੀਆਂ

ਸ਼ਰਤਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਕੰਪਨੀ ਤੋਂ ਵੈਕਸੀਨ ਬਦਲਣ ਬਾਰੇ ਲਿਖੋ। ਵੈਕਸੀਨ ਦੀ ਸ਼ੀਸ਼ੀ ਉੱਪਰ ਐਕਸਪਾਇਰੀ ਦੀ ਮਿਤੀ ਧਿਆਨ ਨਾਲ ਦੇਖੋ ਕਿਉਂਕਿ ਮਿਆਦ ਖ਼ਤਮ ਹੋਣ ਤੋਂ ਬਾਅਦ ਵੈਕਸੀਨ ਕੰਮ ਨਹੀਂ ਕਰਦੀ। ਅਜਿਹੀ ਵੈਕਸੀਨ ਲਾਉਣ ਨਾਲ ਪਸ਼ੂ ਨੂੰ ਬਿਮਾਰੀ ਲੱਗਣ ਦਾ ਖਤਰਾ ਵੱਧ ਜਾਵੇਗਾ।

2. ਸਟੋਰ ਵਿੱਚ ਵੈਕਸੀਨ ਨੂੰ 35-45 ਡਿਗਰੀ ਫਾਰਨਹੀਟ (2-7 ਡਿਗਰੀ ਸੈਂਟੀਗਰੇਡ) ਤਾਪਮਾਨ ’ਤੇ ਰੱਖੋ। ਇਸ ਤੋਂ ਘੱਟ ਜਾਂ ਵੱਧ ਤਾਪਮਾਨ ’ਤੇ ਵੈਕਸੀਨ ਵਿੱਚ ਮੌਜੂਦ ਜ਼ਿੰਦਾ ਜੀਵ ਮਰ ਸਕਦੇ ਹਨ ਜਿਸ ਨਾਲ ਵੈਕਸੀਨ ਬੇ-ਅਸਰ ਹੋ ਸਕਦੀ ਹੈ। ਇਸ ਲਈ ਸਟੋਰ ਦੇ ਤਾਪਮਾਨ ਦਾ ਬਰੀਕੀ ਨਾਲ ਧਿਆਨ ਰੱਖਣਾ ਚਾਹੀਦਾ ਹੈ, ਖਾਸ ਕਰਕੇ ਗਰਮੀਆਂ ਵਿੱਚ। ਇਸ ਤੋਂ ਇਲਾਵਾ ਵੈਕਸੀਨਾਂ ਨੂੰ ਕਦੇ ਵੀ ਏਨਾ ਠੰਢਾ ਨਾ ਕਰੋ ਕਿ ਇਹ ਬਰਫ਼ ਵਾਂਗ ਜੰਮ ਜਾਣ।

3. ਬਹੁਤੀਆਂ ਵੈਕਸੀਨਾਂ ਵੱਡੀਆਂ ਸ਼ੀਸ਼ੀਆਂ ਵਿੱਚ ਹੁੰਦੀਆਂ ਹਨ ਜਿਸ ਤੋਂ ਕਈ ਟੀਕੇ ਲਗਾਏ ਜਾ ਸਕਦੇ ਹਨ। ਜਦ ਰਬੜ ਦੇ ਢੱਕਣ ਵਿੱਚੋਂ ਟੀਕੇ ਦੀ ਸੂਈ ਚੋਭ ਕੇ ਵੈਕਸੀਨ ਕੱਢੀ ਜਾਂਦੀ ਹੈ ਤਦ ਵੈਕਸੀਨ ਦੇ ਦੂਸ਼ਤ ਹੋਣ ਦਾ ਵਧੇਰੇ ਖਤਰਾ ਰਹਿੰਦਾ ਹੈ। ਇਸ ਖਤਰੇ ਤੋਂ ਬਚਣ ਲਈ ਸ਼ੀਸ਼ੀ ਵਿਚੋਂ ਵੈਕਸੀਨ ਕੱਢਣ ਲਈ ਢੱਕਣ ਵਿੱਚ ਇੱਕ ਹੀ ਸੂਈ ਖਬੋ ਕੇ ਰੱਖਣੀ ਚਾਹੀਦੀ ਹੈ ਅਤੇ ਹਰ ਵੇਰ ਵੈਕਸੀਨ ਕੱਢਣ ਲਈ ਨਵੀਂ ਸਰਿੰਜ ਵਰਤੀ ਜਾਵੇ। ਇਸ ਵਿਧੀ ਨਾਲ ਵੈਕਸੀਨ ਦੀ ਸ਼ੁੱਧਤਾ ਬਰਕਰਾਰ ਰੱਖੀ ਜਾ ਸਕਦੀ ਹੈ।

4. ਬਹੁਤੀਆਂ ਵੈਕਸੀਨਾਂ ਜੰਮੀ ਹੋਈ ਅਵਸਥਾ ਵਿੱਚ ਹੁੰਦੀਆਂ ਹਨ ਅਤੇ ਪਸ਼ੂ ਦੇ ਲਾਉਣ ਤੋਂ ਪਹਿਲਾਂ ਇਨ੍ਹਾਂ ਨੂੰ ਜਰਮ ਰਹਿਤ ਘੋਲਕ ਵਿੱਚ ਮਿਲਾ ਕੇ ਪਤਲਾ ਕਰਨਾ ਪੈਂਦਾ ਹੈ। ਅਜਿਹੇ ਘੋਲਕ ਤਰਲ ਹਰ ਵੈਕਸੀਨ ਲਈ ਵਖਰੇ ਹੁੰਦੇ ਹਨ ਅਤੇ ਇੱਕ ਦੂਸਰੇ ਨਾਲ ਵਟਾਏ ਨਹੀਂ ਜਾ ਸਕਦੇ। ਬੜੇ ਧਿਆਨ ਨਾਲ ਵੈਕਸੀਨ ਨੂੰ ਅਜਿਹੇ ਤਰਲ-ਘੋਲ ਵਿੱਚ ਪਾ ਕੇ ਪਤਲਾ ਕਰਨਾ ਚਾਹੀਦਾ ਹੈ। ਘੋਲਕ ਵਿੱਚ ਪਾਉਣ ਬਾਦ 60 ਮਿੰਟਾਂ ਦੇ ਅੰਦਰ ਅੰਦਰ ਇਹ ਵੈਕਸੀਨ ਦਾ ਟੀਕਾ ਪਸ਼ੂ ਨੂੰ ਲਾ ਦੇਣਾ ਜ਼ਰੂਰੀ ਹੈ ਅਤੇ ਇਸ ਦੌਰਾਨ ਠੰਡੇ ਤਾਪਮਾਨ ’ਤੇ ਇਸ ਨੂੰ ਰੱਖਣਾ ਚਾਹੀਦਾ ਹੈ।

5. ਵੈਕਸੀਨ ਟੀਕਾ ਆਮ ਤੌਰ ’ਤੇ ਚਮੜੀ ਦੀ ਹੇਠਲੀ ਪਰਤ ਵਿੱਚ ਲਾਇਆ ਜਾਂਦਾ ਹੈ (ਤਸਵੀਰ 1.12) ਜਾਂ ਪੱਠਿਆਂ ਵਿੱਚ (ਤਸਵੀਰ 1. 13) ਇਸ ਸੰਬੰਧ ਵਿੱਚ ਜ਼ਰੂਰੀ ਹਦਾਇਤਾਂ ਨਿਰਮਾਤਾ ਕੰਪਨੀ ਵੱਲੋਂ ਲਿਖੀਆਂ ਜਾਂਦੀਆਂ ਹਨ। ਵੈਕਸੀਨ ਦਾ ਟੀਕਾ ਇਨ੍ਹਾਂ ਹਦਾਇਤਾਂ ਅਨੁਸਾਰ ਲਾਉਣਾ ਚਾਹੀਦਾ ਹੈ। ਗਲਤ ਤਰੀਕੇ ਨਾਲ ਟੀਕਾ ਲਾਉਣ ਦਾ ਨਤੀਜਾ ਇਹ ਹੋਵੇਗਾ ਕਿ ਵੈਕਸੀਨ ਆਪਣਾ ਕੰਮ ਨਹੀਂ ਕਰੇਗੀ ਅਤੇ ਬਿਮਾਰੀ ਲੱਗਣ ਨਾਲ ਡੰਗਰ ਦਾ ਕੋਈ ਅੰਗ ਮਾਰਿਆ ਜਾ ਸਕਦਾ ਹੈ ਜਾਂ ਪਸ਼ੂ ਦੀ ਮੌਤ ਵੀ ਹੋ ਸਕਦੀ ਹੈ।



ਤਸਵੀਰ 1. 12 ਇੱਕ ਗਾਂ ਦੀ ਚਮੜੀ ਦੀ ਹੇਠਲੀ ਪਰਤ ਵਿੱਚ ਵੈਕਸੀਨ ਦਾ ਟੀਕਾ ਲਗਾਇਆ ਜਾ ਰਿਹਾ ਹੈ।



ਤਸਵੀਰ 1.13 ਗਾਂ ਦੇ ਪੱਠਿਆਂ ਵਿੱਚ ਵੈਕਸੀਨ ਦਾ ਟੀਕਾ ਲਾਇਆ ਜਾ ਰਿਹਾ ਹੈ।

6. ਵੈਕਸੀਨ ਦਾ ਟੀਕਾ ਲਾਉਣ ਤੋਂ ਪਹਿਲਾਂ ਰੂੰ ਦੇ ਫੰਬੇ ਨਾਲ ਅਲਕੋਹਲ ਨਹੀਂ ਲਾਉਣੀ ਚਾਹੀਦੀ ਕਿਉਂਕਿ ਅਲਕੋਹਲ ਨਾਲ ਵੈਕਸੀਨ ਵਿਚਲੇ ਉਪਯੋਗੀ ਜਿਵਾਣੂ ਮਰ ਸਕਦੇ ਹਨ ਅਤੇ ਇਸ ਤਰ੍ਹਾਂ ਵੈਕਸੀਨ ਬੇਅਸਰ ਹੋ ਸਕਦੀ ਹੈ।

7. ਬਹੁਤੀਆਂ ਵੈਕਸੀਨਾਂ ਵਿੱਚ ਜ਼ਿੰਦਾ ਜਿਵਾਣੂ ਹੁੰਦੇ ਹਨ ਇਸ ਲਈ ਵੈਕਸੀਨ ਨੂੰ ਕਿਸੇ ਵਸਤੂ ਉਪਰ ਡੁੱਲਣ ਤੋਂ ਬਚਾਉਣਾ ਚਾਹੀਦਾ ਹੈ। ਪਸ਼ੂ ਦੇ ਸਰੀਰ ਉਪਰ ਜਾਂ ਟੇਬਲ ਜਾਂ ਫਰਸ਼ ਉਪਰ ਵੈਕਸੀਨ ਡੁੱਲਣ ਦੀ ਸੂਰਤ ਵਿੱਚ ਇਸ ਨੂੰ ਕਿਸੇ ਕਿਰਮਨਾਸ਼ਕ ਦਵਾਈ ਨਾਲ ਤੁਰੰਤ ਸਾਫ਼ ਕਰਨਾ ਚਾਹੀਦਾ ਹੈ। ਟੀਕਾ ਲਾਉਣ ਵਾਲੇ ਵਿਅਕਤੀ ਦੇ ਹੱਥਾਂ 'ਤੇ ਲੱਗੀ ਵੈਕਸੀਨ ਨੂੰ ਸਾਬਣ ਨਾਲ ਧੋ ਕੇ ਸਾਫ਼ ਕਰਨਾ ਜ਼ਰੂਰੀ ਹੈ। ਜੇਕਰ ਡੁੱਲੀ ਹੋਈ ਵੈਕਸੀਨ ਨੂੰ ਚੰਗੀ ਤਰ੍ਹਾਂ ਸਾਫ਼ ਨਾ ਕੀਤਾ ਜਾਵੇ ਤਾਂ ਇਸ ਦੁਆਰਾ ਦੂਸਰੇ ਡੰਗਰਾਂ ਉਪਰ ਬਿਮਾਰੀ ਫੈਲਣ ਦਾ ਖਤਰਾ ਰਹਿੰਦਾ ਹੈ।

8. ਵੈਕਸੀਨ ਲਾਉਣ ਉਪਰੰਤ ਜੇਕਰ ਡੰਗਰ ਉੱਤੇ ਕੋਈ ਮਾੜਾ ਪ੍ਰਭਾਵ ਪੈਂਦਾ ਹੈ ਤਾਂ ਇਸਨੂੰ ਨੋਟ ਕਰੋ ਤੇ ਅਗਲਾ ਬੂਸਟਰ ਟੀਕਾ ਲਾਉਣ ਵੇਲੇ ਧਿਆਨ ਰੱਖੋ। ਜੇਕਰ ਡੰਗਰ 'ਤੇ ਮਾੜਾ ਪ੍ਰਭਾਵ ਪਿਛਲੇ ਸਾਲਾਂ ਵਿੱਚ ਪੈਂਦਾ ਰਿਹਾ ਹੈ ਤਾਂ ਇੱਕ ਮਾਹਰ ਵੈਟਨਰੀ ਡਾਕਟਰ ਦੀ ਨਿਗਰਾਨੀ ਹੇਠ ਵੈਕਸੀਨੇਸ਼ਨ ਦਾ ਟੀਕਾ ਲਾਉਣਾ ਚਾਹੀਦਾ ਹੈ। ਅਜਿਹੀ ਹਾਲਤ ਵਿੱਚ ਜਾਂ ਤਾਂ ਵੈਕਸੀਨ ਬਦਲੀ ਜਾਵੇ ਜਾਂ ਵੈਕਸੀਨ ਲਾਉਣ ਤੋਂ ਪਹਿਲਾਂ ਢੁੱਕਵੀਂ ਦੁਆਈ ਦਿੱਤੀ ਜਾਵੇ।

9. ਡੰਗਰਾਂ ਨੂੰ ਵੈਕਸੀਨ ਲਾਉਣ ਦਾ ਰਿਕਾਰਡ ਰੱਖਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਹ ਕਾਨੂੰਨੀ ਤੌਰ 'ਤੇ ਵੈਕਸੀਨ ਲਾਉਣ ਬਾਰੇ ਸਬੂਤ ਹੋਵੇਗਾ, ਖਾਸ ਤੌਰ 'ਤੇ ਉਨ੍ਹਾਂ ਹਾਲਤਾਂ ਵਿੱਚ ਜਦ ਕਿਸੇ ਇਲਾਕੇ ਵਿੱਚ ਵੱਡੇ ਪੱਧਰ 'ਤੇ ਬਿਮਾਰੀ ਫੈਲੀ ਹੋਵੇ। ਡੰਗਰਾਂ ਉਪਰ ਵੈਕਸੀਨ ਦੇ ਪ੍ਰਭਾਵਾਂ ਬਾਰੇ ਪੜਤਾਲ ਕਰਨ ਲਈ ਵੀ ਅਜਿਹਾ ਰਿਕਾਰਡ ਸਹਾਈ ਹੁੰਦਾ ਹੈ।

ਵੈਕਸੀਨੇਸ਼ਨ ਸੰਬੰਧੀ ਰਿਕਾਰਡ ਵਿੱਚ ਹੇਠ ਲਿਖੇ ਨੁਕਤੇ ਜ਼ਰੂਰ ਸ਼ਾਮਲ ਹੋਣ

ੳ) ਵੈਕਸੀਨ ਦਾ ਨਾਂ, ਨਿਰਮਾਤਾ ਕੰਪਨੀ ਬਾਰੇ ਵੇਰਵਾ, ਵੈਕਸੀਨ ਦਾ ਲਾਟ ਨੰਬਰ ਜਾਂ ਸੀਰੀਅਲ ਨੰਬਰ ਅਤੇ ਵੈਕਸੀਨ ਦੀ ਮਿਆਦ ਖਤਮ ਹੋਣ ਦੀ ਤਰੀਖ।


ਅ) ਵੈਕਸੀਨ ਲਾਉਣ ਦੀ ਮਿਤੀ

ੲ) ਟੀਕਾ ਲਾਉਣ ਦੀ ਵਿਧੀ




**ਤਸਵੀਰ 1.14 : ਵੈਕਸੀਨ ਲਾਉਣ ਸੰਬੰਧੀ ਰਿਕਾਰਡ ਕਰਨ ਵਾਲੇ ਜ਼ਰੂਰੀ ਨੁਕਤੇ**

ਵੈਕਸੀਨ ਦੀ ਸ਼ੀਸ਼ੀ ਤੋਂ ਨਿਰਮਾਤਾ ਕੰਪਨੀ ਦਾ ਲੇਬਲ ਲਾਹ ਕੇ ਰਿਕਾਰਡ ਨੋਟ ਕਰਨ ਵਾਲੇ ਰਜਿਸਟਰ ’ਤੇ ਚਿਪਕਾ ਦਿਓ। ਅਜਿਹਾ ਰਿਕਾਰਡ ਕੰਪਿਊਟਰ ਵਿੱਚ ਰੱਖਣਾ ਅਸਾਨ ਹੈ।





**ਤਸਵੀਰ 1.15 : ਨਿਰਮਾਤਾ ਕੰਪਨੀ ਵੱਲੋਂ ਲਗਾਏ ਲੇਬਲ ਉਪਰ 1) ਵੈਕਸੀਨ ਦਾ ਨਾਂ 2) ਟੀਕਾ ਲਾਉਣ ਦਾ ਤਰੀਕਾ 3) ਵੈਕਸੀਨ ਦੀ ਮਾਤਰਾ 4) ਸਟੋਰ ਕਰਨ ਲਈ ਢੁੱਕਵਾਂ ਤਾਪਮਾਨ 5) ਬੈਚ ਨੰ: ਅਤੇ ਨਿਰਮਾਤਾ ਕੰਪਨੀ ਬਾਰੇ ਵਿਵਰਣ ਦਿੱਤਾ ਗਿਆ ਹੈ।**

**ਸਰਵਪੱਖੀ/ਸੰਪੂਰਨ ਸਿਹਤ ਦਾ ਸਿਧਾਂਤ :**

ਮਨੁੱਖ, ਜਾਨਵਰ, ਪੌਦੇ ਅਤੇ ਵਾਤਾਵਰਣ ਸਿਹਤ ਦੇ ਪੱਖ ਤੋਂ ਇਕ ਦੂਸਰੇ ਉੱਪਰ ਨਿਰਭਰ ਕਰਦੇ ਹਨ। ਸੰਪੂਰਨ ਜਾਂ ਸਰਵਪੱਖੀ ਸਿਹਤ ਤੋਂ ਭਾਵ ਇਨ੍ਹਾਂ ਸਭ ਦੀ ਸਿਹਤ ਤੋਂ ਹੈ। ਜੇਕਰ ਜਾਨਵਰਾਂ ਉੱਪਰ ਕਿਟਾਣੂ/ਜੀਵਾਣੂ ਰਹਿੰਦੇ ਹਨ ਤਾਂ ਇਹ ਜੀਵਾਣੂ ਮਨੁੱਖਾਂ ਜਾਂ ਵਾਤਾਵਰਣ ਵਿੱਚ ਪਰਿਵਰਤਤ ਹੋ ਸਕਦੇ ਹਨ। ਇਸੇ ਤਰ੍ਹਾਂ ਜੇ ਵਾਤਾਵਰਣ ਦੂਸ਼ਤ ਹੈ ਤਾਂ ਇਹ ਸਭ ਜ਼ਿੰਦਾ ਵਸਤੂਆਂ ਦੀ ਸਿਹਤ ਨੂੰ ਪ੍ਰਭਾਵਿਤ ਕਰ ਸਕਦਾ ਹੈ। ਮਨੁੱਖਾਂ ਨੂੰ ਲੱਗਣ ਵਾਲੀਆਂ ਲਗਭਗ 75% ਬਿਮਾਰੀਆਂ ਜਾਨਵਰਾਂ ਤੋਂ ਮਨੁੱਖ ਨੂੰ ਲਗਦੀਆਂ ਹਨ।

ਮਨੁੱਖਾਂ ਨੂੰ ਜਾਵਨਰਾਂ ਤੋਂ ਲੱਗਣ ਵਾਲੇ ਰੋਗ: ਜਿਹੜੀਆਂ ਬਿਮਾਰੀਆਂ ਜਾਨਵਰਾਂ ਤੋਂ ਮਨੁੱਖਾਂ ਨੂੰ ਜਾਂ ਮਨੁੱਖਾਂ ਤੋਂ ਜਾਨਵਰਾਂ ਨੂੰ ਲੱਗ ਸਕਦੀਆਂ ਹਨ ਉਨ੍ਹਾਂ ਨੂੰ ਜ਼ੂਨੋਟਿਕ ਬਿਮਾਰੀਆਂ ਕਿਹਾ ਜਾਂਦਾ ਹੈ। ਮਿਸਾਲ ਵਜੋਂ ਹਲਕਾਅ (Rabies), ਤਿੱਲੀ ਦਾ ਰੋਗ (Anthrax), ਤਪਦਿਕ (Tuberculosis) ਅਤੇ ਤੂ ਜਾਣਾ ਰੋਗ (Brucellosis) । ਵੱਧਦੀ ਅਬਾਦੀ ਅਤੇ ਮਨੁੱਖ ਦੁਆਰਾ ਜੰਗਲੀ ਖੇਤਰ 'ਤੇ ਕਬਜ਼ਾ ਕਰਨਾ ਤੇ ਜੰਗਲਾਂ ਵਿੱਚ ਵਧੇਰੇ ਯਾਤਰਾ ਕਰਨੀ ਇਹਨਾਂ ਬਿਮਾਰੀਆਂ ਦੇ ਫੈਲਣ ਦੇ ਮੁੱਖ ਕਾਰਨ ਹਨ।

ਇੱਕ ਸਿਹਤ ਜਾਂ ਸਰਵਪੱਖੀ ਸਿਹਤ ਦਾ ਸਿਧਾਂਤ ਕੋਈ ਨਵਾਂ ਸਿਧਾਂਤ ਨਹੀਂ ਹੈ। ਇਸ ਸਿਧਾਂਤ ਅਨੁਸਾਰ ਇਕ ਬਹੁ-ਪੱਖੀ ਪਹੁੰਚ ਅਪਣਾਈ ਜਾਂਦੀ ਹੈ ਜਿਸ ਵਿੱਚ ਸੰਤੁਲਿਤ ਖੁਰਾਕ, ਰੋਗ ਰਹਿਤ ਜਾਨਵਰ, ਚੰਗਾ ਵਾਤਾਵਰਣ ਅਤੇ ਨਰੋਆ ਮਨੁੱਖੀ ਜੀਵਨ ਪੈਦਾ ਕਰਨ ਲਈ ਮਨੁੱਖੀ ਡਾਕਟਰ, ਵੈਟਨਰੀ ਡਾਕਟਰ, ਵਾਤਾਵਰਣ ਪ੍ਰੇਮੀ ਅਤੇ ਕਿਸਾਨ ਇਕੱਠੇ ਸਮੂਹਿਕ ਤੌਰ 'ਤੇ ਯਤਨ ਕਰਦੇ ਹਨ। ਤਸਵੀਰ 4.16 ਵਿੱਚ 'ਇੱਕ ਸਿਹਤ' ਦੇ ਸਿਧਾਂਤ ਨੂੰ ਪ੍ਰਦਰਸ਼ਿਤ ਕੀਤਾ ਗਿਆ ਹੈ।




**ਤਸਵੀਰ 1.16 : ਨਿਰੋਗ ਸਿਹਤ ਲਈ ਵਾਤਾਵਰਣ, ਜਾਨਵਰਾਂ ਅਤੇ ਮਨੁੱਖਾਂ ਦੀ ਇੱਕ ਦੂਸਰੇ 'ਤੇ ਨਿਰਭਰਤਾ**

'ਇਕ ਸਿਹਤ ਸਿਧਾਂਤ' ਦੇ ਉਦੇਸ਼: ਇਸ ਸਿਧਾਂਤ ਦੇ ਮੁੱਖ ਉਦੇਸ਼ ਇਸ ਪ੍ਰਕਾਰ ਹਨ:

1. ਮਨੁੱਖੀ ਚਿਕਿਤਸਾ, ਵੈਟਨਰੀ ਔਸ਼ਧੀ ਅਤੇ ਵਾਤਾਵਰਣੀ ਸਾਇੰਸ ਦਰਮਿਆਨ ਇਕ-ਜੁਟਤਾ, ਆਪਸੀ ਮਿਲਵਰਤਨ ਅਤੇ ਸਹਿਯੋਗ ਉਤਪੰਨ ਕਰਨਾ।

2. ਵਿਗਿਆਨਕ ਗਿਆਨ ਦੇ ਖੇਤਰ ਨੂੰ ਵਧਾਉਣਾ।

3. ਨਵੀਆਂ ਦਵਾਈਆਂ ਦੀ ਖੋਜ ਨੂੰ ਤੇਜ਼ ਕਰਨਾ।

4. ਮਨੁੱਖੀ ਅਤੇ ਜਾਨਵਰਾਂ ਦੀ ਸਿਹਤ ਵਿਗਿਆਨ ਵਿੱਚ ਉੱਨਤੀ ਕਰਨਾ।

5. ਮਨੁੱਖ ਅਤੇ ਜਾਨਵਰਾਂ ਦੀ ਸਿਹਤ ਸੁਧਾਰਨਾ।

'ਇਕ ਸਿਹਤ' ਵਾਲੇ ਸਿਧਾਂਤ ਦੀ ਕਾਰਗੁਜ਼ਾਰੀ ਦੀ ਇਕ ਮਿਸਾਲ **'ਹਲਕਾਅ ਦੀ ਬਿਮਾਰੀ'** ਦੇ ਸੰਬੰਧ ਵਿੱਚ।

ਹਲਕਾਅ ਦੀ ਬਿਮਾਰੀ ਮਨੁੱਖਾਂ, ਕੁੱਤਿਆਂ ਅਤੇ ਪਾਲਤੂ ਪਸ਼ੂਆਂ ਵਿੱਚ ਵਿਸ਼ਾਣੂ (ਵਾਇਰਸ) ਕਰਕੇ ਲਗਦੀ ਹੈ। ਇੱਕ ਪਾਗਲ ਕੁੱਤੇ ਦੁਆਰਾ ਕੱਟਣ ਉਪਰੰਤ ਮਨੁੱਖ ਅਤੇ ਪਸ਼ੂਆਂ ਵਿੱਚ ਇਹ ਵਿਸ਼ਾਣੂ ਪ੍ਰਵੇਸ਼ ਕਰ ਜਾਂਦੇ ਹਨ ਜਿਸ ਕਾਰਨ ਪੀੜਤ ਮਨੁੱਖ ਜਾਂ ਪਸ਼ੂ ਬੇਕਾਬੂ ਹੋ ਜਾਂਦਾ ਹੈ, ਪਾਣੀ ਤੋਂ ਡਰਨ ਲੱਗਦਾ ਹੈ, ਸਰੀਰ ਦੇ ਵੱਖ-ਵੱਖ ਅੰਗਾਂ ਦੀ ਹਰਕਤ ਰੁਕ ਜਾਂਦੀ ਹੈ, ਪਸ਼ੂ ਗੁੰਮ-ਸੁੰਮ ਅਤੇ ਘਬਰਾਇਆ ਹੋਇਆ ਜਾਪਦਾ ਹੈ, ਰੋਗੀ ਪਸ਼ੂ ਦੇ ਮੂੰਹ ਵਿੱਚੋਂ ਲਾਰਾਂ ਵੱਗਦੀਆਂ ਹਨ ਅਤੇ ਪਸ਼ੂ ਦੀ ਮੌਤ ਹੋ ਜਾਂਦੀ ਹੈ। ਮਨੁੱਖੀ ਡਾਕਟਰ, ਵੈਟਨਰੀ ਡਾਕਟਰ ਅਤੇ ਸਰਕਾਰੀ ਏਜੰਸੀਆਂ ਦੇ ਆਪਸੀ ਤਾਲਮੇਲ ਅਤੇ ਸਹਿਯੋਗ ਨਾਲ ਵਿੱਡੀਆਂ/ਕੀਤੀਆਂ ਕੋਸ਼ਿਸ਼ਾਂ ਨਾਲ ਇਸ ਬਿਮਾਰੀ ਦੀ ਨਾ ਸਿਰਫ ਰੋਕਥਾਮ ਹੋ ਸਕਦੀ ਹੈ ਸਗੋਂ ਇਸਨੂੰ ਜੜ੍ਹੋਂ ਪੁੱਟਿਆ ਜਾ ਸਕਦਾ ਹੈ ਜਿਵੇਂ ਕਿ ਹੇਠਲੀ ਤਸਵੀਰ ਵਿੱਚ ਦਰਸਾਇਆ ਗਿਆ ਹੈ।



ਵਿਦਿਆਰਥੀ ਇਹ ਜਾਣ ਕੇ ਹੈਰਾਨ ਹੋਣਗੇ ਕਿ ਜੰਗਲੀ ਜੀਵਾਂ ਦੇ ਮਾਹਰ ਅਤੇ ਜੰਗਲ ਦੇ ਰਖਵਾਲੇ ਹਲਕਾਅ ਦੀ ਬਿਮਾਰੀ ਦੀ ਰੋਕਥਾਮ ਵਿੱਚ ਕਿਸ ਤਰ੍ਹਾਂ ਸਹਾਈ ਹੋ ਸਕਦੇ ਹਨ। ਅਸਲੀਅਤ ਇਹ ਹੈ ਕਿ ਜੰਗਲੀ ਲੂੰਬੜ/ਲੂੰਬੜੀ, ਗਿੱਦੜ, ਨਿਉਲੇ ਅਤੇ ਚਮ-ਗਿਦੜ ਹਲਕਾਅ ਦੀ ਬਿਮਾਰੀ ਪੈਦਾ ਕਰਨ ਵਾਲੇ ਵਿਸ਼ਾਣੂਆਂ (Virus) ਦੇ ਭੰਡਾਰ ਹੁੰਦੇ ਹਨ। ਇਸ ਲਈ ਜੇਕਰ ਜੰਗਲੀ ਖੇਤਰ ਦੀ ਸੀਮਾਂ ਪੱਕੀ ਕੀਤੀ ਜਾਵੇ ਅਤੇ ਇਨ੍ਹਾਂ ਜਾਨਵਰਾਂ ਦੇ ਮਨੁੱਖੀ ਅਬਾਦੀ ਵਾਲੇ ਖੇਤਰਾਂ ਵਿੱਚ ਜਾਣ ’ਤੇ ਰੋਕ ਲਾਈ ਜਾਵੇ ਤਾਂ ਇਸ ਬਿਮਾਰੀ ਦਾ ਜੇ ਪੂਰਨ ਤੌਰ ’ਤੇ ਖਾਤਮਾ ਨਹੀਂ ਤਾਂ ਇਸ ਬਿਮਾਰੀ ਦੀਆਂ ਘਟਨਾਵਾਂ ਕਾਫ਼ੀ ਹੱਦ ਤੱਕ ਘਟਾਈਆਂ ਜ਼ਰੂਰ ਜਾ ਸਕਦੀਆਂ ਹਨ।

## ਮੁਲਾਂਕਣ

**(ੳ) ਬਹੁ-ਉੱਤਰੀ ਪ੍ਰਸ਼ਨ**

1. ਵੈਕਸੀਨ ਦਾ ਟੀਕਾ ਲਗਾਉਣ ਉਪਰੰਤ ਕੁਝ ਆਮ ਹਲਕੇ ਪੱਧਰ ਦੇ ਇਹ ਲੱਛਣ ਉਤਪੰਨ ਹੁੰਦੇ ਹਨ

   ੳ) ਟੀਕੇ ਵਾਲੀ ਜਗ੍ਹਾ ਲਾਲੀ ਪੈਦਾ ਹੋਣਾ, ਸੋਜ ਆਉਣਾ ਅਤੇ ਪਿਲ-ਪਿਲਾ ਹੋ ਜਾਣਾ

   ਅ) ਸੁਸਤੀ ਅਤੇ ਥਕਾਵਟ ਹੋਣਾ।

   ੲ) ਭੁੱਖ ਨਾ ਲੱਗਣਾ ਅਤੇ

   ਸ) ਇਹ ਸਾਰੇ ਲੱਛਣ

2. ਵੈਕਸੀਨ ਲਾਉਣ ਦਾ ਕੀ ਤਰੀਕਾ ਹੈ ?

   ੳ) ਚਮੜੀ ਦੀ ਹੇਠਲੀ ਤਹਿ ਵਿੱਚ

   ਅ) ਚਮੜੀ ਦੀ ਉਪਰਲੀ ਤਹਿ ਵਿੱਚ

   ੲ) ਚਮੜੀ ਹੇਠ ਪੱਠਿਆਂ ਵਿੱਚ

   ਸ) ਇਹ ਸਾਰੇ

3. ਪਸ਼ੂ ਦੇ ਵੈਕਸੀਨ ਦਾ ਟੀਕਾ ਨਾ ਲਗਾਓ

   ੳ) ਜਦੋਂ ਮੌਸਮੀ ਹਲਾਤ ਖਰਾਬ ਹੋਣ

   ਅ) ਜਦੋਂ ਖੁਰਾਕੀ ਪਦਾਰਥਾਂ ਦਾ ਅਸੰਤੁਲਣ ਹੋਵੇ

   ੲ) ਜਦੋਂ ਗਰਭ ਅਵਸਥਾ ਹੋਵੇ

   ਸ) ਜਦੋਂ ਇਹ ਸਾਰੇ ਲੱਛਣ ਹੋਣ

4. ਮੂੰਹ ਖੁਰ ਬਿਮਾਰੀ ਵਾਲੀ ਵੈਕਸੀਨ ਨਹੀਂ ਲਾਈ ਜਾ ਸਕਦੀ

   ੳ) ਜਦ ਪਸ਼ੂ ਦੀ ਉਮਰ 6-8 ਮਹੀਨੇ ਹੋਵੇ

   ਅ) ਜਦ ਉਮਰ 1(ਇੱਕ) ਸਾਲ ਹੋਵੇ

   ੲ) ਜਦ ਉਮਰ 2 ਸਾਲ ਹੋਵੇ

   ਸ) ਜਦ ਉਮਰ ਤਿੰਨ ਮਹੀਨੇ ਤੋਂ ਘੱਟ ਹੋਵੇ

5. ਕਿਸ ਬਿਮਾਰੀ ਲਈ ਦੁਬਾਰਾ ਵੈਕਸੀਨ ਦਾ ਟੀਕਾ ਲਾਉਣ ਦੀ ਜ਼ਰੂਰਤ ਹੁੰਦੀ ਹੈ?
   ੳ) ਮੂੰਹ ਖੁਰ ਦੀ ਬਿਮਾਰੀ
   ਅ) ਗਲ-ਘੋਟੂ
   ੲ) ਪੱਟ ਦੀ ਸੋਜ
   ਸ) ਇਨ੍ਹਾਂ ਸਾਰੀਆਂ ਬਿਮਾਰੀਆਂ ਲਈ

**ਅ) ਖਾਲੀ ਥਾਵਾਂ ਭਰੋ-**

1. ਦੁਬਾਰਾ ਤਿਆਰ ਕਰਨ ਉਪਰੰਤ ਵੈਕਸੀਨ ਨੂੰ.............. ਅੰਦਰ ਅੰਦਰ ਪਸ਼ੂ ਦੇ ਲਗਾ ਦੇਣਾ ਚਾਹੀਦਾ ਹੈ।
2. ਸਟੋਰ ਵਿੱਚ ਵੈਕਸੀਨਾਂ ਨੂੰ .............. ਡਿਗਰੀ ਸੈਂਟੀਗਰੇਡ ਤਾਪਮਾਨ 'ਤੇ ਰੱਖਣਾ ਚਾਹੀਦਾ ਹੈ।
3. ਬਿਮਾਰੀਆਂ ਦੀ ਰੋਕਥਾਮ ਲਈ ਪਸ਼ੂਆਂ ਨੂੰ .............. ਲਗਾਓ।
4. .............. ਬਿਮਾਰੀ ਦੀ ਰੋਕਥਾਮ ਲਈ ਵੈਕਸੀਨ ਦਾ ਟੀਕਾ ਸਿਰਫ਼ ਵੱਛੀ ਦੇ ਲਗਾਇਆ ਜਾਂਦਾ ਹੈ।
5. ਵੈਕਸੀਨੇਸ਼ਨ ਤੋਂ ਪਹਿਲਾਂ ਸਭ ਡੰਗਰਾਂ ਨੂੰ .............. ਰਹਿਤ ਜ਼ਰੂਰ ਕਰੋ।

**ੲ) ਸਹੀ/ਗਲਤ ਦੱਸੋ-**

1. ਇੱਕ ਕਮਜ਼ੋਰ ਜਾਂ ਬਿਮਾਰ ਪਸ਼ੂ ਦੇ ਵੈਕਸੀਨ ਨਾ ਲਵਾਓ।
2. ਵੈਕਸੀਨ ਲਾਉਣ ਦਾ ਤਰੀਕਾ ਅਤੇ ਮਿਤੀ ਜ਼ਰੂਰ ਨੋਟ ਕਰੋ।
3. ਵੈਕਸੀਨ ਨੂੰ ਸਹੀ ਤਰੀਕੇ ਨਾਲ ਖਤਮ ਕਰਨਾ ਜ਼ਰੂਰੀ ਨਹੀਂ।
4. ਬਿਮਾਰ ਪਸ਼ੂ ਦੇ ਵੈਕਸੀਨ ਦਾ ਟੀਕਾ ਲੱਗ ਸਕਦਾ ਹੈ।
5. ਵੈਕਸੀਨ ਲਾਉਣ ਨਾਲ ਪਸ਼ੂ ਬਿਮਾਰ ਹੋ ਜਾਂਦਾ ਹੈ।

**ਉੱਤਰ :**

| ੳ | ਅ | ੲ |
|---|---|---|
| ਸ | 60ਮਿੰਟ | ਸਹੀ |
| ਸ | 2-7 | ਸਹੀ |
| ਸ | ਵੈਕਸੀਨ | ਗਲਤ |
| ਸ | ਤੂ ਜਾਣਾ | ਗਲਤ |
| ੳ | ਮਲੱਪ | ਗਲਤ |

# ਇਕਾਈ 2 : ਦੁੱਧ ਦੀ ਚੁਆਈ


### ਸੈਸ਼ਨ 1 : ਦੁੱਧ ਦੀ ਪੈਦਾਇਸ਼ ਅਤੇ ਚੁਆਈ ਦੇ ਢੰਗ

ਇਕ ਡੇਅਰੀ ਫਾਰਮ ਦੀ ਕਮਾਈ ਮੁੱਖ ਤੌਰ ’ਤੇ ਦੁੱਧ ਦੀ ਪੈਦਾਵਾਰ ’ਤੇ ਨਿਰਭਰ ਕਰਦੀ ਹੈ। ਵੱਧ ਤੋਂ ਵੱਧ ਮੁਨਾਫਾ ਲੈਣ ਲਈ ਇਕ ਪਸ਼ੂ ਪਾਲਕ ਨੂੰ ਡੰਗਰਾਂ ਦੀ ਸਾਂਭ ਸੰਭਾਲ ਅਤੇ ਦੁੱਧ ਦੀ ਚੁਆਈ ਸੁਚੱਜੇ ਢੰਗ ਨਾਲ ਹਰ ਰੋਜ਼ ਕਰਨੀ ਪੈਂਦੀ ਹੈ। ਦੁੱਧ ਚੁਆਈ ਵਿੱਚ ਕਈ ਜ਼ਰੂਰੀ ਨੁਕਤਿਆਂ ’ਤੇ ਧਿਆਨ ਦੇਣ ਦੀ ਲੋੜ ਹੁੰਦੀ ਹੈ। ਇਨ੍ਹਾਂ ਨੁਕਤਿਆਂ ਦਾ ਮੁੱਖ ਉਦੇਸ਼ ਹੈ ਕਿ ਲੇਵੇ ਵਿੱਚ ਦੁੱਧ ਪੂਰੀ ਤਰ੍ਹਾਂ ਉਤਰੇ, ਚੰਗੀ ਤਰ੍ਹਾਂ ਇਸ ਦੁੱਧ ਦੀ ਚੁਆਈ ਹੋਵੇ ਤਾਂ ਜੋ ਲੇਵੇ ਦੀ ਸੋਜ ਬਿਮਾਰੀ ਲੱਗਣ ਦੇ ਖਤਰੇ ਘੱਟਤੋਂ ਘੱਟ ਹੋਣ। ਇਸ ਇਕਾਈ ਵਿੱਚ ਲੇਵੇ ਵਿੱਚ ਦੁੱਧ ਉਤਾਰਨ, ਦੁੱਧ ਚੁਆਈ ਦੇ ਵੱਖ-ਵੱਖ ਤਰੀਕੇ, ਮਸ਼ੀਨ ਨਾਲ ਦੁੱਧ ਚੁਆਈ ਅਤੇ ਸਾਫ਼ ਸੁਥਰਾ ਦੁੱਧ ਪੈਦਾ ਕਰਨ ਸੰਬੰਧੀ ਵਿਸਥਾਰ ਪੂਰਵਕ ਵਰਨਣ ਕੀਤਾ ਗਿਆ ਹੈ।

#### 1) ਲੇਵੇ ਦੀ ਬਣਤਰ

ਇਕ ਡੇਅਰੀ ਮਾਲਕ ਨੂੰ ਹਵਾਨੇ ਵਿੱਚ ਦੁੱਧ ਬਨਣ ਦੀ ਕਿਰਿਆ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਸ ਲਈ ਹਵਾਨੇ ਦੀ ਬਣਤਰ ਅਤੇ ਇਸ ਨਾਲ ਜੁੜੇ ਹੋਰ ਅੰਗਾਂ ਦਾ ਗਿਆਨ ਹੋਣਾ ਜ਼ਰੂਰੀ ਹੈ।

ਗਾਵਾਂ/ਮੱਝਾਂ ਦੇ ਹਵਾਨੇ ਵਿੱਚ ਦੁੱਧ ਦੀਆਂ ਗ੍ਰੰਥੀਆਂ ਹੁੰਦੀਆਂ ਹਨ ਜੋ ਦੁੱਧ ਪੈਦਾ ਕਰਦੀਆਂ ਹਨ। ਹਵਾਨੇ ਦੇ ਚਾਰ ਹਿੱਸੇ ਹੁੰਦੇ ਹਨ। ਹਰ ਇਕ ਹਿੱਸੇ ਨੂੰ ਦੋਧੀ ਗਲੈਂਡ (Mammary Gland) ਜਾਂ ਕੁਆਰਟਰ ਕਿਹਾ ਜਾਂਦਾ ਹੈ। ਹਵਾਨੇ ਉਪਰ ਛੋਟੇ ਛੋਟੇ ਵਾਲ ਹੁੰਦੇ ਹਨ ਪ੍ਰੰਤੂ ਥਣਾਂ ਉਪਰ ਵਾਲ ਨਹੀਂ ਹੁੰਦੇ। ਜਿਵੇਂ ਤਸਵੀਰ 2.1 ਵਿੱਚ ਦਿਖਾਇਆ ਹੈ ਹਵਾਨੇ ਦੇ ਚਾਰ ਹਿੱਸੇ (Quarter) ਹੁੰਦੇ ਹਨ ਅਤੇ ਹਰ ਹਿੱਸੇ ਤੋਂ ਹੇਠਾਂ ਇੱਕ ਥਣ ਲਮਕਦਾ ਹੁੰਦਾ ਹੈ। ਹਰ ਹਿੱਸਾ ਜਾਂ ਦੋਧੀ ਗਲੈਂਡ ਆਪਣੇ ਆਪ ਵਿੱਚ ਵੱਖਰਾ ਤੇ ਅਜ਼ਾਦ ਯੂਨਿਟ ਹੈ। ਅਕਾਰ ਵਿੱਚ ਅਗਲੇ ਦੋਵੇਂ ਦੋਧੀ ਗਲੈਂਡ ਪਿਛਲਿਆਂ ਦੇ ਮੁਕਾਬਲੇ ਛੋਟੇ ਹੁੰਦੇ ਹਨ। ਇਸੇ ਤਰ੍ਹਾਂ ਅਗਲੇ ਦੋਧੀ ਗਲੈਂਡ ਤੋਂ 40 ਪ੍ਰਤੀਸ਼ਤ ਅਤੇ ਪਿਛਲਿਆਂ ਤੋਂ 60 ਪ੍ਰਤੀਸ਼ਤ ਦੁੱਧ ਪੈਦਾ ਹੁੰਦਾ ਹੈ।




**ਤਸਵੀਰ 2.1: ਹਵਾਨੇ ਦੇ ਹਿੱਸੇ**

**2. ਹਵਾਨੇ ਵਿੱਚ ਦੁੱਧ ਕਿਵੇਂ ਬਣਦਾ ਹੈ।**

ਦੁੱਧ ਚੋਣ ਤੋਂ ਪਹਿਲਾਂ ਜਦੋਂ ਅਸੀਂ ਪਸ਼ੂ ਨੂੰ ਪਸਮਾਂਉਂਦੇ ਹਾਂ ਤਾਂ ਪਸ਼ੂ ਦੇ ਦਿਮਾਗ ਅਤੇ ਹਾਰਮੋਨ ਦੀਆਂ ਸੰਯੁਕਤ ਕਿਰਿਆਵਾਂ ਦੇ ਸਿੱਟੇ ਵਜੋਂ ਹਵਾਨੇ ਵਿੱਚ ਦੁੱਧ ਆਉਂਦਾ ਹੈ।

ਪਸ਼ੂ ਦੇ ਦਿਮਾਗ ਦੁਆਰਾ ਕੁਝ ਨਾੜੀਆਂ ਨੂੰ ਕਿਰਿਆਸ਼ੀਲ ਬਨਾਉਣ ਲਈ ਸੰਦੇਸ਼ ਭੇਜੇ ਜਾਂਦੇ ਹਨ। ਜਿਸ ਕਾਰਨ ਦੁੱਧ ਹਵਾਨੇ ਵਿੱਚ ਉਤਰਨਾ ਸ਼ੁਰੂ ਹੋ ਜਾਂਦਾ ਹੈ। ਹੇਠ ਲਿਖਿਆਂ ਵਿੱਚੋਂ ਕਿਸੇ ਇਕ ਢੰਗ ਨਾਲ ਡੰਗਰ ਨੂੰ ਹਵਾਨੇ ਵਿੱਚ ਦੁੱਧ ਲਾਹੁਣ ਲਈ ਉਤੇਜਿਤ ਕੀਤਾ ਜਾ ਸਕਦਾ ਹੈ। (ਤਸਵੀਰ 2.2)


ੳ) ਸਪਰਸ਼ ਨਾਲ : ਵੱਛੇ ਦੁਆਰਾ ਦੁੱਧ ਚੁੰਘਣਾ, ਥਣਾਂ ਨੂੰ ਹੱਥਾਂ ਨਾਲ ਧੋਣਾ ਜਾਂ ਮਸ਼ੀਨ ਵਿੱਚ ਥਣ ਪਾਉਣੇ ਜਾਂ ਥਣਾਂ ਉਪਰ ਚੁਆਵੇ ਵੱਲੋ ਪੋਲੋ ਪੋਲੇ ਹੱਥ ਫੇਰਨੇ।

ਅ) ਵੱਛੀ/ਵੱਛੇ ਨੂੰ ਦੇਖ ਕੇ ਜਾਂ ਚੁਆਵੇ ਨੂੰ ਦੇਖ ਕੇ ਦੁੱਧ ਹਵਾਨੇ ਵਿੱਚ ਉਤਰ ਆਉਂਦਾ ਹੈ।

ੲ) ਦੁੱਧ ਚੋਣ ਵਾਲੀ ਮਸ਼ੀਨ ਦੀ ਅਵਾਜ਼ ਜਾਂ ਦੁੱਧ ਵਾਲੀ ਬਾਲਟੀ ਦਾ ਖੜਕਾ ਸੁਣ ਕੇ ਦੁੱਧ ਉਤਰ ਆਉਂਦਾ ਹੈ।

ਸ) ਵੱਛੇ/ਵੱਛੀ ਜਾਂ ਦੁੱਧ ਚੋਣ ਵਾਲੇ ਕਮਰੇ ਦੀ ਖੁਸ਼ਬੋ ਨਾਲ ਦੁੱਧ ਉਤਰ ਸਕਦਾ ਹੈ।

ਹ) ਪਸ਼ੂ ਨੂੰ ਫੀਡ ਪਾਉਣ ਨਾਲ ਪਸ਼ੂ ਉਤੇਜਕ ਹੋ ਕੇ ਦੁੱਧ ਹਵਾਨੇ ਵਿੱਚ ਲਾਹ ਲੈਂਦਾ ਹੈ।




ਤਸਵੀਰ 2.2: ਹਵਾਨੇ ਵਿੱਚ ਦੁੱਧ ਉਤਾਰਣ ਲਈ ਸਹਾਈ ਵੱਖ-ਵੱਖ ਪ੍ਰਕਾਰ ਦੇ ਉਤੇਜਿਕ ਕਾਰਨ

ਉਤੇਜਤ ਕਰਨ ਵਾਲੀਆਂ ਅਜਿਹੀਆਂ ਕਾਰਵਾਈਆਂ ਦੇ ਸਿੱਟੇ ਵਜੋਂ ਪਸ਼ੂ ਦੇ ਦਿਮਾਗ ਵੱਲੋਂ ਪੀਯੂਸ ਗ੍ਰੰਥੀ ਜੋ ਦਿਮਾਗ ਦੇ ਮੁੱਢ ਵਿੱਚ ਸਥਿਤ ਹੁੰਦੀ ਹੈ, ਨੂੰ ਇਕ ਸੁਨੇਹਾ ਭੇਜਿਆਂ ਜਾਂਦਾ ਹੈ ਜਿਸ ਦੁਆਰਾ ਆਕਸੀਟੋਸਿਨ ਹਾਰਮੋਨ ਖੂਨ ਵਿੱਚ ਛੱਡਿਆ ਜਾਂਦਾ ਹੈ। ਇਸ ਹਾਰਮੋਨ ਦਾ ਅਸਰ 6-8 ਮਿੰਟ ਤੱਕ ਰਹਿੰਦਾ ਹੈ ਜਿਸ ਮਗਰੋਂ ਖੂਨ ਵਿੱਚ ਇਸ ਦੀ ਮਾਤਰਾ ਤੇਜ਼ੀ ਨਾਲ ਘੱਟ ਜਾਂਦੀ ਹੈ। ਇਸ ਲਈ ਦੁੱਧ ਚੁਆਈ ਦਾ ਕੰਮ ਇਸ ਸਮੇਂ ਦੌਰਾਨ ਨਿਪਟਾ ਲੈਣਾ ਚਾਹੀਦਾ ਹੈ ਅਤੇ ਲੇਵੇ ਨੂੰ ਖਾਲੀ ਕਰ ਦੇਣਾ ਚਾਹੀਦਾ ਹੈ।

ਹਵਾਨੇ ਵਿੱਚ ਦੁੱਧ ਲਹਾਉਣ ਵਿੱਚ ਰੁਕਾਵਟ: ਕਈ ਵੇਰ ਪਸ਼ੂ ਹਵਾਨੇ ਵਿੱਚ ਦੁੱਧ ਨਹੀਂ ਉਤਾਰਦਾ। ਅਜਿਹੀ ਹਾਲਤ ਵਿੱਚ ਕਾਮੇ ਵੱਲੋਂ ਪਸ਼ੂ ਨੂੰ ਮਾਰਨਾ-ਕੁਟਣਾ ਸ਼ੁਰੂ ਕਰ ਦਿੱਤਾ ਜਾਂਦਾ ਹੈ ਜਾਂ ਉੱਚੀ ਅਵਾਜ ਜਾਂ ਦਰਦ ਜਾਂ ਡਰ ਦੇ ਕਾਰਨ ਪਸ਼ੂ ਘਬਰਾਹਟ ਵਿੱਚ ਆ ਜਾਂਦਾ ਹੈ। ਜਿਸ ਕਾਰਨ ਐਡਰੀਨੇਲਿਨ ਗ੍ਰੰਥੀ ਤੋਂ ਹਾਰਮੋਨ ਪੈਦਾ ਹੁੰਦਾ ਹੈ ਜੋ ਕਿ ਆਕਸੀਟੋਸਿਨ ਹਾਰਮੋਨ ਦੇ ਕੰਮ ਵਿੱਚ ਵਿਘਨ ਪਾਉਂਦਾ ਹੈ ਜਿਸ ਕਾਰਨ ਪਸ਼ੂ ਦੁੱਧ ਚੜ੍ਹਾ ਜਾਂਦਾ ਹੈ। ਇਸ ਲਈ ਪਸ਼ੂ

ਪਾਲਕਾਂ ਨੂੰ ਗਾਵਾਂ ਨਾਲ ਨਰਮੀ ਨਾਲ ਪੇਸ਼ ਆਉਣ ਅਤੇ ਬਿਨਾ ਨਾਗਾ ਦੁੱਧ ਚੋਣ ਦੀ ਸਲਾਹ ਦਿੱਤੀ ਜਾਂਦੀ ਹੈ। ਦੁੱਧ ਚੁਆਈ ਦਾ ਅਨੁਭਵ ਪਸ਼ੂ ਨੂੰ ਪ੍ਰਸੰਨਤਾ ਪ੍ਰਦਾਨ ਕਰਨ ਵਾਲਾ ਇੱਕ ਮੌਕਾ ਹੋਣਾ ਚਾਹੀਦਾ ਹੈ ਤਾਂ ਕਿ ਪਸ਼ੂ ਤੋਂ ਵੱਧ ਤੋਂ ਵੱਧ ਦੁੱਧ ਹਾਸਲ ਕੀਤਾ ਜਾ ਸਕੇ।

3) ਦੁੱਧ ਚੋਣ ਤੋਂ ਪਹਿਲਾਂ ਤਿਆਰੀ — ਦੁੱਧ ਚੁਆਈ ਵਾਲੇ ਕਮਰੇ/ਜਗ੍ਹਾ ਦੀ ਸਫਾਈ: ਦੁੱਧ ਚੋਣ ਤੋਂ ਪਹਿਲਾਂ ਅਤੇ ਮਗਰੋਂ ਅਜਿਹੀ ਜਗ੍ਹਾ ਦੀ ਲਗਾਤਾਰ ਸਫ਼ਾਈ ਕਰਦੇ ਰਹੋ। ਅਜਿਹੀ ਜਗ੍ਹਾ 'ਤੇ ਮੱਖੀ ਮੱਛਰ ਨਹੀਂ ਹੋਣਾ ਚਾਹੀਦਾ। ਉੱਚਾ ਸ਼ੋਰ ਅਤੇ ਕਿਸੇ ਹੋਰ ਕਾਰਨ ਦੁੱਧ ਚੁਆਈ ਦੌਰਾਨ ਡੰਗਰ 'ਤੇ ਮਾੜਾ ਅਸਰ ਪੈਂਦਾ ਹੈ ਜਿਸ ਦੇ ਕਾਰਨ ਦੁੱਧ ਦੀ ਪੈਦਾਵਾਰ ਘੱਟ ਸਕਦੀ ਹੈ।

(ਅ) ਦੁੱਧ ਚੋਣ ਲਈ ਡੰਗਰ ਨੂੰ ਤਿਆਰ ਕਰਨਾ— ਹਵਾਨੇ ਵਿੱਚ ਦੁੱਧ ਉਤਾਰਨ ਲਈ ਦੁੱਧ ਚੋਣ ਤੋਂ ਪਹਿਲਾਂ ਤਹਿਸ਼ੁਦਾ ਤਰੀਕੇ ਅਨੁਸਾਰ ਕੰਮ ਕਰਨਾ ਚਾਹੀਦਾ ਹੈ ਜਿਵੇਂ ਕਿ—

1) ਲਵੇਰੀਆਂ ਨੂੰ ਨਹਿਲਾਉਣਾ: ਤਸਵੀਰ 2.3 ਵਿੱਚ ਦਰਸਾਏ ਤਰੀਕੇ ਅਨੁਸਾਰ ਦੁੱਧ ਚੋਣ ਤੋਂ ਪਹਿਲਾ ਗਾਵਾਂ ਨੂੰ ਚੰਗੀ ਤਰ੍ਹਾਂ ਨਹਿਲਾਉਣਾ ਚਾਹੀਦਾ ਹੈ ਤਾਂ ਜੋ ਗੋਹਾ ਅਤੇ ਹੋਰ ਗੰਦੀਆਂ ਵਸਤਾਂ ਦੁੱਧ ਵਿੱਚ ਨਾ ਡਿਗਣ ਅਤੇ ਸਾਫ਼ ਸੁੱਥਰਾ ਦੁੱਧ ਪ੍ਰਾਪਤ ਹੋਵੇ।




**ਤਸਵੀਰ 2.3 : ਪਾਣੀ ਵਾਲੀ ਪਾਈਪ ਨਾਲ ਡੰਗਰਾਂ ਨੂੰ ਨਹਿਲਾਇਆ ਜਾ ਰਿਹਾ ਹੈ।**

2. ਸਮੇਂ ਸਿਰ ਦੁੱਧ ਚੁਆਈ ਕਰੋ: ਹਰ ਰੋਜ਼ ਨਿਸ਼ਚਿਤ ਸਮੇਂ ਤੇ ਧਾਰ ਕੱਢਣੀ ਚਾਹੀਦੀ ਹੈ।


3. ਫੀਡ ਦੇਣਾ— ਦੁੱਧ ਚੋਣ ਸਮੇਂ ਵੰਡ/ਫੀਡ ਦੀ ਕੁਝ ਮਾਤਰਾ ਪਸ਼ੂ ਅੱਗੇ ਜ਼ਰੂਰ ਰੱਖੋ। ਇਹ ਪਸਮਾ ਕਰਨ ਅਤੇ ਹਵਾਨੇ ਵਿੱਚ ਵੱਧ ਤੋਂ ਵੱਧ ਦੁੱਧ ਉਤਾਰਨ ਦਾ ਸਭ ਤੋਂ ਚੰਗਾ ਉਤੇਜਕ ਹੈ।

4. ਰੱਸੀ ਦੀ ਵਰਤੋਂ— ਕਈ ਵੇਰ ਪਹਿਲੇ ਸੂਏ ਸੂਈਆਂ ਗਾਵਾਂ ਦੁੱਧ ਚੋਣ ਸਮੇਂ ਗੜਬੜ ਕਰਦੀਆਂ ਹਨ ਅਤੇ ਦੁੱਧ ਚੋਣ ਵਾਲੇ ਵਿਅਕਤੀ ਦੇ ਲੱਤ ਮਾਰਦੀਆਂ ਹਨ। ਕਈ ਵੇਰ ਦੁੱਧ ਵੀ ਡੋਲ ਦਿੰਦੀਆਂ ਹਨ। ਇਸ ਤੋਂ ਬਚਾਅ ਕਰਨ ਲਈ ਇੱਕ ਰੱਸੀ ਨਾਲ ਲੱਤਾਂ ਦੁਆਲੇ ਤਸਵੀਰ 2.4 ਵਿੱਚ ਦਿਖਾਏ ਅਨੁਸਾਰ ਲਪੇਟਾ ਪਾਇਆ ਜਾਂਦਾ ਹੈ ਤਾਂ ਜੋ ਪਸ਼ੂ ਲੱਤ ਨਾ ਉਠਾ ਸਕੇ। ਰੱਸੀ ਦੇ ਇਸ ਲਪੇਟੇ ਨੂੰ ਨਿਆਣਾ ਪਾਉਣਾ ਵੀ ਕਿਹਾ ਜਾਂਦਾ ਹੈ।



**ਤਸਵੀਰ 2.4 — ਦੁੱਧ ਚੋਣ ਸਮੇਂ ਰੱਸੀ/ਨਿਆਣੇ ਦੀ ਵਰਤੋਂ**

5. ਹਵਾਨੇ ਅਤੇ ਥਣਾਂ ਦੀ ਸਫ਼ਾਈ ਕਰੋ : ਥੋੜੇ ਗਰਮ ਜਾਂ ਕੋਸੇ ਪਾਣੀ ਨਾਲ ਤਸਵੀਰ 2.5 ਅਨੁਸਾਰ ਹਵਾਨੇ ਅਤੇ ਥਣਾਂ ਨੂੰ ਚੰਗੀ ਤਰ੍ਹਾਂ ਧੋ ਲਵੋ। ਇਸ ਤੋਂ ਬਾਅਦ ਨੈਪਕਿਨ ਪੇਪਰ ਜਾਂ ਕਪੜੇ ਨਾਲ ਤਸਵੀਰ 2.6 ਵਿੱਚ ਦਿਖਾਏ ਤਰੀਕੇ ਅਨੁਸਾਰ ਹਵਾਨੇ ਅਤੇ ਥਣਾਂ ਨੂੰ ਪੂੰਝ ਕੇ ਸੁਕਾ/ਖੁਸ਼ਕ ਕਰ ਲਵੋ। ਇਸ ਉਪਰੰਤ ਹੱਥਾਂ ਨਾਲ ਥਣਾਂ ਨੂੰ ਪਸਮਾਂ ਲਵੋ।





ਤਸਵੀਰ 2.5 : ਹਵਾਨੇ ਨੂੰ ਗਰਮ ਪਾਣੀ ਨਾਲ ਧੋਣਾ  ਤਸਵੀਰ 2.6 : ਹਵਾਨੇ ਤੇ ਥਣਾਂ ਨੂੰ ਖੁਸ਼ਕ ਕਰਨਾ

(ੲ) ਚੁਆਵੇ, ਬਾਲਟੀ ਅਤੇ ਸ਼ੈਡ ਦੀ ਤਿਆਰੀ – ਦੁੱਧ ਚੋਣ ਵਾਲੇ ਵਿਅਕਤੀ (ਚੁਆਵਾ) ਦੇ ਨਹੁੰ ਕੱਟੇ ਹੋਣੇ ਚਾਹੀਦੇ ਹਨ। ਦੁੱਧ ਚੋਣ ਤੋਂ ਪਹਿਲਾਂ ਉਸਨੂੰ ਆਪਣੇ ਹੱਥ ਚੰਗੀ ਤਰ੍ਹਾਂ ਧੋਣੇ ਚਾਹੀਦੇ ਹਨ। ਦੁੱਧ ਵਾਲਾ ਭਾਂਡਾ/ਬਾਲਟੀ ਸਾਬਣ ਨਾਲ ਚੰਗੀ ਤਰ੍ਹਾਂ ਸਾਫ਼ ਕਰ ਲੈਣਾ ਚਾਹੀਦਾ ਹੈ। ਦੁੱਧ ਚੋਣ ਵਾਲੇ ਸ਼ੈੱਡ ਨੂੰ ਮੱਖੀ ਮੱਛਰ ਤੋਂ ਰਹਿਤ ਕਰ ਲੈਣਾ ਜ਼ਰੂਰੀ ਹੈ।

ਸ) ਦੁੱਧ ਦੀ ਚੁਆਈ : ਨਿਯਤ ਸਮੇਂ ਵਿੱਚ ਸਾਰੇ ਪਸ਼ੂਆਂ ਦੀ ਧਾਰ ਕੱਢਣੀ ਜ਼ਰੂਰੀ ਹੈ। ਦੁੱਧ ਚੋਣ ਦੇ ਵੱਖ-ਵੱਖ ਤਰੀਕਿਆਂ ਬਾਰੇ ਅਗਲੇ ਭਾਗ ਵਿੱਚ ਵਰਨਣ ਕੀਤਾ ਜਾਵੇਗਾ।

**4. ਦੁੱਧ ਚੋਣ ਬਾਅਦ ਜ਼ਰੂਰੀ ਕਾਰਜ**

**ਦੁੱਧ ਚੋਣ ਬਾਅਦ ਥਣਾਂ ਨੂੰ ਡਬੋਣਾ**

ਦੁੱਧ ਚੋਣ ਤੋਂ ਇਕ ਘੰਟਾ ਬਾਅਦ ਤੱਕ ਥਣਾਂ ਦਾ ਸੁਰਾਖ ਖੁੱਲ੍ਹਾ ਰਹਿੰਦਾ ਹੈ। ਇਸ ਦੌਰਾਨ ਲੇਵੇ ਦੀ ਸੋਜ (ਮੈਸਟਾਈਟਸ) ਬਿਮਾਰੀ ਪੈਦਾ ਕਰਨ ਵਾਲੇ ਕਿਟਾਣੂਆਂ ਦੇ ਸੰਪਰਕ ਵਿੱਚ ਜੇਕਰ ਥਣ ਆ ਜਾਣ ਤਾਂ ਇਹ ਕਿਟਾਣੂ ਥਣਾਂ ਦੇ ਅੰਦਰ ਦਾਖ਼ਲ ਹੋ ਕੇ ਬਿਮਾਰੀ ਪੈਦਾ ਕਰ ਸਕਦੇ ਹਨ। ਇਸ ਬਿਮਾਰੀ ਦੀ ਕਾਰਗਰ ਰੋਕਥਾਮ ਲਈ ਦੁੱਧ ਚੋਣ ਤੋਂ ਬਾਅਦ ਥਣਾਂ ਨੂੰ ਜਰਮ-ਨਾਸ਼ਕ ਘੋਲ ਵਿੱਚ ਡੋਬਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਥਣਾਂ 'ਤੇ ਲੱਗਾ ਦੁੱਧ ਧੁਲ ਜਾਵੇਗਾ ਅਤੇ ਕਿਟਾਣੂ ਥਣਾਂ ਅੰਦਰ ਦਾਖਲ ਨਹੀਂ ਹੋ ਸਕਣਗੇ। ਇਸ ਘੋਲ ਦੀ ਥਣਾਂ ਉੱਪਰ ਇਕ ਪਤਲੀ ਤਹਿ ਜੰਮ ਜਾਂਦੀ ਹੈ ਜੋ ਥਣਾਂ ਦੇ ਸੁਰਾਖ ਬੰਦ ਹੋਣ ਤੱਕ ਇਨਾਂ ਕਿਟਾਣੂਆਂ ਤੋਂ ਸੁਰੱਖਿਆ ਪ੍ਰਦਾਨ ਕਰਦੀ ਹੈ। ਜੇਕਰ ਕਿਟਾਣੂ ਪਹਿਲਾਂ ਹੀ ਬਿਮਾਰੀ ਪੈਦਾ ਕਰ ਚੁੱਕੇ ਹਨ ਤਾਂ ਥਣ ਡੋਬਣ ਨਾਲ ਕੋਈ ਫਾਇਦਾ ਨਹੀਂ ਹੋਣਾ ਪ੍ਰੰਤੂ ਬਿਮਾਰੀ ਦੇ ਹੋਰ ਨਵੇਂ ਹਮਲੇ ਹੋਣ ਦੀ ਸੰਭਾਵਨਾ 50 ਫੀਸਦੀ ਤੱਕ ਘੱਟ ਜਾਂਦੀ ਹੈ।

**ਬਿਮਾਰ ਅਤੇ ਇਲਾਜ ਅਧੀਨ ਪਸ਼ੂਆਂ ਦਾ ਦੁੱਧ**

ਬਿਮਾਰ ਅਤੇ ਇਲਾਜ ਅਧੀਨ ਪਸ਼ੂਆਂ ਦਾ ਦੁੱਧ ਮਨੁੱਖੀ ਵਰਤੋਂ ਲਈ ਠੀਕ ਨਹੀਂ ਹੁੰਦਾ। ਇਸ ਲਈ ਅਜਿਹੇ ਦੁੱਧ ਨੂੰ ਟੋਏ ਵਿੱਚ ਸੁਟ ਕੇ ਮਿੱਟੀ ਨਾਲ ਢੱਕ ਦਿਓ। ਅਜਿਹੇ ਦੁੱਧ ਨਾਲ ਲਿਬੜੇ ਭਾਂਡੇ, ਬਾਲਟੀਆਂ ਅਤੇ ਮਸ਼ੀਨਾਂ ਨੂੰ ਚੰਗੀ ਤਰ੍ਹਾਂ ਸਾਫ਼ ਕਰੋ।

ਦੁੱਧ ਨੂੰ ਸਟੋਰ ਕਰਨਾ ਅਤੇ ਢੋਆ ਢੁਆਈ : ਦੁੱਧ ਨੂੰ ਸਾਫ਼ ਬਰਤਨਾਂ ਵਿੱਚ ਪਾ ਕੇ 4 ਡਿਗਰੀ ਸੈਂਟੀਗਰੇਡ ਤੱਕ ਠੰਡੇ ਸਟੋਰ ਵਿੱਚ ਰੱਖਣਾ ਚਾਹੀਦਾ ਹੈ। ਸਾਫ਼ ਬਰਤਨਾਂ ਵਿੱਚ ਹੀ ਦੁੱਧ ਨੂੰ ਮਿਲਕ ਕੁਲੈਕਸ਼ਨ ਸੈਂਟਰ 'ਤੇ ਲੈ ਕੇ ਜਾਓ। ਦੁੱਧ ਚੋਣ ਤੋਂ 2-3 ਘੰਟਿਆਂ ਅੰਦਰ ਮਿਲਕ ਕੁਲੈਕਸ਼ਨ ਸੈਂਟਰ ਤੇ ਦੁੱਧ ਪਹੁੰਚਣਾ ਚਾਹੀਦਾ ਹੈ ਅਤੇ ਇਸ ਉਪਰੰਤ ਤੁਰੰਤ ਇਸ ਨੂੰ ਠੰਡਾ ਕਰਨਾ ਚਾਹੀਦਾ ਹੈ।



**ਤਸਵੀਰ 2.7 ਵਿੱਚ ਦੁੱਧ ਠੰਡਾ ਰੱਖਣ ਵਾਲਾ 1000 ਲੀਟਰ ਵਾਲਾ ਡਰੰਮ ਦਿਖਾਇਆ ਗਿਆ ਹੈ।**

ਦੁੱਧ ਵਾਲੇ ਬਰਤਨ ਸਾਫ ਕਰਨੇ : ਦੁੱਧ ਵਾਲੇ ਬਰਤਨ ਅਤੇ ਦੁੱਧ ਚੋਣ ਵਾਲੀ ਜਗ੍ਹਾ ਨੂੰ ਸਾਫ਼ ਰੱਖਣ ਦਾ ਉਦੇਸ਼ ਦੁੱਧ ਨੂੰ ਦੂਸ਼ਤ ਹੋਣ ਤੋਂ ਬਚਾਉਣਾ ਹੈ। ਤਸਵੀਰ 2.8 ਵਿੱਚ ਦੁੱਧ ਵਾਲੇ ਬਰਤਨਾਂ ਨੂੰ ਸਾਫ਼ ਕਰਨ ਅਤੇ ਕਿਟਾਣੂ ਰਹਿਤ ਕਰਨ ਦਾ ਤਰੀਕਾ ਦੱਸਿਆ ਗਿਆ ਹੈ।

**ਸਾਫ਼ ਟੂਟੀ ਵਾਲੇ ਪਾਣੀ ਨਾਲ ਦੁੱਧ ਨਾਲ ਲਿਬੜੇ ਬਰਤਨ ਸਾਫ਼ ਕਰੋ।**

↓

**55 ਡਿਗਰੀ ਸੈਂਟੀਗ੍ਰੇਡ ਤੱਕ ਗਰਮ ਪਾਣੀ ਵਿੱਚ 1-2 ਪ੍ਰਤੀਸ਼ਤ ਸਾਬਣ ਦੇ ਘੋਲ ਨਾਲ ਬਰਤਨਾਂ ਨੂੰ ਅੰਦਰੋਂ ਅਤੇ ਬਾਹਰੋਂ ਚੰਗੀ ਤਰ੍ਹਾਂ ਧੋਵੋ।**

↓

**95 ਡਿਗਰੀ ਸੈਂਟੀਗਰੇਡ ਤੱਕ ਗਰਮ ਪਾਣੀ ਨਾਲ ਬਰਤਨਾਂ ਨੂੰ ਧੋਵੋ।**

↓


**ਭਾਫ ਨਾਲ ਜਾਂ ਕਲੋਰੀਨ ਘੁਲੇ ਪਾਣੀ (200 ਪਾਰਟਸ ਪਰ ਮਿਲੀਅਨ) ਵਿੱਚ ਬਰਤਨਾਂ ਨੂੰ ਧੋ ਕੇ ਜਰਮ-ਰਹਿਤ ਕਰੋ।**

↓

**ਜਰਮ ਰਹਿਤ ਕੀਤੇ ਭਾਂਡਿਆਂ ਨੂੰ ਉਲਟਾ ਕਰਕੇ ਰੈਕ 'ਤੇ ਰੱਖੋ।**

ਤਸਵੀਰ 2.8: ਦੁੱਧ ਵਾਲੇ ਬਰਤਨ ਸਾਫ਼ ਕਰਨ ਦਾ ਢੰਗ

ਦੁੱਧ ਚੋਣ ਦੇ ਸਾਰੇ ਤਰੀਕੇ ਨੂੰ ਤਸਵੀਰ 2.9 ਵਿੱਚ ਪ੍ਰਦਰਸ਼ਤ ਕੀਤਾ ਜਾਂਦਾ ਹੈ।




ਤਸਵੀਰ 2.9 : ਦੁੱਧ ਚੋਣ ਦੇ ਸਾਰੇ ਕਾਰਜ ਦਾ ਸਾਰ ਅੰਸ਼

**ਦੁੱਧ ਚੁਆਈ ਦੇ ਤਰੀਕੇ**

ਇੱਕ ਡੇਅਰੀ ਫਾਰਮ ਦਾ ਮੁਢਲਾ ਉਦੇਸ਼ ਸਾਫ਼ ਸੁਥਰਾ ਦੁੱਧ ਪੈਦਾ ਕਰਨਾ ਹੁੰਦਾ ਹੈ। ਦੁੱਧ ਚੁਆਈ ਦਾ ਇੱਕ ਆਦਰਸ਼ ਤੇ ਕਾਰਗਰ ਤਰੀਕਾ ਹੇਠ ਲਿਖੇ ਨੁਕਤਿਆਂ 'ਤੇ ਅਧਾਰਤ ਹੁੰਦਾ ਹੈ।

ੳ) ਚੁਆਈ ਰਾਹੀਂ ਵੱਧ ਤੋਂ ਵੱਧ ਦੁੱਧ ਦੀ ਮਾਤਰਾ ਪ੍ਰਾਪਤ ਕੀਤੀ ਜਾਵੇ।


ਅ) ਸਾਫ਼ ਸੁਥਰਾ ਦੁੱਧ ਚੋਇਆ ਜਾਵੇ।

ੲ) ਦੁੱਧ ਚੋਣ ਦੌਰਾਨ ਹਵਾਨੇ ਜਾਂ ਥਣਾਂ ਨੂੰ ਚੋਟ ਨਾ ਆਵੇ।

ਸ) ਹਵਾਨੇ ਦੇ ਇੱਕ ਦੂਸ਼ਤ ਹਿੱਸੇ ਤੋਂ ਤੰਦਰੁਸਤ ਹਿੱਸੇ ਵਿੱਚ ਕਿਟਾਣੂਆਂ ਦੇ ਜਾਣ 'ਤੇ ਰੋਕ ਹੋਵੇ।

ਹ) ਲੇਬਰ ਅਤੇ ਸਾਜ਼ੋ-ਸਮਾਨ ਦੀ ਪੂਰੀ ਵਰਤੋਂ ਹੋਵੇ।

ਦੁੱਧ ਚੁਆਈ ਦੇ ਵੱਖ-ਵੱਖ ਤਰੀਕੇ ਇਸ ਪ੍ਰਕਾਰ ਹਨ




**ੳ) ਹੱਥ ਨਾਲ ਚੁਆਈ**

ਮਨੁੱਖੀ ਵਰਤੋਂ ਲਈ ਪਸ਼ੂਆਂ ਦਾ ਦੁੱਧ ਰਵਾਇਤੀ ਤੌਰ ’ਤੇ ਹੱਥਾਂ ਨਾਲ ਚੋਇਆ ਜਾਂਦਾ ਹੈ। ਦੁੱਧ ਚੋਣ ਤੋਂ ਪਹਿਲਾਂ ਗਾਂ ਜਾਂ ਮੱਝ ਹੇਠ ਕਟੜੂ/ਵਛੜੂ ਦੁੱਧ ਚੁੰਘਣ ਲਈ ਛੱਡਿਆ ਜਾਂਦਾ ਹੈ ਜੋ ਪਸ਼ੂ ਨੂੰ ਪਸਮਾਉਣ ਵਿੱਚ ਸਹਾਈ ਹੁੰਦਾ ਹੈ। ਪਸਮਾਉਣ ਤੋਂ ਭਾਵ ਹੈ ਕਿ ਹਵਾਨੇ ਅਤੇ ਥਣਾਂ ਵਿੱਚ ਦੁੱਧ ਉਤਰ ਆਉਂਦਾ ਹੈ। ਕਈ ਵਾਰ ਦੁੱਧ ਚੁਆਈ ਬਾਅਦ ਵਛੜੂ ਨੂੰ ਦੁੱਧ ਚੁੰਘਣ ਲਈ ਫਿਰ ਛੱਡ ਦਿੱਤਾ ਜਾਂਦਾ ਹੈ। ਭਾਰਤ ਅਤੇ ਹੋਰ ਤਰੱਕੀ ਕਰ ਰਹੇ ਦੇਸ਼ਾਂ ਵਿੱਚ ਹੱਥ ਨਾਲ ਹੀ ਦੁੱਧ ਦੀ ਚੁਆਈ ਕੀਤੀ ਜਾਂਦੀ ਹੈ ਕਿਉਂਕਿ ਇਨ੍ਹਾਂ ਦੇਸ਼ਾਂ ਵਿੱਚ ਲੇਬਰ ਸਸਤੀ ਹੈ ਅਤੇ ਅਸਾਨੀ ਨਾਲ ਉਪਲਬੱਧ ਵੀ ਹੈ। ਹੱਥ ਨਾਲ ਚੁਆਈ ਥੋੜ੍ਹਾ ਤੋਂ ਦਰਮਿਆਨਾ ਦੁੱਧ ਦੇਣ ਵਾਲੇ ਪਸ਼ੂਆਂ ਲਈ ਇੱਕ ਢੁਕਵਾਂ ਤਰੀਕਾ ਹੈ। ਪ੍ਰੰਤੂ ਵਧੇਰੇ ਦੁੱਧ ਦੇਣ ਵਾਲੇ ਡੰਗਰਾਂ ਲਈ ਇਹ ਤਰੀਕਾ ਮੁਆਫਕ/ਢੁੱਕਵਾਂ ਨਹੀਂ ਹੈ।

ਹੱਥ ਨਾਲ ਚੁਆਈ ਦੇ ਦੋ ਤਰੀਕੇ ਹਨ : ਹਥੇਲੀ ਵਿੱਚ ਥਣ ਲੈ ਕੇ ਦੁੱਧ ਕੱਢਣ ਦਾ ਸਭ ਤੋਂ ਚੰਗਾ ਅਤੇ ਸੌਖਾ ਤਰੀਕਾ ਹੈ। ਇਹ ਤਰੀਕਾ ਵੱਡੇ ਥਣਾਂ ਲਈ ਵਧੇਰੇ ਢੁਕਵਾਂ ਹੈ। ਵਛੜੂ ਦੇ ਚੁੰਘਣ ਵਾਂਗ ਇਹ ਤਰੀਕਾ ਪਸ਼ੂ ਨੂੰ ਪਸਮਾਉਣ ਲਈ ਸਹਾਈ ਹੁੰਦਾ ਹੈ। ਇਸ ਵਿੱਚ ਥਣ ਨੂੰ ਹੱਥ ਵਿੱਚ ਲੈ ਕੇ ਉਂਗਲੀਆਂ ਥਣ ਦੇ ਉਪਰਦੀ ਪਾ ਲਈਆਂ ਜਾਂਦੀਆਂ ਹਨ। ਥਣ ਨੂੰ ਮੁੱਢ ਤੋਂ ਅੰਗੂਠੇ ਅਤੇ ਅੰਗੂਠੇ ਵਾਲੀ ਉਂਗਲੀ ਦੀ ਪਕੜ ਵਿੱਚ ਦਬਾਇਆ ਜਾਂਦਾ ਹੈ। ਇਸ ਦਬਾਅ ਨਾਲ ਦੁੱਧ ਟੀਟ ਸਿਸਟ੍ਨ (ਥਣ ਵਿਚਲੀ ਨਲ਼ੀ) ਵਿੱਚ ਭਰ ਜਾਂਦਾ ਹੈ ਅਤੇ ਹੁਣ ਇਹ ਦੁੱਧ ਵਾਪਸ ਗਲੈਂਡ ਸਿਸਟ੍ਨ ਵਿੱਚ ਨਹੀਂ ਜਾ ਸਕਦਾ ਜਿਵੇਂ ਕਿ ਮੈਮਰੀ ਗਲੈਂਡ ਦੀ ਅੰਦਰੂਨੀ ਬਣਤਰ ਤੋਂ ਪ੍ਰਤਖ ਹੈ। ਥਣ ਨੂੰ ਵਿਚਕਾਰਲੀ, ਅੰਗੂਠੇ ਵਾਲੀ ਅਤੇ ਛੋਟੀ ਉਂਗਲੀ ਦੇ ਵਿਚਕਾਰ ਦਬਾਉਣ ਨਾਲ ਇਹ ਦੁੱਧ ਕੱਢਿਆ ਜਾਂਦਾ ਹੈ ਜਿਵੇਂ ਤਸਵੀਰ 2.10 ਵਿੱਚ ਦਿਖਾਇਆ ਗਿਆ ਹੈ। ਇਕ ਵਾਰ ਦਬਾ ਕੇ ਦੁੱਧ ਕੱਢਣ ਤੋਂ ਬਾਅਦ ਥਣ ਨੂੰ ਢਿੱਲਾ ਛੱਡ ਦਿੱਤਾ ਜਾਂਦਾ ਹੈ ਤਾਂ ਜੋ ਹੋਰ ਦੁੱਧ ਟੀਟ ਸਿਸਟ੍ਨ ਵਿੱਚ ਭਰ ਜਾਵੇ ਪ੍ਰੰਤੂ ਥਣ ਰਹਿੰਦਾ ਹਥੇਲੀ ਵਿੱਚ ਹੀ ਹੈ। ਇਸ ਤਰਾਂ ਦੋ ਥਣਾਂ ਉਪਰ ਦੋ ਹੱਥਾਂ ਦੁਆਰਾ ਵਾਰੀ ਵਾਰੀ ਦਬਾਅ ਪਾਉਣ ਅਤੇ ਢਿੱਲਾ ਛੱਡਣ ਨਾਲ ਕਾਫ਼ੀ ਤੇਜ਼ ਰਫਤਾਰ ਨਾਲ ਦੁੱਧ ਦੀ ਚੁਆਈ ਹੋ ਜਾਂਦੀ ਹੈ। ਇਸ ਤਰ੍ਹਾਂ ਦੁੱਧ ਦੀ ਧਾਰ ਲਗਾਤਾਰ ਬਾਲਟੀ ਵਿੱਚ ਡਿਗਦੀ ਰਹਿੰਦੀ ਹੈ।



ਤਸਵੀਰ 2. 10: ਹਥੇਲੀ ਵਿੱਚ ਥਣ ਲੈ ਕੇ ਦੁੱਧ ਦੀ ਚੁਆਈ ਕਰਨੀ।

ਅੰਗੂਠੇ ਅਤੇ ਉਂਗਲਾਂ ਨਾਲ ਚੁਆਈ: ਜੇਕਰ ਪਸ਼ੂ ਦੇ ਥਣ ਛੋਟੇ ਹੋਣ ਤਾਂ ਉਂਗਲਾਂ ਅਤੇ ਅੰਗੂਠੇ ਦੁਆਰਾ ਥਣ ਦੇ ਮੁੱਢ ਤੇ ਦਬਾਅ ਪਾ ਕੇ ਦੁੱਧ ਕੱਢਿਆ ਜਾਂਦਾ ਹੈ। ਜਿਵੇਂ ਤਸਵੀਰ 2.11 ਵਿੱਚ ਦਿਖਾਇਆ ਹੈ। ਅੰਗੂਠੇ ਅਤੇ ਉਂਗਲਾਂ ਦਰਮਿਆਨ ਥਣ ਨੂੰ ਉਪਰ ਤੋਂ ਹੇਠਾਂ ਵੱਲ ਦਬਾਅ ਪਾ ਕੇ ਨਿਚੋੜ ਕੇ ਦੁੱਧ ਕੱਢਿਆ ਜਾਂਦਾ ਹੈ। ਇਸ ਤਰੀਕੇ ਨਾਲ ਇਕ ਹੀ ਸਮੇਂ ’ਤੇ ਦੋ ਥਣਾਂ ਵਿੱਚੋਂ ਦੁੱਧ ਚੋਇਆ ਜਾਂਦਾ ਹੈ।

ਪ੍ਰੰਤੂ ਥਣਾਂ ਨੂੰ ਦਬਾਣ ਅਤੇ ਨਚੋੜਨ ਦਾ ਕੰਮ ਵਾਰੀ ਵਾਰੀ ਕੀਤਾ ਜਾਂਦਾ ਹੈ। ਇਸ ਢੰਗ ਨੂੰ ਕਾਫੀ ਤੇਜ਼ ਰਫ਼ਤਾਰ ਨਾਲ ਦੁਹਰਾਇਆ ਜਾਂਦਾ ਹੈ ਜਿਸ ਨਾਲ ਦੁੱਧ ਦੀ ਚੁਆਈ ਹੋ ਜਾਂਦੀ ਹੈ। ਇਸ ਤਰੀਕੇ ਨਾਲ ਚੋਣ ਸਮੇਂ ਕਈ ਵਾਰ ਪਸ਼ੂ ਦਰਦ ਮਹਿਸੂਸ ਕਰਦਾ ਹੈ ਕਿਉਂਕਿ ਇਸ ਢੰਗ ਵਿੱਚ ਹਰ ਵਾਰ ਹੱਥ ਦੀ ਜਗ੍ਹਾ ਬਦਲਣੀ ਪੈਂਦੀ ਹੈ ਅਤੇ ਥਣ ਦੇ ਉਪਰੋਂ ਸ਼ੁਰੂ ਕਰਨਾ ਪੈਂਦਾ ਹੈ ਇਸ ਲਈ ਦੁੱਧ ਚੋਣ 'ਤੇ ਵਧੇਰੇ ਸਮਾਂ ਲਗਦਾ ਹੈ।



ਤਸਵੀਰ 2.11: ਅੰਗੂਠੇ ਅਤੇ ਉਂਗਲਾਂ ਦੇ ਦਬਾਉਣ ਨਾਲ ਦੁੱਧ ਚੁਆਈ



ਤਸਵੀਰ 2.12: ਅੰਗੂਠੇ ਦੇ ਦਬਾਅ ਨਾਲ ਦੁੱਧ ਚੁਆਈ

ਅੰਗੂਠੇ ਦੇ ਖਬੋਣ ਨਾਲ ਦੁੱਧ ਚੁਆਈ: ਇਹ ਦੁੱਧ ਚੁਆਈ ਦਾ ਗਲਤ ਤਰੀਕਾ ਹੈ। ਇਸ ਵਿੱਚ ਅੰਗੂਠੇ ਨੂੰ ਮੋੜ ਕੇ ਥਣ ਉਪਰ ਰੱਖ ਦਿੱਤਾ ਜਾਂਦਾ ਹੈ ਅਤੇ ਇਸ ਤਰ੍ਹਾਂ ਥਣ ਉਪਰ ਦਬਾਅ ਪਾ ਕੇ ਦੁੱਧ ਕੱਢਿਆ ਜਾਂਦਾ ਹੈ। ਅਜਿਹਾ ਕਰਨ ਨਾਲ ਥਣਾਂ ਉਪਰ ਜ਼ਖਮ ਹੋਣ ਦਾ ਖਤਰਾ ਰਹਿੰਦਾ ਹੈ।

**ਅ) ਮਸ਼ੀਨ ਨਾਲ ਚੁਆਈ**

ਤਸਵੀਰ 2.13 ਵਿਚ ਇਕ ਮਸ਼ੀਨ ਦਿਖਾਈ ਗਈ ਹੈ ਜਿਸ ਨਾਲ਼ ਹਵਾਨੇ ਵਿੱਚੋਂ ਦੁੱਧ ਚੋਇਆ ਜਾਂਦਾ ਹੈ। ਲੇਬਰ ਮਹਿੰਗੀ ਹੋਣ ਕਾਰਨ ਉਨੱਤ ਦੇਸ਼ਾਂ ਵਿੱਚ ਅਜਿਹੀਆਂ ਮਸ਼ੀਨਾਂ ਦੀ ਖੋਜ ਕੀਤੀ ਗਈ। ਦੁੱਧ ਚੁਆਈ ਦੇ ਕੰਮ ਵਿੱਚ ਇਨ੍ਹਾਂ ਮਸ਼ੀਨਾਂ ਦੁਆਰਾ ਹੱਥਾਂ ਦੀ ਵਰਤੋਂ ਬਹੁਤ ਘਟਾ ਦਿੱਤੀ ਗਈ ਹੈ।

ਮਸ਼ੀਨਾਂ ਦੁਆਰਾ ਦੁੱਧ ਚੋਣ ਦਾ ਸਿਧਾਂਤ — ਜਿਵੇਂ ਕੱਟੜੂ/ਵੱਛੜੂ ਆਪਣੀ ਮਾਂ ਦੇ ਥਣ ਚੁੰਘਦੇ ਹਨ ਇਸੇ ਤਰ੍ਹਾਂ ਥਣਾਂ ਦੇ ਸਿਰਿਆਂ 'ਤੇ **ਖਲਾਅ (Vacuum)** ਪੈਦਾ ਕਰਕੇ ਥਣਾਂ ਵਿਚਲਾ ਦੁੱਧ ਖਿਚ ਲਿਆ ਜਾਂਦਾ ਹੈ। ਇਸ ਤੋਂ ਇਲਾਵਾ ਥਣਾਂ ਨੂੰ ਵਾਰੀ ਵਾਰੀ ਦਬਾਉਣ ਤੇ ਢਿੱਲਾ ਛੱਡਣ ਨਾਲ ਥਣਾਂ ਵਿੱਚੋਂ ਸਿਰਫ਼ ਦੁੱਧ ਹੀ ਨਿਕਲਦਾ ਹੈ, ਖ਼ੂਨ ਨਹੀਂ।

ਦੁੱਧ ਚੋਣ ਵਾਲੀ ਮਸ਼ੀਨ ਦੇ ਵੱਖ-ਵੱਖ ਹਿੱਸਿਆਂ ਦੇ ਨਾਂ ਅਤੇ ਕੰਮ

ਇਸ ਮਸ਼ੀਨ ਦੇ ਕਈ ਹਿੱਸੇ ਤੇ ਇਨ੍ਹਾਂ ਦੇ ਪੁਰਜੇ ਹੁੰਦੇ ਹਨ।

| **ਹਿੱਸੇ** | **ਕੰਮ** |
|---|---|
| ਖਲਾਅ ਪੈਦਾ ਕਰਨ ਵਾਲਾ ਪੰਪ | ਇਸ ਪੰਪ ਦੁਆਰਾ ਹਵਾ ਕੱਢ ਕੇ ਖਲਾਅ ਪੈਦਾ ਕੀਤਾ ਜਾਂਦਾ ਹੈ ਤਾਂ ਜੋ ਥਣਾਂ ਵਿੱਚੋਂ ਦੁੱਧ ਬਾਹਰ ਆ ਸਕੇ। |
| ਟੀਟ ਕੱਪ (ਗਾਵਾਂ ਲਈ)- 4 (ਗਿਣਤੀ) | ਟੀਟ ਕੱਪ ਦੁਆਰਾ ਥਣਾਂ ਨੂੰ ਦਬਾਉਣ ਅਤੇ ਢਿੱਲਾ ਛੱਡਣ ਦਾ ਕੰਮ ਵਾਰੋ ਵਾਰੀ ਕੀਤਾ ਜਾਂਦਾ ਹੈ। |
| ਕਲਾਅ | ਸਾਰੇ ਟੀਟ ਕੱਪਾਂ ਤੋਂ ਇੱਕ ਥਾਂ ਦੁੱਧ ਇਕੱਠਾ ਕਰਦਾ ਹੈ। |
| ਪਲਸੇਟਰ | ਇਹ ਇਕ ਆਟੋਮੈਟਿਕ ਵੈਲਵ ਹੈ ਜੋ ਕਿ ਖਲਾਅ ਪੈਦਾ ਕਰਨ ਵਾਲੇ ਪੰਪ ਅਤੇ ਟੀਟ ਕੱਪ ਦੇ ਵਿਚਾਲੇ ਹੁੰਦਾ ਹੈ। ਇਹ ਖਲਾਅ ਪੈਦਾ ਕਰਨ ਅਤੇ ਖਤਮ ਕਰਨ ਵਿੱਚ ਸਹਾਈ ਹੁੰਦਾ ਹੈ। ਜਿਸ ਦੇ ਸਿੱਟੇ ਵਜੋਂ ਥਣਾਂ ਵਿਚੋਂ ਦੁੱਧ ਬਾਹਰ ਕੱਢਣ ਵਿੱਚ ਮੱਦਦ ਮਿਲਦੀ ਹੈ। |
| ਦੁੱਧ ਵਾਲੀਆਂ ਪਾਈਪਾਂ | |

| | |
|---|---|
| ਛੋਟੀ ਪਾਈਪ | ਟੀਟ ਕੱਪ ਨੂੰ ਕਲਾਅ ਨਾਲ ਜੋੜਨ ਵਾਲੀ ਰਬੜ ਦੀ ਪਾਈਪ ਹੈ। |
| ਲੰਮੀ ਪਾਈਪ | ਕਲਾਅ (Claw) ਨੂੰ ਬਾਲਟੀ ਨਾਲ ਜੋੜਨ ਵਾਲੀ ਲੰਮੀ ਰਬੜ ਦੀ ਪਾਈਪ ਹੈ ਜਿਸ ਰਾਹੀਂ ਦੁੱਧ ਬਾਲਟੀ ਵਿੱਚ ਪਹੁੰਚ ਜਾਂਦਾ ਹੈ। |
| ਛੋਟੀ ਪਲਸ ਟਿਊਬ | ਇਸ ਟਿਊਬ ਰਾਹੀਂ ਹਵਾ ਸ਼ੈਲ ਤੋਂ ਏਅਰ ਫੋਰਕ (Air fork) ਤੱਕ ਅਤੇ ਏਅਰ ਫੋਰਕ ਤੋਂ ਸ਼ੈਲ ਤੱਕ ਚੱਕਰ ਕੱਟਦੀ ਰਹਿੰਦੀ ਹੈ। |
| ਲੰਮੀ ਪਲਸ ਟਿਊਬ | ਇਸ ਟਿਊਬ ਰਾਹੀਂ ਹਵਾ ਏਅਰ ਫੋਰਕ ਤੋਂ ਪਲਸੇਟਰ (Pulsator) ਅਤੇ ਪਲਸੇਟਰ ਤੋਂ ਵਾਪਸ ਏਅਰ ਫੋਰਕ ਤੱਕ ਜਾਂਦੀ ਹੈ ਤਾਂ ਜੋ ਜ਼ਰੂਰਤ ਅਨੁਸਾਰ ਖਲਾਅ ਬਣਦਾ ਅਤੇ ਖਤਮ ਹੁੰਦਾ ਰਹੇ। |



ਤਸਵੀਰ 2.13 : ਚਲਣ ਫਿਰਨ ਵਾਲੀ ਦੁੱਧ ਚੁਆਈ ਵਾਲੀ ਮਸ਼ੀਨ ਜੋ ਦਰਮਿਆਨੇ ਪੱਧਰ ਦੇ ਡੇਅਰੀ ਫਾਰਮ ਲਈ ਢੁੱਕਵੀਂ ਹੈ।

**ਇਹ ਮਸ਼ੀਨ ਕੰਮ ਕਿਵੇਂ ਕਰਦੀ ਹੈ ?**

ਦੋ ਚੈਂਬਰਾਂ ਵਾਲੇ ਟੀਟ ਕੱਪ ਅਤੇ ਪਲਸੇਟਰ ਥਣਾਂ ਉਪਰ ਵਾਰੀ ਵਾਰੀ ਖਲਾਅ ਪੈਦਾ ਕਰਦੇ ਹਨ ਅਤੇ ਖਤਮ ਕਰਦੇ ਹਨ। ਹਵਾ ਕੱਢਣ ਨਾਲ ਜਦ ਪਲਸੇਸ਼ਨ ਚੈਂਬਰ (ਸ਼ੈਲ ਅਤੇ ਲਾਈਨਰ ਵਿਚਲਾ ਹਿੱਸਾ) ਵਿੱਚ ਖਲਾਅ ਪੈਦਾ ਹੁੰਦਾ ਹੈ ਤਾਂ ਲਾਈਨਰ ਖੁਲ ਜਾਂਦਾ ਹੈ ਕਿਉਂਕਿ ਚੈਂਬਰ ਦੇ ਅੰਦਰ ਅਤੇ ਵੈਕਿਊਮ ਲਾਈਨ ਦੇ ਅੰਦਰ ਇਕ ਸਮਾਨ ਪ੍ਰੈਸ਼ਰ ਹੈ। ਇਸ ਤਰ੍ਹਾਂ ਥਣ ਦੇ ਸਿਰੇ 'ਤੇ ਜਦ ਖਲਾਅ ਪੈਦਾ ਹੁੰਦਾ ਹੈ ਤਾਂ ਟੀਟ ਸਿਸਟ੍ਰਨ ਵਿਚੋਂ ਦੁੱਧ ਬਾਹਰ ਨਿਕਲ ਕੇ ਪਾਈਪ ਵਿੱਚ ਆ ਜਾਂਦਾ ਹੈ। ਜਦ ਪਲਸੇਸ਼ਨ ਚੈਂਬਰ ਵਿੱਚ ਦੁਬਾਰਾ ਹਵਾ ਭਰੀ ਜਾਂਦੀ ਹੈ ਤਾਂ ਥਣ ਹੇਠਲੀ ਲਾਈਨਰ ਪਾਈਪ ਬੰਦ ਹੋ ਜਾਂਦੀ ਹੈ ਜਿਸ ਦੇ ਸਿੱਟੇ ਵਜੋਂ ਖਲਾਅ ਖਤਮ ਹੋ ਜਾਂਦਾ ਹੈ ਅਤੇ ਦੁੱਧ ਨਿਕਲਨਾ ਬੰਦ ਹੋ ਜਾਂਦਾ ਹੈ। ਇਸ ਸਮੇਂ ਦੌਰਾਨ ਟੀਟ ਕਨਾਲ ਬੰਦ ਹੋ ਜਾਂਦੀ ਹੈ ਪ੍ਰੰਤੂ ਟੀਟ ਸਿਸਟ੍ਰਨ ਨਹੀਂ। ਟੀਟ ਕੱਪ ਦੇ ਅੰਦਰਲੇ ਪਾਸੇ ਰਬੜ ਦੀ ਤਹਿ ਹੁੰਦੀ ਹੈ ਜੋ ਕਿ ਥਣਾਂ ਨੂੰ ਦੱਬਦੀ ਅਤੇ ਢਿੱਲਾ ਛੱਡਦੀ ਰਹਿੰਦੀ ਹੈ। ਇਸ ਤਰ੍ਹਾਂ ਦੁੱਧ ਥਣਾਂ ਵਿੱਚੋਂ ਨਿਕਲਦਾ ਰਹਿੰਦਾ ਹੈ ਪ੍ਰੰਤੂ ਖੂਨ ਨਹੀਂ ਅਤੇ ਥਣਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਦਾ।

**ਮਸ਼ੀਨ ਨਾਲ ਦੁੱਧ ਚੋਣ ਦੇ ਲਾਭ**

ਮਸ਼ੀਨ ਨਾਲ ਦੁੱਧ ਚੋਣ ਦੇ ਕਈ ਲਾਭ ਹਨ ਜਿਵੇਂ ਕਿ :

* ਦੁੱਧ ਚੁਆਈ ਦਾ ਕੰਮ ਤੇਜ਼ੀ ਨਾਲ ਹੁੰਦਾ ਹੈ।
* ਥੋੜੇ ਵਕਤ ਵਿੱਚ ਬਹੁਤ ਸਾਰੇ ਪਸ਼ੂਆਂ ਦੀ ਦੁੱਧ-ਚੁਆਈ ਸੰਭਵ ਹੈ।
* ਬਹੁਤ ਘੱਟ ਮਜ਼ਦੂਰਾਂ (Labour) ਦੀ ਲੋੜ ਪੈਂਦੀ ਹੈ।
* ਕਿਟਾਣੂਆਂ ਤੋਂ ਰਹਿਤ ਸਾਫ਼ ਸੁਥਰਾ ਦੁੱਧ ਚੋਣਾ ਸੰਭਵ ਹੈ।

ਥਣਾਂ ਵਿੱਚੋਂ ਕੌਣ ਸਭ ਤੋਂ ਤੇਜ਼ੀ ਨਾਲ ਦੁੱਧ ਕੱਢਦਾ ਹੈ ? ਵਿਦਿਆਰਥੀਆਂ ਲਈ ਇਹ ਦਿਲਚਸਪੀ ਵਾਲੀ ਜਾਣਕਾਰੀ ਹੋਵੇਗੀ ਕਿ ਹੱਥ ਨਾਲ ਚੁਆਈ, ਮਸ਼ੀਨ ਨਾਲ ਚੁਆਈ ਅਤੇ ਵਛੜੂ ਦੁਆਰਾ ਦੁੱਧ ਚੁੰਘਣਾ ਇਨ੍ਹਾਂ ਤਿੰਨਾ ਤਰੀਕਿਆਂ ਵਿੱਚ ਦੁੱਧ ਕੱਢਣ ਦੇ ਮੁਢਲੇ ਸਿਧਾਂਤ ਵੱਖ ਵੱਖ ਹਨ ਜਿਵੇਂ ਕਿ ਤਸਵੀਰ 2.14 ਵਿੱਚ ਵਰਨਣ ਕੀਤਾ ਹੈ। ਇਹ ਜਾਣਕੇ ਤੁਹਾਨੂੰ ਹੈਰਾਨੀ ਹੋਵੇਗੀ ਕਿ ਪ੍ਰਤੀ ਯੂਨਿਟ ਸਮੇਂ ਦੇ ਹਿਸਾਬ ਨਾਲ ਵਛੜੂ ਦੁਆਰਾ, ਮਸ਼ੀਨ ਅਤੇ ਹੱਥ ਦੀ ਚੁਆਈ ਦੇ ਮੁਕਾਬਲੇ ਵਧੇਰੇ ਦੁੱਧ ਥਣਾਂ ਵਿੱਚੋਂ ਕੱਢਿਆ ਜਾਂਦਾ ਹੈ ਕਿਉਂਕਿ ਵਛੜੂ ਦੁਆਰਾ ਦੋਵੇਂ ਤਰ੍ਹਾਂ ਦੇ ਪਾਜ਼ੇਟਿਵ (+Ve) ਅਤੇ (-Ve) ਨੈਗੇਟਿਵ ਦਬਾਅ ਪਾਏ ਜਾਂਦੇ ਹਨ। ਇਸੇ ਕਾਰਨ ਵਛੜੂ ਨੂੰ ਥੋੜੇ ਸਮੇਂ ਲਈ ਚੁੰਘਣ ਦੇਣਾ ਚਾਹੀਦਾ ਹੈ।

| ਹੱਥ ਨਾਲ ਚੁਆਈ | ਮਸ਼ੀਨ ਨਾਲ ਚੁਆਈ | ਦੁੱਧ ਚੁੰਗਣਾ |
|---|---|---|
| ਪਾਜੇਟਿਵ ਪਨੈਸ਼ਰ ਦੀ ਵਰਤੋਂ ਹੁੰਦੀ ਹੈ। | ਨੈਗੇਟਿਵ ਪਨੈਸ਼ਰ ਦੀ ਵਰਤੋਂ ਹੁੰਦੀ ਹੈ। | ਦੋਵੇਂ ਤਰ੍ਹਾਂ ਦੇ ਪਨੈਸ਼ਰ ਪਾਜੇਟਿਵ ਅਤੇ ਨੈਗੇਟਿਵ ਦੀ ਵਰਤੋਂ ਹੁੰਦੀ ਹੈ। |
| ਮੱਠੀ ਰਫਤਾਰ ਵਾਲਾ ਤਰੀਕਾ ਹੈ | ਤੇਜ਼ ਰਫ਼ਤਾਰ ਤਰੀਕਾ ਹੈ। | ਸਭ ਤੋਂ ਤੇਜ਼ ਰਫਤਾਰ ਨਾਲ ਦੁੱਧ ਨਿਕਲਦਾ ਹੈ। |

**ਤਸਵੀਰ 2. 14 : ਦੁੱਧ ਕੱਢਣ ਦੇ ਵੱਖ-ਵੱਖ ਤਰੀਕਿਆਂ ਦੇ ਸਿਧਾਂਤਾਂ ਦਾ ਮੁਕਾਬਲਾ।**

## ਮੁਲਾਂਕਣ

**(ੳ) ਬਹੁ-ਉਤਰੀ ਪ੍ਰਸ਼ਨ**

1. ਮਸ਼ੀਨ ਨਾਲ ਦੁੱਧ ਚੁਆਈ ਵਿੱਚ ਥਣਾਂ 'ਤੇ ਕਿਹੜਾ ਪ੍ਰੈਸ਼ਰ ਪਾਇਆ ਜਾਂਦਾ ਹੈ ?

   ੳ) ਪਾਜ਼ੇਟਿਵ ਪ੍ਰੈਸ਼ਰ

   ਅ) ਨੈਗੇਟਿਵ ਪ੍ਰੈਸ਼ਰ

   ੲ) ਦੋਵੇਂ (ੳ) ਅਤੇ (ਅ)

   ਸ) ਇਨ੍ਹਾਂ ਵਿੱਚੋਂ ਕੋਈ ਨਹੀਂ

2. ਸਾਫ਼ ਬਰਤਨ ਵਿੱਚ ਪਾ ਕੇ ਢੱਕਣ ਬੰਦ ਕਰਕੇ ਦੁੱਧ ਨੂੰ ਕਿਸ ਤਾਪਮਾਨ 'ਤੇ ਸਟੋਰ ਵਿਚ ਰੱਖਣਾ ਚਾਹੀਦਾ ਹੈ ?

   ੳ) −4 ਡਿਗਰੀ ਸੈ: ਗਰੇਡ

   ਅ) 0 ਡਿਗਰੀ ਸੈ : ਗਰੇਡ

   ੲ) 4 ਡਿਗਰੀ ਸੈ. ਗਰੇਡ

   ਸ) 10 ਡਿਗਰੀ ਸੈ. ਗਰੇਡ

3. ਹਵਾਨੇ ਵਿੱਚ ਦੁੱਧ ਉਤਾਰਨ ਲਈ ਕਿਹੜਾ ਉਤੇਜਿਕ ਕਾਰਗਰ ਹੈ?

ੳ) ਹਵਾਨੇ ਨੂੰ ਧੋਣਾ

ਅ) ਵਛੜੂ ਨੂੰ ਦੇਖਣਾ

ੲ) ਵਛੜੂ ਦੀ ਖ਼ੁਸ਼ਬੋ

ਸ) ਇਹ ਸਾਰੇ

4. ਦੁੱਧ ਚੋਣ ਦੇ ਸਹੀ ਤਰੀਕੇ ਵਿੱਚ ਕਿਹੜਾ ਨੁਕਤਾ ਸ਼ਾਮਲ ਹੈ?

ੳ) ਵੱਧ ਤੋਂ ਵੱਧ ਦੁੱਧ ਕੱਢਣਾ

ਅ) ਸਾਫ਼ ਦੁੱਧ ਪੈਦਾ ਕਰਨਾ

ੲ) ਲੇਬਰ ਅਤੇ ਸਾਜੋ ਸਮਾਨ ਦੀ ਕਾਰਗਰ ਵਰਤੋਂ

ਸ) ਇਹ ਸਾਰੇ

5. ਅੰਗੂਠਾ ਮਰੋੜ ਕੇ ਥਣ ਨੂੰ ਦਬਾਉਣ ਨਾਲ ਦੁੱਧ ਕੱਢਣ ਸੰਬੰਧੀ ਹੇਠ ਲਿਖਿਆਂ ਵਿਚੋਂ ਕਿਹੜਾ ਕਥਨ ਗਲਤ ਹੈ?

ੳ) ਤੇਜ਼ੀ ਨਾਲ ਦੁੱਧ ਕੱਢਣ ਵਾਲਾ ਤਰੀਕਾ ਹੈ।

ਅ) ਵਿਅਕਤੀ ਅੰਗੂਠਾ ਮਰੋੜ ਕੇ ਥਣਾਂ ਨੂੰ ਦਬਾਅ ਕੇ ਦੁੱਧ ਕੱਢਦਾ ਹੈ।

ੲ) ਇਸ ਤਰੀਕੇ ਵਿੱਚ ਥਣਾਂ ਉਪਰ ਜ਼ਖਮ ਹੋ ਸਕਦੇ ਹਨ।

ਸ) ਇਹ ਦੁੱਧ ਕੱਢਣ ਦਾ ਗਲਤ ਤਰੀਕਾ ਹੈ।

**ਅ) ਖਾਲੀ ਥਾਂ ਭਰੋ-**

ੳ) ਮੈਮਰੀ ਗਲੈਂਡ ਜਾਂ ਹਵਾਨੇ ਨੂੰ ਇਕ ਪਰਿਵਰਤਤ ................ ਗਲੈਂਡ ਵੀ ਕਿਹਾ ਜਾਂਦਾ ਹੈ।

ਅ) ਹਵਾਨੇ ਵਿੱਚ ਦੁੱਧ ਦਾ ਉਤਾਰਾ ਦਿਮਾਗੀ ਅਤੇ ................ ਦੀ ਸਹਿ ਕਾਰਵਾਈ ਦੇ ਸਿੱਟੇ ਵਜੋਂ ਹੁੰਦਾ ਹੈ।

ੲ) ਆਕਸੀਟੋਸਨ ਹਾਰਮੋਨ ਦੇ ਪੈਦਾ ਹੋਣ ਦੇ ਬਾਵਜੂਦ ................ ਵਿੱਚੋਂ ਨਿਕਲੇ ਹਾਰਮੋਨ ਨਾਲ ਡੰਗਰ ਦੁੱਧ ਚੜ੍ਹਾ ਜਾਂਦਾ ਹੈ ਭਾਵ ਦੁੱਧ ਲਾਉਂਦਾ ਨਹੀਂ।

ਸ) ਦੁਧਾਰੂ ਪਸ਼ੂ ਆਮ ਤੌਰ 'ਤੇ ................ ਪਾਸੇ ਤੋਂ ਚੋਏ ਜਾਂਦੇ ਹਨ।

ਹ) ਆਕਸੀਟੋਸਨ ਦਾ ਅਸਰ ਸਿਰਫ਼ ................ ਮਿੰਟਾਂ ਲਈ ਰਹਿੰਦਾ ਹੈ ਕਿਉਂਕਿ ਖ਼ੂਨ ਵਿੱਚ ਇਸਦਾ ਅਸਰ ਤੇਜੀ ਨਾਲ ਘੱਟ ਜਾਂਦਾ ਹੈ।

**ੲ) ਸਹੀ ਜਾਂ ਗਲਤ ਦੱਸੋ-**

1. ਦੁੱਲਤੀ ਮਾਰਨਾ ਜਾਂ ਛੜ ਮਾਰਨਾ ਬੰਦ ਹੋ ਸਕਦਾ ਹੈ ਜੇਕਰ ਗੱਭਣ ਪਸ਼ੂ ਨਾਲ ਪਿਆਰ ਨਾਲ ਪੇਸ਼ ਆਇਆ ਜਾਵੇ।
2. ਹਵਾਨੇ ਦੇ ਅਗਲੇ ਦੋਵੇਂ ਹਿੱਸੇ ਪਿਛਲੇ ਹਿੱਸਿਆਂ ਤੋਂ ਵੱਡੇ ਹੁੰਦੇ ਹਨ।
3. ਦੁੱਧ ਚੋਣ ਵਾਲੀ ਮਸ਼ੀਨ ਦਾ ਮੁਢਲਾ ਸਿਧਾਂਤ ਥਣਾਂ ਉਪਰ ਪਾਜ਼ੇਟਿਵ ਪ੍ਰੈਸ਼ਰ ਪਾ ਕੇ ਦੁੱਧ ਕੱਢਣਾ ਹੈ।

4. ਦੁੱਧ ਚੋਣ/ਚੁਆਈ ਦੌਰਾਨ, ਰੌਲਾ ਰੱਪਾ ਪੈਣ ਕਾਰਨ ਜਾਂ ਹੋਰ ਗੜਗੜ ਹੋਣ ਨਾਲ ਡੰਗਰ 'ਤੇ ਦਬਾਅ ਪੈਣ ਨਾਲ ਉਹ ਡਰ ਜਾਂਦਾ ਹੈ।

5. ਥਣਾਂ ਵਿੱਚ ਜੋ ਕਿਟਾਣੂ ਪਹਿਲਾਂ ਹੀ ਮੌਜੂਦ ਹਨ ਉਹ ਥਣਾਂ ਨੂੰ ਡਬੋਣ ਨਾਲ ਖਤਮ ਨਹੀਂ ਹੁੰਦੇ।

**ਉੱਤਰ**


| **(ੳ) ਬਹੁ-ਉਤਰੀ ਪ੍ਰਸ਼ਨ** | **ਅ) ਖਾਲੀ ਥਾਂ ਭਰੋ** | **ੲ) ਸਹੀ ਜਾਂ ਗਲਤ** |
|---|---|---|
| 1. (ਅ) | 1. ਸਵੈਟ ਗਲੈਂਡ | 1. ਸਹੀ |
| 2. (ੲ) | 2. ਹਾਰਮੋਨਲ | 2. ਸਹੀ |
| 3. (ਸ) | 3. ਐਡਰੀਨੇਲਿਨ | 3. ਗਲਤ |
| 4. (ਸ) | 4. ਖੱਬੇ | 4. ਸਹੀ |
| 5. (ੳ) | 5. 7 ਮਿੰਟ | 5. ਗਲਤ |

## ਸੈਸ਼ਨ 2 — ਸਾਫ਼-ਸੁਥਰਾ ਦੁੱਧ ਪੈਦਾ ਕਰਨਾ

### 1. ਦੁੱਧ ਦੂਸ਼ਤ ਜਾਂ ਅਸ਼ੁਧ ਕਿਉਂ ਹੁੰਦਾ ਹੈ?

ਦੁੱਧ ਨੂੰ ਹਮੇਸ਼ਾ ਵੱਡਮੁੱਲੀ ਅਤੇ ਪਵਿੱਤਰ ਖੁਰਾਕ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਤੰਦਰੁਸਤ ਪਸ਼ੂ ਦੇ ਹਵਾਨੇ ਵਿੱਚ ਦੁੱਧ ਹਮੇਸ਼ਾਂ ਜਰਮ ਰਹਿਤ ਅਵਸਥਾ ਵਿੱਚ ਹੁੰਦਾ ਹੈ। ਚੁਆਈ ਦੌਰਾਨ ਜਾਂ ਠੰਢਾ ਕਰਕੇ ਸਟੋਰ ਕਰਨ ਦੌਰਾਨ ਜਾਂ ਢੋਆ ਢੁਆਈ ਦੌਰਾਨ ਜਾਂ ਪ੍ਰੋਸੈਸਿੰਗ ਦੌਰਾਨ ਦੁੱਧ ਦੂਸ਼ਤ ਹੁੰਦਾ ਹੈ। ਦੁੱਧ, ਕਿਟਾਣੂਆਂ, ਖਮੀਰਾਂ ਅਤੇ ਉੱਲੀਆਂ ਦੇ ਵਿਕਾਸ ਲਈ ਬਹੁਤ ਵਧੀਆ ਖੁਰਾਕ ਹੈ। ਢੁਕਵੇਂ ਉੱਚੇ ਤਾਪਮਾਨ 'ਤੇ ਇਨ੍ਹਾਂ ਜਿਵਾਣੂਆਂ ਦਾ ਬਹੁਤ ਤੇਜ਼ੀ ਨਾਲ ਵਿਕਾਸ ਹੁੰਦਾ ਹੈ ਜਿਸ ਦੇ ਸਿੱਟੇ ਵਜੋਂ ਦੁੱਧ ਖਰਾਬ ਹੋ ਜਾਂਦਾ ਹੈ ਅਤੇ ਵਰਤੋਂ ਜਾਂ ਡੇਅਰੀ ਦੇ ਹੋਰ ਉਤਪਾਦ ਬਣਾਉਣ ਦੇ ਕਾਬਲ ਨਹੀਂ ਰਹਿੰਦਾ। ਤਸਵੀਰ 2.15 ਵਿੱਚ ਦੁੱਧ ਨੂੰ ਦੂਸ਼ਤ ਕਰਨ ਵਾਲੇ ਪ੍ਰਮੁੱਖ ਸੋਮੇਂ ਦਰਸਾਏ ਗਏ ਹਨ।

ਉੱਤਮ ਦੁੱਧ ਤੋਂ ਭਾਵ ਅਜਿਹਾ ਦੁੱਧ ਹੈ ਜੋ ਸਾਫ਼ ਸੁਥਰੀ ਜਗ੍ਹਾ 'ਤੇ ਰੱਖੇ ਤੰਦਰੁਸਤ ਪਸ਼ੂਆਂ ਤੋਂ ਚੋਇਆ ਗਿਆ ਹੋਵੇ। ਅਜਿਹਾ ਦੁੱਧ ਮੱਖੀ ਮੱਛਰ, ਮਿੱਟੀ ਘੱਟੇ ਅਤੇ ਗੋਹੇ ਤੋਂ ਰਹਿਤ ਹੁੰਦਾ ਹੈ। ਸ਼ੁੱਧ ਦੁੱਧ ਦੀ ਸਧਾਰਨ ਬਣਤਰ ਹੁੰਦੀ ਹੈ, ਕੁਦਰਤੀ ਵਾਸ਼ਨਾ ਹੁੰਦੀ ਹੈ, ਸੀਮਤ ਗਿਣਤੀ ਵਿੱਚ ਨੁਕਸਾਨ ਰਹਿਤ ਕਿਟਾਣੂ ਹੁੰਦੇ ਹਨ, ਖਤਰਨਾਕ ਰਸਾਇਣਕ ਰਹਿੰਦ ਖੂੰਹਦ ਤੋਂ ਰਹਿਤ ਅਤੇ ਮਨੁੱਖੀ ਵਰਤੋਂ ਲਈ ਸੁਰੱਖਿਅਤ ਹੁੰਦਾ ਹੈ। ਡੇਅਰੀ ਫਾਰਮਰਾਂ ਦਾ ਮੁੱਖ ਉਦੇਸ਼ ਵੱਧ ਤੋਂ ਵੱਧ ਦੁੱਧ ਪੈਦਾ ਕਰਨਾ ਹੁੰਦਾ ਹੈ ਪ੍ਰੰਤੂ ਇਸ ਦੇ ਨਾਲ ਨਾਲ ਉਨ੍ਹਾਂ ਨੂੰ ਉੱਤਮ ਕੁਆਲਟੀ ਵਾਲੇ ਸਾਫ਼-ਸੁਥਰੇ ਦੁੱਧ ਦੀ ਪੈਦਾਵਾਰ ਵੀ ਯਕੀਨੀ ਬਣਾਉਣੀ ਚਾਹੀਦੀ ਹੈ।




**ਤਸਵੀਰ 2.15 : ਦੁੱਧ ਨੂੰ ਦੂਸ਼ਤ ਕਰਨ ਵਾਲੇ ਸੋਮੇਂ**

### 2. ਸਾਫ਼ ਦੁੱਧ ਪੈਦਾ ਕਰਨ ਦੇ ਤਰੀਕੇ

ਸਾਫ਼ ਸੁਥਰੇ ਦੁੱਧ ਤੋਂ ਭਾਵ ਅਜਿਹਾ ਦੁੱਧ ਹੈ ਜੋ ਤੰਦਰੁਸਤ ਪਸ਼ੂ ਦੇ ਹਵਾਨੇ ਤੋਂ ਸਾਫ਼ ਬਰਤਨਾਂ ਵਿੱਚ ਚੋਇਆ ਹੋਵੇ ਅਤੇ ਮਿੱਟੀ, ਘੱਟੇ, ਮੱਖੀ, ਗੋਹੇ ਆਦਿ ਤੋਂ ਰਹਿਤ ਹੋਵੇ। ਅਜਿਹੇ ਦੁੱਧ ਦੀ ਦਿਲ ਖਿੱਚਵੀਂ ਕੁਦਰਤੀ ਵਾਸ਼ਨਾ ਹੁੰਦੀ ਹੈ ਅਤੇ ਇਹ ਮਨੁੱਖੀ ਵਰਤੋਂ ਲਈ ਸੁਰੱਖਿਅਤ ਹੁੰਦਾ ਹੈ। ਤਸਵੀਰ 2.16 ਵਿੱਚ ਅਜਿਹੇ ਦੁੱਧ ਦੀਆਂ ਵਿਸ਼ੇਸ਼ਤਾਈਆਂ ਅਤੇ ਲਾਭ ਦੱਸੇ ਗਏ ਹਨ।

ਦੁੱਧ ਨੂੰ ਦੂਸ਼ਤ ਕਰਨ ਵਾਲੇ ਜਿਵਾਣੂ ਮੁੱਖ ਤੌਰ 'ਤੇ ਲਿਬੜੇ ਹਵਾਨੇ, ਚੁਆਵੇ ਦੇ ਗੰਦੇ ਹੱਥਾਂ ਅਤੇ ਬਰਤਨਾਂ ਤੋਂ ਆਉਂਦੇ ਹਨ। ਸਾਫ਼ ਸੁਥਰਾ ਦੁੱਧ ਪੈਦਾ ਕਰਨ ਲਈ ਉਪਰਾਲੇ, ਦੁੱਧ ਚੋਣ ਤੋਂ ਪਹਿਲਾਂ, ਦੁੱਧ ਚੁਆਈ ਦੌਰਾਨ ਅਤੇ ਦੁੱਧ ਚੋਣ ਤੋਂ ਬਾਅਦ ਕਰਨੇ ਚਾਹੀਦੇ ਹਨ ਜਿਵੇਂ ਕਿ –




**ਤਸਵੀਰ 2.16: ਸਾਫ਼-ਸੁਥਰੇ/ਸ਼ੁੱਧ ਦੁੱਧ ਦੇ ਲਾਭ**

### (ੳ) ਸ਼ੁੱਧ ਦੁੱਧ ਦੀ ਪੈਦਾਵਾਰ ਵਿੱਚ ਤੰਦਰੁਸਤ ਪਸ਼ੂਆਂ ਦਾ ਮਹੱਤਵ

ਦੁੱਧ ਨੂੰ ਦੂਸ਼ਤ ਕਰਨ ਵਿੱਚ ਪਸ਼ੂ ਮੁੱਖ ਸੋਮਾ ਹੁੰਦਾ ਹੈ। ਸਾਫ਼ ਸੁਥਰਾ ਦੁੱਧ ਤੰਦਰੁਸਤ ਪਸ਼ੂਆਂ ਤੋਂ ਹੀ ਮਿਲ ਸਕਦਾ ਹੈ। ਦੁਧਾਰੂ ਪਸ਼ੂਆਂ ਦੀ ਤਪਦਿਕ ਅਤੇ ਤੂ-ਜਾਣਾ ਵਰਗੀਆਂ ਛੂਤ ਦੀਆਂ ਬਿਮਾਰੀਆਂ ਲਈ ਹਰ ਸਾਲ ਜਾਂਚ ਕਰਾਉਣੀ ਚਾਹੀਦੀ ਹੈ।

ਲੇਵੇ ਦੀ ਸੋਜ ਬਿਮਾਰੀ ਤੋਂ ਪੀੜਿਤ ਡੰਗਰ ਦੇ ਦੁੱਧ ਵਿੱਚ ਬਿਮਾਰੀ ਫੈਲਾਉਣ ਵਾਲੇ ਖਤਰਨਾਕ ਜਿਵਾਣੂ ਹੁੰਦੇ ਹਨ। ਅਜਿਹੇ ਦੁੱਧ ਨੂੰ ਵੱਖਰੇ ਤੌਰ 'ਤੇ ਚੋਇਆ ਜਾਵੇ ਅਤੇ ਸੁਰੱਖਿਅਤ ਤਰੀਕੇ ਨਾਲ ਨਸ਼ਟ ਕਰ ਦਿੱਤਾ ਜਾਵੇ।

ਡੰਗਰਾਂ ਦੇ ਸਰੀਰ ਉਪਰਲੀ ਚਮੜੀ 'ਤੇ ਕਈ ਪ੍ਰਕਾਰ ਦੇ ਜਿਵਾਣੂ ਹੋ ਸਕਦੇ ਹਨ। ਗੋਬਰ, ਮਲਮੂਤਰ, ਮਿੱਟੀ ਘੱਟਾ ਅਤੇ ਵਾਲਾਂ ਉਪਰ ਲੱਖਾਂ ਦੀ ਗਿਣਤੀ ਵਿੱਚ ਕਿਟਾਣੂ ਹੁੰਦੇ ਹਨ ਜੋ ਚਮੜੀ ਜਾਂ ਹਵਾਨੇ ਤੋਂ ਦੁੱਧ ਵਿੱਚ ਡਿੱਗ ਸਕਦੇ

ਹਨ। ਵੱਖੀਆਂ ਅਤੇ ਪਿਛਲੀਆਂ ਲੱਤਾਂ, ਪੂਛ ਅਤੇ ਹਵਾਨੇ ਦੇ ਆਲੇ-ਦੁਆਲੇ ਲੰਮੇ ਵਾਲਾਂ ਦੀ ਸਮੇਂ-ਸਮੇਂ 'ਤੇ ਕਟਾਈ ਕਰਦੇ ਰਹਿਣਾ ਚਾਹੀਦਾ ਹੈ। ਇਸ ਤਰ੍ਹਾਂ ਪਸ਼ੂਆਂ ਦੀ ਸੁਚੱਜੇ ਢੰਗ ਨਾਲ ਦੇਖਭਾਲ ਕਰਕੇ ਸਾਫ਼-ਸੁਥਰਾ ਦੁੱਧ ਪੈਦਾ ਕੀਤਾ ਜਾ ਸਕਦਾ ਹੈ।

**(ਅ) ਪਸ਼ੂਆਂ ਦੇ ਸ਼ੈਡ ਅਤੇ ਰਹਾਇਸ਼ ਸਾਫ਼ ਸੁਥਰੀ ਹੋਵੇ**

ਪਸ਼ੂਆਂ ਨੂੰ ਸਾਫ਼-ਸੁਥਰਾ ਰੱਖਣ ਲਈ ਉਨ੍ਹਾਂ ਦੇ ਸ਼ੈਡ ਸਾਫ਼ ਸੁਥਰੇ ਹੋਣੇ ਚਾਹੀਦੇ ਹਨ। ਅਜਿਹੇ ਸ਼ੈਡਾਂ ਵਿੱਚੋਂ ਗੋਬਰ, ਮਲਮੂਤਰ ਅਤੇ ਫਾਲਤੂ ਪਾਣੀ ਦੀ ਤੁਰੰਤ ਨਿਕਾਸੀ ਦੇ ਪ੍ਰਬੰਧ ਹੋਣੇ ਚਾਹੀਦੇ ਹਨ। ਮੱਖੀ, ਮੱਛਰ ਤੋਂ ਬਚਾਅ ਰੱਖਣ ਲਈ ਰੂੜੀ ਵਾਲਾ ਟੋਆ ਸ਼ੈਡ ਤੋਂ ਕੁਝ ਦੂਰੀ 'ਤੇ ਹੋਣਾ ਚਾਹੀਦਾ ਹੈ। ਮੱਖੀਆਂ 14 ਲੱਖ ਕਿਟਾਣੂਆਂ ਨੂੰ ਲਿਜਾ ਸਕਦੀਆਂ ਹਨ। ਇਨ੍ਹਾਂ ਦੁਆਰਾ ਟਾਈਫਾਈਡ, ਖੂਨੀ ਮੋਕ ਅਤੇ ਹੋਰ ਸੰਪਰਕ ਨਾਲ ਫੈਲਣ ਵਾਲੀਆਂ ਬਿਮਾਰੀਆਂ ਫੈਲਾਈਆਂ ਜਾਂਦੀਆਂ ਹਨ। ਦੁੱਧ ਚੋਣ ਵਾਲੇ ਕਮਰੇ ਵਿੱਚ ਚੰਗਾ ਫਰਸ਼ ਲੱਗਾ ਹੋਵੇ ਜਿਸ ਨੂੰ ਧੋ ਕੇ ਸਾਫ਼ ਕਰਨਾ ਅਸਾਨ ਹੋਵੇ। ਦੁੱਧ ਚੋਣ ਤੋਂ ਪਹਿਲਾਂ ਸ਼ੈੱਡ ਨੂੰ ਚੰਗੀ ਤਰ੍ਹਾਂ ਸਾਫ਼ ਕਰਕੇ ਸੁਕਾ ਲਵੋ। ਦੁੱਧ ਚੋਣ ਉਪਰੰਤ ਸ਼ੈੱਡ ਨੂੰ ਫਿਰ ਸਾਫ਼ ਕਰੋ ਅਤੇ ਕਿਟਾਣੂ ਰਹਿਤ ਕਰੋ। ਸ਼ੈੱਡ ਵਿੱਚ ਸਾਫ਼ ਸੁਥਰਾ ਪਾਣੀ ਉਪਲੱਬਧ ਹੋਣਾ ਚਾਹੀਦਾ ਹੈ।

**(ੲ) ਦੁੱਧ ਚੋਣ ਦੀ ਤਰਤੀਬ**

ਅਕਸਰ ਦੁੱਧ ਚੁਆਈ ਦੇ ਕਾਰਨ ਬਿਮਾਰੀਆਂ ਇਕ ਡੰਗਰ ਤੋਂ ਦੂਸਰੇ ਡੰਗਰ ਨੂੰ ਲਗ ਜਾਂਦੀਆਂ ਹਨ। ਬਿਮਾਰੀਆਂ ਦੇ ਫ਼ੈਲਣ ਤੋਂ ਬਚਾਅ ਕਰਨ ਲਈ ਦੁੱਧ ਚੋਂਣ ਦੀ ਤਰਤੀਬ ਹੇਠ ਲਿਖੇ ਅਨੁਸਾਰ ਹੋਣੀ ਚਾਹੀਦੀ ਹੈ।


ਪਹਿਲੇ ਸੂਏ ਵਾਲੀ ਗਾਂ- ਦੂਸਰੇ ਤੰਦਰੁਸਤ ਪਸ਼ੂ- ਬਿਮਾਰ ਗਾਂ

ਪਹਿਲੇ ਸੂਏ ਵਾਲੀ ਗਾਂ ਉਹ ਹੁੰਦੀ ਹੈ ਜਿਸ ਨੇ ਪਹਿਲੇ ਵਛੜੂ ਨੂੰ ਜਨਮ ਦਿੱਤਾ ਹੋਵੇ।

ਬਿਮਾਰ ਪਸ਼ੂ ਦੀ ਧਾਰ ਸਭ ਤੋਂ ਬਾਅਦ ਕੱਢੋ ਅਤੇ ਦੁੱਧ ਚੋਣ ਮਗਰੋਂ ਦੁੱਧ ਚੋਣ ਵਾਲੀ ਮਸ਼ੀਨ ਜਾਂ ਬਰਤਨ ਕਿਟਾਣੂ ਰਹਿਤ ਕਰ ਲਵੋ।

(ਸ) ਦੁੱਧ ਚੁਆਵੇ ਅਤੇ ਦੁੱਧ ਸੰਭਾਲਣ ਵਾਲੇ ਸਾਫ਼ ਸੁਥਰੇ ਹੋਣ : ਦੁੱਧ ਚੋਣ ਵਾਲੇ ਅਤੇ ਦੁੱਧ ਸੰਭਾਲਣ ਵਾਲੇ ਵਿਅਕਤੀ ਤੰਦਰੁਸਤ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਦੇ ਹੱਥ ਸਾਫ਼ ਸੁਥਰੇ ਹੋਣ, ਜਿਨ੍ਹਾਂ 'ਤੇ ਜ਼ਖਮ ਜਾਂ ਫੋੜਾ ਨਹੀਂ ਹੋਣਾ ਚਾਹੀਦਾ। ਦੁੱਧ ਦੀ ਸਾਂਭ ਸੰਭਾਲ ਕਰਨ ਵਾਲੇ ਵਿਅਕਤੀ ਨੂੰ ਸਾਬਣ ਨਾਲ ਹੱਥ ਸਾਫ ਕਰਕੇ, ਸਾਫ ਕੱਪੜੇ ਅਤੇ ਗਮਬੂਟ ਪਾ ਕੇ ਦੁੱਧ ਦਾ ਕੰਮ ਸ਼ੁਰੂ ਕਰਨਾ ਚਾਹੀਦਾ ਹੈ। ਜਿਹੜੇ ਵਿਅਕਤੀ ਦੇ ਬਾਹਾਂ, ਹੱਥਾਂ, ਸਿਰ ਜਾਂ ਧੌਣ 'ਤੇ ਫੋੜਾ ਹੋਵੇ ਜਾਂ ਕੋਈ ਛੂਤ ਦੀ ਬਿਮਾਰੀ ਤੋਂ ਪੀੜਤ ਹੋਏ ਤਾਂ ਅਜਿਹੇ ਵਿਅਕਤੀ ਨੂੰ ਦੁੱਧ ਦਾ ਕੰਮ ਨਹੀਂ ਕਰਨਾ ਚਾਹੀਦਾ। ਦੁੱਧ ਚੁਆਈ ਦੌਰਾਨ ਸਿਗਰਟ/ਬੀੜੀ ਪੀਣ ਦੀ ਸਖਤ ਮਨਾਹੀ ਹੈ। ਜੇਕਰ ਚੁਆਵਾ ਤਪਦਿਕ ਰੋਗ, ਦਸਤ, ਸੈਲਮੋਨੈਲਾ ਕਿਟਾਣੂਆਂ ਜਾਂ ਕਿਸੇ ਹੋਰ ਬਿਮਾਰੀ ਤੋਂ ਪੀੜਤ ਹੈ ਤਾਂ ਅਜਿਹੇ ਕਿਟਾਣੂਆਂ ਦੁਆਰਾ ਦੁੱਧ ਨੂੰ ਦੂਸ਼ਤ ਕਰਨ ਦਾ ਵੱਡਾ ਖਤਰਾ ਰਹਿੰਦਾ ਹੈ।

(ਹ) ਦੁੱਧ ਵਾਲੀ ਬਾਲਟੀ ਦੀ ਸ਼ਕਲ : ਉਪਰੋਂ ਖੁੱਲੀ ਬਾਲਟੀ ਨਾਲੋਂ **ਗੁੰਬਦ** ਸ਼ਕਲ ਦੀ ਬਾਲਟੀ (ਤਸਵੀਰ 2.17) ਜਾਂ ਬਰਤਨ ਦੁੱਧ ਚੋਣ ਲਈ ਬਿਹਤਰ ਅਤੇ ਸੁੱਰਖਿਅਤ ਰਹਿੰਦੇ ਹਨ।



**ਤਸਵੀਰ 2.17 : ਗੁੰਬਦ ਸ਼ਕਲ ਦੀ ਦੁੱਧ ਚੋਣ ਵਾਲੀ ਬਾਲਟੀ**

(ਕ) ਲੇਵੇ ਦੀ ਸੋਜ ਜਾਂ ਥਣਾਂ ਦੀ ਬਿਮਾਰੀ ਦੀ ਜਾਂਚ ਕਰਨ ਲਈ ਦੁੱਧ ਚੋਣ ਵੇਲੇ ਪਹਿਲੀਆਂ ਕੁੱਝ ਧਾਰਾਂ ਦੇ ਦੁੱਧ ਨੂੰ ਸਟਰਿਪ ਕੱਪ ਨਾਲ ਟੈਸਟ ਕਰਕੇ ਵੇਖ ਲੈਣਾ ਚਾਹੀਦਾ ਹੈ। ਦੁੱਧ ਦੀਆਂ ਫੁੱਟੀਆਂ ਬਣ ਜਾਣਾ ਜਾਂ ਬੇਰੰਗ ਹੋ ਜਾਣਾ ਜਾਂ ਪਾਣੀ ਵਾਂਗ ਪਤਲਾ ਹੋਣਾ, ਬਿਮਾਰੀ ਦੀ ਨਿਸ਼ਾਨੀ ਹੈ। ਪਹਿਲੀਆਂ ਧਾਰਾਂ ਦੇ ਦੁੱਧ ਨੂੰ ਨਸ਼ਟ ਕਰ ਦਿਓ ਕਿਉਂਕਿ ਇਸ ਵਿੱਚ ਬਹੁਤ ਜ਼ਿਆਦਾ ਕਿਟਾਣੂ ਹੁੰਦੇ ਹਨ।

**(ਖ) ਦੁੱਧ ਨੂੰ ਸਟੋਰ ਕਰਨਾ ਅਤੇ ਇਸਦੀ ਢੋਆ-ਢੁਆਈ**

ਪੋਣੀ ਨਾਲ ਦੁੱਧ ਨੂੰ ਪੁਣ ਲੈਣਾ ਚਾਹੀਦਾ ਹੈ (ਤਸਵੀਰ 2.18) ਅਤੇ ਢੋਲੀਆਂ ਵਿੱਚ ਪਾ ਕੇ (ਤਸਵੀਰ 2.19) ਸਟੋਰ ਵਿੱਚ ਰੱਖ ਲਵੋ। ਇਹ ਢੋਲੀਆਂ ਐਲੂਮੀਨੀਅਮ ਦੀਆਂ ਬਣੀਆਂ ਹੁੰਦੀਆਂ ਹਨ। ਦੁੱਧ ਪ੍ਰਕਾਸ਼ ਨੂੰ ਬਹੁਤ ਸੰਵੇਦਨਸ਼ੀਲ ਹੈ। ਧੁੱਪ ਵਿੱਚ ਰੱਖਣ ਕਾਰਨ ਦੁੱਧ ਵਿਚਲੇ ਮੱਖਣ, ਮਲਾਈ ਅਤੇ ਵਿਟਾਮਿਨ ਦੇ ਆਕਸੀਕਰਣ ਹੋਣ ਨਾਲ ਦੁੱਧ ਵਿਚੋਂ ਭੈੜੀ ਬਦਬੋ ਆਉਣ ਲੱਗ ਪੈਂਦੀ ਹੈ। ਇਸ ਲਈ ਦੁੱਧ ਨੂੰ ਹਮੇਸ਼ਾ ਸਾਫ਼ ਬਰਤਨਾਂ ਵਿੱਚ ਪਾ ਕੇ, ਢੱਕਣ ਬੰਦ ਕਰਕੇ, 4 ਡਿਗਰੀ ਸੈਂਟੀਗਰੇਡ ਤਾਪਮਾਨ ’ਤੇ ਸਟੋਰ ਕਰੋ ਜਿਥੇ ਰੋਸ਼ਨੀ ਨਾ ਹੋਵੇ। ਦੁੱਧ ਚੋਣ ਤੋਂ ਤਰੁੰਤ ਬਾਅਦ ਸਾਫ਼ ਬਰਤਨਾਂ ਵਿੱਚ ਪਾ ਕੇ ਦੁੱਧ ਨੂੰ ਭੇਜ ਦੇਣਾ ਚਾਹੀਦਾ ਹੈ। ਦੁੱਧ ਨੂੰ ਹਿਲਾਉਣ/ਰਿੜਕਣ ਨਾਲ ਥੰਦਿਆਈ ਹਿਲ ਜਾਂਦੀ ਹੈ ਜਿਸ ਨਾਲ ਇਸਦਾ ਆਕਸੀਕਰਨ ਜਲਦੀ ਹੋ ਜਾਂਦਾ ਹੈ ਅਤੇ ਨਤੀਜੇ ਵਜੋਂ ਦੁੱਧ ਦਾ ਸੁਆਦ ਖ਼ਰਾਬ ਹੋ ਜਾਂਦਾ ਹੈ। ਇਸ ਲਈ ਢੋਆ-ਢੁਆਈ ਦੌਰਾਨ ਦੁੱਧ ਨੂੰ ਵਧੇਰੇ ਹਿਲਾਉਣ-ਜਲਾਉਣ ਤੋਂ ਬਚਾਉਣਾ ਚਾਹੀਦਾ ਹੈ। ਦੁੱਧ ਚੁਆਈ ਤੋਂ 2-3 ਘੰਟਿਆਂ ਦੇ ਅੰਦਰ ਅੰਦਰ ਮਿਲਕ ਸ਼ੀਤਲ ਕੇਂਦਰ ’ਤੇ ਦੁੱਧ ਪਹੁੰਚਣਾ ਚਾਹੀਦਾ ਹੈ।



ਤਸਵੀਰ 2.18: ਦੁੱਧ ਪੋਣੀ/ਛਾਣਨੀ



ਤਸਵੀਰ 2.19: ਦੁੱਧ ਪਾਉਣ ਵਾਲੀਆਂ ਐਲੂਮੀਨੀਅਮ ਦੀਆਂ ਬਣੀਆਂ ਢੋਲੀਆਂ

**'ਲੇਵੇ ਦੀ ਸੋਜ' ਬਿਮਾਰੀ ਦੀ ਪਛਾਣ/ਜਾਂਚ**

ਇਹ ਇਕ ਗੁੰਝਲਦਾਰ ਬਿਮਾਰੀ ਹੈ ਜੋ ਕਈ ਪ੍ਰਕਾਰ ਦੇ ਕਿਟਾਣੂਆਂ ਦੁਆਰਾ ਪੈਦਾ ਹੁੰਦੀ ਹੈ। ਲੇਵੇ ਵਿੱਚ ਪ੍ਰਵੇਸ਼ ਕਰਨ ਤੋਂ ਬਾਅਦ ਇਹ ਜਿਵਾਣੂ ਵੱਧਦੇ ਫੁਲਦੇ ਹਨ ਅਤੇ ਜ਼ਹਿਰੀਲਾ ਮਾਦਾ ਪੈਦਾ ਕਰਦੇ ਹਨ ਜਿਸ ਨਾਲ ਸੋਜ ਪੈਦਾ ਹੁੰਦੀ ਹੈ। ਗਾਵਾਂ ਦੀ ਸਾਫ-ਸੁਥਰੀ ਦੇਖਭਾਲ ਦੇ ਸਦਕਾ ਇਸ ਬਿਮਾਰੀ ਨੂੰ ਕਾਫ਼ੀ ਹੱਦ ਤੱਕ ਠੱਲ ਪਾਈ ਜਾ ਸਕਦੀ ਹੈ ਪਰੰਤੂ ਪੂਰਨ ਤੌਰ 'ਤੇ ਇਹ ਬਿਮਾਰੀ ਖ਼ਤਮ ਨਹੀਂ ਹੁੰਦੀ। ਇਸ ਬਿਮਾਰੀ ਨਾਲ ਦੁੱਧ ਦੀ ਪੈਦਾਵਾਰ ਘੱਟ ਜਾਂਦੀ ਹੈ ਅਤੇ ਦੁੱਧ ਦੀ ਗੁਣਵਤਾ (Quality) ਖਰਾਬ ਹੋ ਜਾਂਦੀ ਹੈ। ਕਿਟਾਣੂਆਂ ਦੇ ਹਮਲੇ ਕਾਰਨ ਲੇਵੇ 'ਤੇ ਸੋਜ ਹੋਣ ਕਾਰਨ ਲੇਵੇ ਦਾ ਨੁਕਸਾਨ ਹੋ ਜਾਂਦਾ ਹੈ।

ਡੇਅਰੀ ਮਾਲਕ ਲਈ ਇਹ ਬਿਮਾਰੀ ਸਭ ਤੋਂ ਵੱਧ ਖਤਰਨਾਕ ਅਤੇ ਨੁਕਸਾਨ ਕਰਨ ਵਾਲੀ ਬਿਮਾਰੀ ਹੈ ਕਿਉਂਕਿ ਇਸ ਬਿਮਾਰੀ ਨਾਲ ਕਈ ਤਰ੍ਹਾਂ ਦੇ ਨੁਕਸਾਨ ਹੋ ਸਕਦੇ ਹਨ ਜਿਵੇਂ ਤਸਵੀਰ 2.20 ਵਿੱਚ ਦਰਸਾਇਆ ਹੈ।




**ਤਸਵੀਰ 2.20 : ਲੇਵੇ ਦੀ ਸੋਜ ਵਾਲੀ ਬਿਮਾਰੀ ਦੇ ਨੁਕਸਾਨ**

ਇਹ ਬਿਮਾਰੀ ਦੋ ਪ੍ਰਕਾਰ ਦੀ 'ਲੇਵੇ ਦੀ ਸੋਜ' ਅਤੇ 'ਲੇਵੇ ਦੀ ਗੁਝੀ ਸੋਜ' ਹੁੰਦੀ ਹੈ ਜਿਨ੍ਹਾਂ ਦੀ ਪਛਾਣ ਲੱਛਣਾਂ ਦੇ ਅਧਾਰ ਤੇ ਹੇਠ ਲਿਖੇ ਅਨੁਸਾਰ ਕੀਤੀ ਜਾਂਦੀ ਹੈ।

**ਲੇਵੇ ਦੀ ਸੋਜ**

* ਇਸ ਬਿਮਾਰੀ ਕਾਰਨ ਲੇਵਾ ਹੱਥ ਲਾਉਣ ਤੇ ਗਰਮ ਮਹਿਸੂਸ ਹੁੰਦਾ ਹੈ, ਲੇਵਾ ਲਾਲ ਹੋ ਜਾਂਦਾ ਹੈ। ਲੇਵੇ ਨੂੰ ਹੱਥ ਲਾਉਣ ਤੇ ਪਸ਼ੂ ਦਰਦ ਮਹਿਸੂਸ ਕਰਦਾ ਹੈ। ਦੁੱਧ ਵਿੱਚ ਪਾਣੀ ਅਤੇ ਛੋਟੀਆਂ-ਛੋਟੀਆਂ ਫੁੱਟੀਆਂ ਆਉਣ ਲੱਗ ਪੈਂਦੀਆਂ ਹਨ ਅਤੇ ਦੁੱਧ ਵਿੱਚੋਂ ਬਦਬੋ ਆਉਣ ਲੱਗ ਪੈਂਦੀ ਹੈ। ਜੇ ਇਲਾਜ ਨਾ ਕੀਤਾ ਜਾਵੇ ਤਾਂ ਲੇਵਾ/ਥਣ ਮਾਰਿਆ ਜਾਂਦਾ ਹੈ ਅਤੇ ਸਖਤ ਹੋ ਜਾਂਦਾ ਹੈ।

**ਲੇਵੇ ਦੀ ਗੁੱਝੀ ਸੋਜ**

* ਇਸ ਬਿਮਾਰੀ ਕਾਰਨ ਦੁੱਧ ਵਿੱਚ ਜਾਂ ਪਸ਼ੂ ਦੇ ਲੇਵੇ ਵਿੱਚ ਦਿਖਾਈ ਦੇਣ ਵਾਲੇ ਲੱਛਣ ਪੈਦਾ ਨਹੀਂ ਹੁੰਦੇ। ਦੁੱਧ ਦੇਖਣ ਨੂੰ ਸਹੀ ਲੱਗਦਾ ਹੈ ਪ੍ਰੰਤੂ ਰੋਗੀ ਗਾਵਾਂ ਦਾ ਦੁੱਧ ਘੱਟ ਜਾਂਦਾ ਹੈ ਅਤੇ ਦੁੱਧ ਦੀ ਕੁਆਲਟੀ ਤੇ ਵੀ ਮਾੜਾ ਅਸਰ ਪੈਂਦਾ ਹੈ। ਅਜਿਹੀਆਂ ਰੋਗੀ ਗਾਵਾਂ ਤੋਂ ਬਿਮਾਰੀ ਦੂਸਰੇ ਤੰਦਰੁਸਤ ਪਸ਼ੂਆਂ ਨੂੰ ਲੱਗ ਸਕਦੀ ਹੈ।

**ਬਿਮਾਰੀ ਦੇ ਕਾਰਣ :—**

ਲੇਵੇ ਦੀ ਸੋਜ ਦੁਨੀਆਂ ਭਰ ਵਿੱਚ ਗਾਵਾਂ ਦੀ ਸਭ ਤੋਂ ਵੱਧ ਹੋਣ ਵਾਲੀ ਖਤਰਨਾਕ ਬਿਮਾਰੀ ਹੈ। ਅਨੇਕਾਂ ਪ੍ਰਕਾਰ ਦੇ ਜਿਵਾਣੂ ਇਸ ਬਿਮਾਰੀ ਲਈ ਜ਼ਿੰਮੇਵਾਰ ਹਨ ਜਿਵੇਂ ਕਿ ਬੈਕਟੀਰੀਆ, ਉੱਲੀਆਂ, ਵਾਇਰਸ ਆਦਿ। ਗੰਦਗੀ, ਤਣਾਅ ਅਤੇ ਸਰੀਰਕ ਚੋਟ ਕਾਰਨ ਇਹ ਬਿਮਾਰੀ ਝੱਟਪਟ ਲਗ ਜਾਂਦੀ ਹੈ।

'ਲੇਵੇ ਦੀ ਸੋਜ' ਬਿਮਾਰੀ ਦੀਆਂ ਨਿਸ਼ਾਨੀਆਂ : ਇਸ ਬਿਮਾਰੀ ਦੇ ਲੱਛਣ 2.21 ਤਸਵੀਰ ਵਿਚ ਦਿਖਾਏ ਗਏ ਹਨ।




**ਤਸਵੀਰ 2.21 : ਲੇਵੇ ਦੀ ਸੋਜ ਬਿਮਾਰੀ ਦੀਆਂ ਨਿਸ਼ਾਨੀਆਂ**

**iii. ਇਸ ਬਿਮਾਰੀ ਦੀ ਜਾਂਚ ਲਈ ਟੈਸਟ**

**1 ਕੈਲੀਫੋਰਨੀਆਂ ਮੈਸਟਾਈਟਿਸ ਟੈਸਟ (CMT)/ ਪੈਡਲ ਟੈਸਟ**

ਇਹ ਟੈਸਟ ਬਹੁਤ ਸਧਾਰਨ ਅਤੇ ਸਸਤਾ ਟੈਸਟ ਹੈ ਜਿਸ ਦੁਆਰਾ ਤਰੁੰਤ ਬਿਮਾਰੀ ਦੀ ਪਰਖ ਹੋ ਜਾਂਦੀ ਹੈ (ਤਸਵੀਰ 2.22 ਅਤੇ 2.23)। ਇਹ ਇੱਕ ਭਰੋਸੇਯੋਗ ਟੈਸਟ ਹੈ ਜਿਸ ਦੁਆਰਾ ਬਿਮਾਰੀ ਦੀ ਗੰਭੀਰਤਾ ਬਾਰੇ ਪਤਾ ਲੱਗ ਜਾਂਦਾ ਹੈ। ਇਸ ਟੈਸਟ ਦੁਆਰਾ ਦੁੱਧ ਵਿੱਚ ਮੌਜੂਦ ਸੈਲੂਲਰ ਨਿਊਕਲੀਅਰ ਪ੍ਰੋਟੀਨ ਦੇ ਅਧਾਰ 'ਤੇ ਬਿਮਾਰੀ ਦੀ ਜਾਂਚ/ਪਰਖ ਕੀਤੀ ਜਾਂਦੀ ਹੈ।



**ਤਸਵੀਰ 2.22: ਸੀ. ਐਮ. ਟੀ ਦੇ ਚਾਰ ਖਾਲੀ ਕੱਪ ਜੋ ਚਾਰ ਥਣਾਂ ਦੀ ਅਲੱਗ-ਅਲੱਗ ਜਾਂਚ ਲਈ ਹਨ**



**ਤਸਵੀਰ 2.23: ਸੀ. ਐਮ. ਟੀ. ਦੇ ਰਸਾਇਣ ਮਿਲਾਉਣ ਉਪਰੰਤ ਜਿਸ ਕੱਪ ਵਿੱਚ ਦੁੱਧ ਤੋਂ ਲੇਵੀ/ਜੈਲ ਬਣ ਜਾਵੇ ਤਾਂ ਉਸ ਥਣ ਵਿੱਚ ਬਿਮਾਰੀ ਹੈ।**

**2. ਸਟਰਿਪ ਕੱਪ ਟੈਸਟ**

ਸਟਰਿਪ ਕੱਪ ਇੱਕ ਯੰਤਰ ਹੈ ਜੋ ਆਮ ਤੌਰ 'ਤੇ ਪਲਾਸਟਿਕ ਜਾਂ ਸਟੀਲ ਜਾਂ ਐਲੂਮੀਨੀਅਮ ਤੋਂ ਬਣਿਆਂ ਹੁੰਦਾ ਹੈ। ਇਸ ਲਈ ਇਹ ਟੈਸਟ ਕੁੱਝ ਮਹਿੰਗਾ ਵੀ ਹੈ। ਇਸ ਲਈ ਡੇਅਰੀ ਮਾਲਕਾਂ ਨੂੰ ਸਲਾਹ ਹੈ ਕਿ ਏਹੋ ਜਿਹਾ ਯੰਤਰ ਜੇ ਉਹ ਖੁਦ ਬਣਵਾ ਲੈਣ ਤਾਂ ਉਨ੍ਹਾਂ ਨੂੰ ਕਾਫ਼ੀ ਸਸਤਾ ਪਵੇਗਾ।

**3. ਦੁੱਧ ਵਿੱਚ ਸੋਮੈਟਿਕ ਸੈਲਾਂ ਦੀ ਗਿਣਤੀ**

ਇਸ ਬਿਮਾਰੀ ਤੋਂ ਬਚਾਅ ਅਤੇ ਰੋਕਥਾਮ ਦੇ ਵਿਵਰਨ ਵਿੱਚ ਇਸ ਬਾਰੇ ਦੱਸਿਆ ਗਿਆ ਹੈ।

**4. ਬਿਮਾਰੀ ਦੀ ਜਾਂਚ ਕਰਨ ਲਈ ਦੁੱਧ ਦਾ ਸੈਂਪਲ ਲੈਣ ਦਾ ਸਹੀ ਤਰੀਕਾ** : ਇਸ ਬਿਮਾਰੀ ਦੀ ਜਾਂਚ ਲਈ ਹਰ ਥਣ ਵਿੱਚੋਂ ਵੱਖਰਾ ਦੁੱਧ ਦਾ ਨਮੂਨਾ ਲਵੋ।

ਇਨ੍ਹਾਂ ਨਮੂਨਿਆਂ ਦੀ ਪਰਖ ਡੇਅਰੀ ਫਾਰਮ 'ਤੇ ਵੀ ਹੋ ਸਕਦੀ ਹੈ ਅਤੇ ਨਮੂਨਿਆਂ ਨੂੰ ਪ੍ਰਯੋਗਸ਼ਾਲਾ ਵਿੱਚ ਟੈਸਟ ਲਈ ਵੀ ਭੇਜਿਆ ਜਾ ਸਕਦਾ ਹੈ।

**iv. ਬਿਮਾਰੀ ਤੋਂ ਬਚਾਅ ਅਤੇ ਰੋਕਥਾਮ**

ਇਸ ਬਿਮਾਰੀ ਤੋਂ ਬਚਾਅ ਜਾਂ ਰੋਕਥਾਮ ਹੇਠ ਵਰਨਣ ਕੀਤੇ ਕਈ ਢੰਗਾਂ ਨਾਲ ਹੋ ਸਕਦੀ ਹੈ।

**1. ਪਸ਼ੂਆਂ ਨੂੰ ਸਾਫ਼-ਸੁਥਰੇ ਸ਼ਾਂਤ ਵਾਤਾਵਰਣ ਵਿੱਚ ਰੱਖੋ**

ਇਸ ਬਿਮਾਰੀ ਦੀ ਰੋਕਥਾਮ ਲਈ ਗਾਵਾਂ ਨੂੰ ਸਾਫ਼ ਸੁਥਰਾ ਰੱਖੋ। ਜੇਕਰ ਪਸ਼ੂ ਲਿਬੜੇ ਹੋਣਗੇ ਤਾਂ ਹਵਾਨੇ ਅਤੇ ਚਮੜੀ ਦੇ ਰੋਗ ਵੱਧ ਤੋਂ ਵੱਧ ਲੱਗਣ ਦਾ ਖਤਰਾ ਰਹੇਗਾ। ਪਸ਼ੂਆਂ ਦੀ ਰਹਾਇਸ਼ ਵਾਲੀ ਜਗ੍ਹਾ ਸਾਫ਼ ਸੁਥਰੀ ਅਤੇ ਸ਼ਾਂਤ ਹੋਣੀ ਚਾਹੀਦੀ ਹੈ। ਥਣਾਂ ਅਤੇ ਲੇਵੇ ਨੂੰ ਜਰਮ-ਨਾਸ਼ਕ ਘੋਲ ਨਾਲ ਧੋਣਾ ਚਾਹੀਦਾ ਹੈ।

**2. ਦੁੱਧ ਛੱਡਣ ਵੇਲੇ ਦਾ ਇਲਾਜ**

ਸੂਣ ਤੋਂ ਪਹਿਲਾਂ ਹਰ ਗਾਂ ਦੇ ਹਵਾਨੇ ਨੂੰ ਅਰਾਮ ਦੇਣ ਲਈ ਕੁੱਝ ਸਮੇਂ ਲਈ ਦੁੱਧ ਛੱਡਣਾ ਪੈਂਦਾ ਹੈ ਜਿਸਨੂੰ ਡਰਾਈ ਪੀਰੀਅਡ ਕਿਹਾ ਜਾਂਦਾ ਹੈ ਤਾਂ ਜੋ ਅਗਲੇ ਸੂਏ ਵਿੱਚ ਵੱਧ ਤੋਂ ਵੱਧ ਦੁੱਧ ਦੀ ਪੈਦਾਵਾਰ ਲਈ ਜਾ ਸਕੇ। ਵੱਡੇ ਵੱਡੇ ਡੇਅਰੀ ਫਾਰਮਾਂ ਵਿੱਚ ਦੁੱਧ ਛੱਡਣ ਵੇਲੇ ਇਸ ਬਿਮਾਰੀ ਦੇ ਇਲਾਜ ਦੀ ਇਕ ਪ੍ਰਨਾਲ਼ੀ/ਵਿਧੀ ਅਪਣਾਈ ਜਾਂਦੀ ਹੈ। ਜਦੋਂ ਆਖਰੀ ਵਾਰ ਦੁੱਧ ਚੋਈਏ ਤਾਂ ਉਸ ਸਮੇਂ ਇਕ ਖਾਸ ਕਿਸਮ ਦੀ ਟਿਊਬ ਚਾਰੇ ਥਣਾਂ ਵਿੱਚ ਚੜ੍ਹਾ ਦਿੱਤੀ ਜਾਂਦੀ ਹੈ ਤਾਂ ਜੋ ਥਣਾਂ ਵਿੱਚ ਪਹਿਲਾ ਤੋਂ ਪਣਪ ਰਹੇ ਬਿਮਾਰੀ ਵਾਲੇ ਜੀਵਾਣੂਆਂ ਦਾ ਖਾਤਮਾ ਹੋ ਸਕੇ ਅਤੇ ਨਵੇਂ ਜਿਵਾਣੂਆਂ ਦੇ ਹਵਾਨੇ ਵਿੱਚ ਦਾਖਲ ਹੋਣ ਦੀ ਰੋਕਥਾਮ ਹੋ ਸਕੇ।

ਹਵਾਨੇ ਅੰਦਰ ਅਜਿਹੀ ਐਂਟੀਬਾਇਓਟਿਕ ਦੁਆਈ ਲੰਮੇ ਸਮੇਂ (6-8 ਹਫ਼ਤੇ) ਤੱਕ ਅਸਰ ਰੱਖਦੀ ਹੈ।

**3. ਦੁੱਧ ਚੋਣ ਵੇਲੇ ਧਿਆਨ ਰੱਖਣ ਯੋਗ ਨੁਕਤੇ**

ਇਸ ਬਿਮਾਰੀ ਦੇ ਇਲਾਜ ਲਈ ਦੁੱਧ ਚੁਆਈ ਵੇਲੇ ਹੇਠ ਲਿਖੇ ਨੁਕਤਿਆਂ ਤੇ ਜਰੂਰ ਅਮਲ ਕਰਨਾ ਚਾਹੀਦਾ ਹੈ।

ੳ) ਹਰ ਗਾਂ ਦੀ ਚੁਆਈ ਤੋਂ ਪਹਿਲਾਂ ਅਤੇ ਬਾਅਦ ਵਿੱਚ ਚੁਆਏ ਨੂੰ ਹੱਥ ਧੋਣੇ ਚਾਹੀਦੇ ਹਨ।

ਅ) ਹਰ ਗਾਂ ਦੇ ਹਵਾਨੇ ਨੂੰ ਸਾਫ਼ ਪਾਣੀ ਨਾਲ ਧੋਣ ਤੋਂ ਬਾਅਦ ਸਾਫ਼ ਸੁਥਰੇ ਵੱਖਰੇ ਤੋਲੀਏ ਨਾਲ ਪੂੰਝਣਾ ਚਾਹੀਦਾ ਹੈ।

ੲ) ਚੁਆਈ ਦੌਰਾਨ ਫਰਸ਼ ਉੱਪਰ ਪਾਣੀ ਲਗਾਤਾਰ ਵਗਦੇ ਰਹਿਣਾ ਚਾਹੀਦਾ ਹੈ।

ਸ) ਗਾਵਾਂ ਦੀ ਇਸ ਬਿਮਾਰੀ ਲਈ ਲਗਾਤਾਰ ਜਾਂਚ ਹੁੰਦੀ ਰਹੇ।

ਹ) ਸਿਫਾਰਸ਼ ਕੀਤੀ ਤਰਤੀਬ ਅਨੁਸਾਰ ਗਾਵਾਂ ਨੂੰ ਚੋਣਾ ਚਾਹੀਦਾ ਹੈ। ਚੁਆਈ ਸਭ ਤੋਂ ਪਹਿਲਾਂ ਤੰਦਰੁਸਤ ਗਾਂ ਤੋਂ ਸ਼ੁਰੂ ਕਰੋ ਅਤੇ ਇਸ ਬਿਮਾਰੀ ਵਾਲੀ ਗਾਂ ਸਭ ਤੋਂ ਅਖੀਰ ਤੇ ਚੋਣੀ ਚਾਹੀਦੀ ਹੈ। ਏਸੇ ਤਰ੍ਹਾਂ ਹਵਾਨੇ ਦੇ ਬਿਮਾਰੀ ਵਾਲੇ ਥਣ ਨੂੰ ਸਭ ਤੋਂ ਅਖੀਰ 'ਤੇ ਚੋਵੋ।

**4. ਥਣਾਂ ਦਾ ਜਿਵਾਣੂ ਨਾਸ਼ਕ ਘੋਲ ਵਿੱਚ ਡੋਬਣਾ**

ਦੁੱਧ ਚੋਣ ਉਪਰੰਤ ਥਣਾਂ ਉਪਰ ਮੌਜੂਦ ਜਿਵਾਣੂਆਂ ਨੂੰ ਖਤਮ ਕਰਕੇ ਲੇਵੇ ਦੀ ਸਫ਼ਾਈ ਕਰਨਾ ਬਹੁਤ ਜ਼ਰੂਰੀ ਹੈ। ਇਸ ਮੰਤਵ ਲਈ ਧਾਰ ਕੱਢਣ ਤੋਂ ਬਾਅਦ ਥਣਾਂ ਨੂੰ ਇਕ ਜਿਵਾਣੂ ਨਾਸ਼ਕ ਘੋਲ ਵਿੱਚ ਡਬੋਇਆ ਜਾਂਦਾ ਹੈ।

ਦੁੱਧ ਚੋਣ ਮਗਰੋਂ ਪਸ਼ੂ ਬੈਠ ਜਾਂਦਾ ਹੈ ਅਤੇ ਥਣਾਂ ਦੇ ਸੁਰਾਖ ਖੁਲ੍ਹੇ ਹੋਣ ਕਾਰਨ ਜਿਵਾਣੂ ਥਣਾਂ ਅੰਦਰ ਦਾਖਲ ਹੋਣ ਦਾ ਖਤਰਾ ਰਹਿੰਦਾ ਹੈ। ਇਸ ਤੋਂ ਬਚਾਉ ਕਰਨ ਲਈ ਡੰਗਰ ਨੂੰ ਦੁੱਧ ਚੋਣ ਬਾਅਦ ਕੁਝ ਫੀਡ ਪਾ ਦੇਣ ਨਾਲ ਪਸ਼ੂ ਕੁਝ ਦੇਰ ਲਈ ਖੜ੍ਹਾ ਰਹੇਗਾ ਅਤੇ ਇਸ ਦੌਰਾਨ ਥਣ ਦਾ ਸੁਰਾਖ ਬੰਦ ਹੋ ਜਾਣ ਕਾਰਨ ਜਿਵਾਣੂ ਥਣ ਵਿੱਚ ਦਾਖਲ ਨਹੀਂ ਹੋ ਸਕਣਗੇ ਅਤੇ ਬਿਮਾਰੀ ਤੋਂ ਬਚਾਅ ਹੋ ਜਾਵੇਗਾ।

**5. ਬਿਮਾਰ ਡੰਗਰ ਦਾ ਇਲਾਜ :** ਉਪਰ ਦੱਸੇ ਅਨੁਸਾਰ ਸਟਰਿਪ ਕੱਪ ਤਰੀਕੇ ਨਾਲ ਅਰੰਭਕ ਅਵਸਥਾ ਵਿੱਚ ਬਿਮਾਰੀ ਦੀ ਜਾਂਚ ਕੀਤੀ ਜਾਵੇ ਅਤੇ ਸੀ. ਐਮ. ਟੀ ਦੀ ਸਹਾਇਤਾ ਨਾਲ ਬਿਮਾਰੀ ਦੀ ਪੁਸ਼ਟੀ ਕੀਤੀ ਜਾਵੇ ਤਾਂ ਜੋ ਐਟੀਬਾਇਓਟਿਕ ਦੁਆਈ ਭਰਨ ਦੀ ਜੇ ਲੋੜ ਹੈ ਤਾਂ ਦਿੱਤੀ ਜਾਵੇ। ਹਵਾਨੇ ਦੇ ਚਾਰੇ ਥਣਾਂ ਵਿੱਚੋਂ ਜੋ ਦੁੱਧ ਕੱਢਿਆ ਜਾਵੇ ਉਸਨੂੰ ਨਾਸ਼ ਕਰਨਾ ਜ਼ਰੂਰੀ ਹੈ। ਜੇ ਦੁਆਈ ਦੇਣ ਨਾਲ ਅਰਾਮ ਨਹੀਂ ਮਿਲਦਾ ਤਾਂ ਬਿਮਾਰੀ ਦੀ ਦੌਬਾਰਾ ਜਾਂਚ ਕੀਤੀ ਜਾਵੇ। ਜੇਕਰ ਦੁਆਈ ਦਾ ਪੂਰਾ ਅਸਰ ਨਹੀਂ ਹੋ ਰਿਹਾ ਤਾਂ ਬਿਮਾਰੀ ਬੈਕਟੀਰੀਆ ਦੀ ਇਕ ਖਾਸ ਕਿਸਮ ਸਟੇਫਾਈਲੋਕੋਕਸ ਦੇ ਕਾਰਨ ਹੈ। ਹੋਰ ਜਾਂਚ ਕਰਕੇ ਇਹ ਪਤਾ ਲਾਉਣਾ ਚਾਹੀਦਾ ਹੈ ਕਿ ਕਿਹੜੀ ਐਂਟੀਬਾਇਓਟਿਕ

ਵਧੇਰੇ ਕਾਰਗਰ ਹੈ। ਵੈਟਨਰੀ ਡਾਕਟਰ ਦੀ ਸਲਾਹ ਮੰਨੋ, ਕਿਉਂਕਿ ਉਸਦਾ ਤਜ਼ਰਬਾ ਅਤੇ ਗਿਆਨ ਲੈਬ ਟੈਸਟ ਨਾਲੋਂ ਜ਼ਿਆਦਾ ਲਾਭਕਾਰੀ ਹੋ ਸਕਦਾ ਹੈ।

**6. ਸੋਮੈਟਿਕ ਸੈਲਾਂ ਦੇ ਅਧਾਰ ’ਤੇ ਬਿਮਾਰੀ ਦਾ ਮਹੀਨੇਵਾਰ ਨਿਰੀਖਣ ਕਰਨਾ :** ਸੋਮੈਟਿਕ ਸੈਲ, ਦੁੱਧ ਵਿੱਚ ਕਈ ਕਿਸਮ ਦੀਆਂ ਕੋਸ਼ਕਾਂਵਾਂ ਹੁੰਦੀਆਂ ਹਨ ਜਿਵੇਂ ਕਿ ਹਵਾਨੇ ਦੇ ਅੰਦਰ ਦੁੱਧ ਪੈਦਾ ਕਰਨ ਵਾਲੀਆਂ ਕੋਸ਼ਕਾਵਾਂ (cells) ਤੋਂ ਬਣੀ ਇਕ ਤਹਿ ਹੁੰਦੀ ਹੈ ਜਿਸ ਵਿੱਚ ਖ਼ਾਸ ਕਿਸਮ ਦੇ ਸੈੱਲ ਜਿਨ੍ਹਾਂ ਨੂੰ ਐਪੀਥੀਲੀਅਲ ਸੈੱਲ ਕਿਹਾ ਜਾਂਦਾ ਹੈ, ਹੁੰਦੇ ਹਨ। ਇਹ ਸੈੱਲ ਕੁਦਰਤੀ ਤੌਰ ’ਤੇ ਟੁੱਟਦੇ ਭੱਜਦੇ ਰਹਿੰਦੇ ਹਨ ਅਤੇ ਅਜਿਹੇ ਟੁੱਟੇ ਭੱਜੇ ਸੈੱਲ ਦੁੱਧ ਵਿੱਚ ਪ੍ਰਵੇਸ਼ ਹੁੰਦੇ ਰਹਿੰਦੇ ਹਨ। ਥਣਾਂ ਜਾਂ ਹਵਾਨੇ ਵਿੱਚ ਜ਼ਖਮ ਹੋਣ ਕਾਰਨ ਜਾਂ ਕਿਟਾਣੂਆਂ ਦੇ ਹਮਲੇ ਕਾਰਨ, ਖ਼ੂਨ ਦੇ ਸਫੇਦ ਰੰਗ ਦੇ ਸੈੱਲ (ਲੀਉਕੋਸਾਈਟ) ਵੀ ਦੁੱਧ ਵਿੱਚ ਪ੍ਰਵੇਸ਼ ਹੁੰਦੇ ਰਹਿੰਦੇ ਹਨ। ਆਮ ਤੌਰ ’ਤੇ ਦੁੱਧ ਵਿਚਲੇ ਸੋਮੈਟਿਕ ਸੈਲਾਂ ਵਿੱਚ 75 ਫੀਸਦੀ ਲੀਉਕੋਸਾਈਟ (ਭਾਵ ਨੀਉਟਰੋਫਿਲਜ਼, ਮੈਕਰੋਫਾਜਿਜ, ਲਿਮੋਫੋਸਾਈਟਸ) ਅਤੇ 25% ਪ੍ਰਤੀਸ਼ਤ ਐਪੀਥੀਲੀਅਲ ਸੈੱਲ ਹੁੰਦੇ ਹਨ। ਸੋਮੈਟਿਕ ਸੈਲਾਂ (ਖ਼ੂਨ ਦੇ ਇਕ ਖਾਸ ਕਿਸਮ ਦੇ ਅਣੂਆਂ) ਦਾ ਦੁੱਧ ਵਿੱਚ ਨਿਕਾਸ ਹੋਣਾ ਇੱਕ ਆਮ ਕਿਰਿਆ ਹੈ। ਇਕ ਤੰਦਰੁਸਤ ਡੰਗਰ ਦੇ ਦੁੱਧ ਵਿੱਚ ਸੋਮੈਟਿਕ ਸੈਲਾਂ ਦੀ ਗਿਣਤੀ (Somatic cell count) ਇਕ ਲੱਖ ਪ੍ਰਤੀ ਮਿਲੀ ਲਿਟਰ ਤੋਂ ਘੱਟ ਹੁੰਦੀ ਹੈ। ਅਜਿਹੇ ਸੈਲਾਂ ਦੀ 10 ਲੱਖ ਤੋਂ ਵਧੇਰੇ ਗਿਣਤੀ ਕਿਟਾਣੂਆਂ ਦੇ ਹਮਲੇ ਅਤੇ ਲੇਵੇ ਦੀ ਗੁਝੀ ਸੋਜ (Subclinical Mastitis) ਬਿਮਾਰੀ ਦਾ ਸੰਕੇਤ ਹੈ। ਇਹ ਬਿਮਾਰੀ ਦੁੱਧ ਦੀ ਗੁਣਵੱਤਾ ਅਤੇ ਪੈਦਾਵਾਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ।

**7. ਬਿਮਾਰ ਪਸ਼ੂਆਂ ਦੀ ਛਾਂਟੀ:** ਜੇ ਕੋਈ ਲਵੇਰਾ ਇਸ ਬਿਮਾਰੀ ਤੋਂ ਲਗਾਤਾਰ ਪੀੜਤ ਰਹਿੰਦਾ ਹੈ ਤਾਂ ਤਹਿਸ਼ੁਦਾ ਮਾਪਦੰਡ ਅਨੁਸਾਰ ਅਜਿਹੇ ਡੰਗਰ ਨੂੰ ਕੱਢ ਦੇਣਾ ਚਾਹੀਦਾ ਹੈ। ਵਾਰ ਵਾਰ ਇਸ ਬਿਮਾਰੀ ਨਾਲ ਪ੍ਰਭਾਵਿਤ ਹੋਣ ਵਾਲੀਆਂ ਗਾਵਾਂ ਨੂੰ ਡੇਅਰੀ ਵਿੱਚ ਰੱਖਣ ਨਾਲ ਦੁੱਧ ਦੀ ਪੈਦਾਵਾਰ ’ਤੇ ਬੁਰਾ ਅਸਰ ਪੈਂਦਾ ਹੈ। ਬਿਮਾਰ ਪਸ਼ੂ ਜੋ ਇਲਾਜ ਦੇ ਬਾਵਜੂਦ ਠੀਕ ਨਹੀਂ ਹੁੰਦੇ ਅਤੇ ਬਿਮਾਰੀ ਦੁਬਾਰਾ ਲੱਗ ਜਾਂਦੀ ਹੈ ਅਜਿਹੇ ਪਸ਼ੂਆਂ ਨੂੰ ਨਹੀਂ ਰੱਖਣਾ ਚਾਹੀਦਾ ਕਿਉਂਕਿ ਅਜਿਹੇ ਪਸ਼ੂਆਂ ਤੋਂ ਬਿਮਾਰੀ ਹੋਰ ਤੰਦਰੁਸਤ ਪਸ਼ੂਆਂ ਨੂੰ ਲੱਗਣ ਦਾ ਖਤਰਾ ਰਹਿੰਦਾ ਹੈ।

ਬਿਮਾਰ ਡੰਗਰਾਂ ਦੀ ਇਸ ਤਰ੍ਹਾਂ ਛਾਂਟੀ ਕਰਨ ਨਾਲ ਇਸ ਬਿਮਾਰੀ ਦੀ ਕਾਰਗਰ ਰੋਕਥਾਮ ਕੀਤੀ ਜਾ ਸਕਦੀ ਹੈ। ਡੰਗਰਾਂ ਨੂੰ ਕੱਢਣ ਦੀ ਨੌਬਤ ਉਸ ਵਕਤ ਆਉਂਦੀ ਹੈ ਜਦ ਇਸ ਬਿਮਾਰੀ ਦਾ ਕਾਰਨ ਇਕ ਖਾਸ ਕਿਸਮ ਦਾ ਕਿਟਾਣੂ ਸਟੇਫਾਈਲੋਕੋਕਸ ਹੋਵੇ। ਜੇਕਰ ਸ਼ੁਰੂ ਵਿੱਚ ਇਲਾਜ ਕੀਤਾ ਜਾਵੇ ਤਾਂ ਦਵਾਈ ਇਸ ਕਿਟਾਣੂ ’ਤੇ ਵੀ ਕਾਬੂ ਪਾ ਲੈਂਦੀ ਹੈ ਅਤੇ ਬਿਮਾਰੀ ਦੀ ਰੋਕਥਾਮ ਹੋ ਜਾਂਦੀ ਹੈ। ਪ੍ਰੰਤੂ ਵਾਰ ਵਾਰ ਬਿਮਾਰੀ ਦਾ ਹਮਲਾ ਹੋਣ ਦੀ ਸੂਰਤ ਵਿੱਚ ਇਹ ਕਿਟਾਣੂ ਵੱਧਦੇ ਫੁੱਲਦੇ ਰਹਿੰਦੇ ਹਨ ਅਤੇ ਬਿਮਾਰੀ ਫਲਾਉਣ ਦਾ ਸਾਧਨ ਬਣ ਜਾਂਦੇ ਹਨ। ਇਸ ਬਿਮਾਰੀ ਦੀ ਰੋਕਥਾਮ ਲਈ ਡੇਅਰੀ ਫਾਰਮਰ ਨੂੰ ਇਹ ਵਿਧੀ ਅਪਨਾਉਣੀ ਚਾਹੀਦੀ ਹੈ।

ਮਾਹਰਾਂ ਦੀ ਸਿਫਾਰਸ਼ ਅਨੁਸਾਰ ਇਲਾਜ ਅਧੀਨ ਡੰਗਰਾਂ ਦੇ ਦੁੱਧ ਦੀ ਵਰਤੋਂ ਕੁਝ ਸਮੇਂ ਲਈ ਨਹੀਂ ਕਰਨੀ ਚਾਹੀਦੀ ਕਿਉਂਕਿ ਅਜਿਹੇ ਦੁੱਧ ਵਿੱਚ ਦਵਾਈ ਦੇ ਅੰਸ਼ ਹੁੰਦੇ ਹਨ ਜਿਸ ਨਾਲ ਅਲਰਜੀ ਹੋ ਸਕਦੀ ਹੈ ਅਤੇ ਪ੍ਰਭਾਵਿਤ ਲੋਕਾਂ ਵਿੱਚ ਐਂਟੀਬਾਇਉਟਿਕ ਦੁਆਈ ਪ੍ਰਤੀ ਪ੍ਰਤੀਰੋਧਿਤਾ (Resistance) ਪੈਦਾ ਹੋਣ ਦਾ ਡਰ ਰਹਿੰਦਾ ਹੈ।

**ਦੁੱਧ ਦੀ ਸ਼ੁਧਤਾ ਅਤੇ ਚਿਕਨਾਈ (FAT) ਦੀ ਪਰਖ**

ਦੁੱਧ ਮਨੁੱਖੀ ਖ਼ੁਰਾਕ ਦਾ ਇਕ ਬਹੁਤ ਹੀ ਜ਼ਰੂਰੀ ਅੰਗ ਹੈ। ਕਈ ਵਾਰ ਅਸੀਂ ਏਨੇ ਖੁਸ਼ਕਿਸਮਤ ਨਹੀਂ ਹੁੰਦੇ ਕਿ ਸਾਨੂੰ ਸ਼ੁੱਧ ਦੁੱਧ ਮਿਲ ਸਕੇ। ਅੱਜ ਕੱਲ ਦੁੱਧ ਵਿੱਚ ਮਿਲਾਵਟ ਸਰਕਾਰ ਲਈ, ਡੇਅਰੀ ਉਦਯੋਗ ਲਈ ਅਤੇ ਖਪਤਕਾਰ ਲਈ


ਇਕ ਚਿੰਤਾ ਦਾ ਵਿਸ਼ਾ ਬਣ ਚੁੱਕਾ ਹੈ। ਦੁੱਧ ਵਿੱਚ ਯੂਰੀਆ, ਫਾਰਮਲੀਨ, ਬਨਸਪਤੀ ਤੇਲ, ਨਿਸ਼ਾਸਤਾ, ਪਾਣੀ ਅਤੇ ਹੋਰ ਕਈ ਪ੍ਰਕਾਰ ਦੀਆਂ ਅਸ਼ੁੱਧੀਆਂ ਹੋ ਸਕਦੀਆਂ ਹਨ। ਦੁੱਧ ਵਿਚਲੇ ਸਾਬਣ ਨਾਲ ਮਨੁੱਖ ਵਿੱਚ ਜ਼ਹਿਰ ਫੈਲ ਸਕਦੀ ਹੈ ਅਤੇ ਮੇਹਦੇ ਦੀਆਂ ਕਈ ਹੋਰ ਦਿੱਕਤਾਂ ਉਤਪੰਨ ਹੋ ਸਕਦੀਆਂ ਹਨ ਜਿਨ੍ਹਾਂ ਦੇ ਲੰਮੇ ਸਮੇਂ ਤੱਕ ਹਾਨੀਕਾਰਕ ਅਸਰ ਹੋ ਸਕਦੇ ਹਨ। ਇਸ ਲਈ ਦੁੱਧ ਵਿੱਚ ਮਿਲਾਵਟ ਦੀ ਹੇਠ ਲਿਖੇ ਤਰੀਕਿਆ ਅਨੁਸਾਰ ਜਾਂਚ ਬਹੁਤ ਜ਼ਰੂਰੀ ਹੈ ਜਿਸ ਵਿੱਚ ਕਿਸੇ ਵੱਡੀ ਪ੍ਰਯੋਗਸ਼ਾਲਾ ਦੀ ਲੋੜ ਨਹੀਂ ਪੈਂਦੀ।

**ਲੈਕਟੋਮੀਟਰ ਨਾਲ ਦੁੱਧ ਦੀ ਜਾਂਚ**

ਜਿਵੇਂ ਤਸਵੀਰ 2.24 ਵਿੱਚ ਦਿਖਾਇਆ ਹੈ, ਲੈਕਟੋਮੀਟਰ ਸ਼ੀਸ਼ੇ ਦੀ ਨਾਲੀ ਵਾਂਗ ਹੁੰਦਾ ਹੈ ਜੋ ਕੱਚ ਦੀ ਨਲੀ ਨੂੰ ਗਰਮ ਕਰਕੇ ਬਣਾਇਆ ਜਾਂਦਾ ਹੈ। ਇਸ ਨਲੀ ਦਾ ਇਕ ਸਿਰਾ ਬਲਬ ਵਾਂਗ ਦਿਖਾਈ ਦਿੰਦਾ ਹੈ ਜੋ ਪਾਰੇ ਨਾਲ ਭਰਿਆ ਹੁੰਦਾ ਹੈ। ਇਸ ਦੇ ਉਪਰ ਵਾਲੀ ਨਾਲੀ ਉਪਰ ਦਰਜੇ ਅੰਕਤ ਕੀਤੇ ਹੁੰਦੇ ਹਨ। ਲੈਕਟੋਮੀਟਰ ਨੂੰ ਹਾਈਡਰੋਮੀਟਰ ਵੀ ਕਿਹਾ ਜਾਂਦਾ ਹੈ। ਇਹ ਸ਼ੁੱਧ ਦੁੱਧ ਦੀ ਘਣਤਾ (Specific gravity) ਦੇ ਅਧਾਰ ਤੇ ਦੁੱਧ ਦੀ ਜਾਂਚ ਕਰਦਾ ਹੈ। ਚਿਕਨਾਈ (Fat), ਐਸ. ਐਨ. ਐਫ (Solids non fat like protein, carbohydrates and minerals) ਅਤੇ ਪਾਣੀ ਦੇ ਅਨੁਪਾਤ ਵਿੱਚ ਤਬਦੀਲੀ ਅਨੁਸਾਰ ਦੁੱਧ ਦੀ ਘਣਤਾ ਵਿੱਚ ਬਦਲਾਅ ਹੋ ਜਾਂਦਾ ਹੈ। 15 ਡਿਗਰੀ ਸੈਂਟੀਗਰੇਡ (60° F) ਤਾਪਮਾਨ 'ਤੇ ਗਾਂ ਦੇ ਦੁੱਧ ਦੀ ਘਣਤਾ 1.028-1.030 (ਗ੍ਰਾਮ/ਮਿਲੀ ਲਿਟਰ) ਹੁੰਦੀ ਹੈ ਅਤੇ ਮੱਝ ਦੇ ਦੁੱਧ ਦੀ ਘਣਤਾ 1.030-1.032 ਹੁੰਦੀ ਹੈ ਜਦ ਕਿ ਪਾਣੀ ਦੀ ਘਣਤਾ 1.0 ਗ੍ਰਾਮ ਪ੍ਰਤੀ ਮਿ: ਲਿਟਰ ਹੁੰਦੀ ਹੈ।

ਲੈਕਟੋਮੀਟਰ ਉਪਰ ਐਮ (M) ਅਤੇ ਡਬਲਯੂ (W) ਨਿਸ਼ਾਨ ਅੰਕਿਤ ਹੁੰਦੇ ਹਨ। ਸ਼ੁੱਧ ਦੁੱਧ ਵਿੱਚ ਲੈਕਟੋਮੀਟਰ ਐਮ ਨਿਸ਼ਾਨ ਤੱਕ ਡੁਬ ਜਾਂਦਾ ਹੈ ਜਦਕਿ ਪਾਣੀ ਵਿੱਚ ਇਹ ਯੰਤਰ ਡਬਲਯੂ ਨਿਸ਼ਾਨ ਤੱਕ ਡੁਬ ਜਾਂਦਾ ਹੈ। ਐਮ ਅਤੇ ਡਬਲਯੂ ਨਿਸ਼ਾਨਾ ਵਿਚਕਾਰਲੀ ਦੂਰੀ ਤੋਂ ਦੁੱਧ ਦੀ ਸ਼ੁੱਧਤਾ ਦਾ ਪਤਾ ਚੱਲਦਾ ਹੈ ਕਿਉਂਕਿ ਦੁੱਧ ਦੀ ਘਣਤਾ ਪਾਣੀ ਨਾਲੋਂ ਜ਼ਿਆਦਾ ਹੁੰਦੀ ਹੈ ਇਸ ਲਈ ਡਬਲਯੂ (W) ਦਾ ਨਿਸ਼ਾਨ ਐਮ (M) ਦੇ ਉਪਰ ਹੁੰਦਾ ਹੈ। ਜਦ ਲੈਕਟੋਮੀਟਰ ਐਮ ਨਿਸ਼ਾਨ ਤੱਕ ਡੁਬ ਜਾਂਦਾ ਹੈ ਤਾਂ ਦੁੱਧ ਸ਼ੁੱਧ ਹੈ ਅਤੇ ਜੇ ਡਬਲਯੂ (W) ਤੱਕ ਡੁਬ ਜਾਵੇ ਤਾਂ ਦੁੱਧ ਅਸ਼ੁੱਧ ਹੈ। ਡਬਲਯੂ ਨਿਸ਼ਾਨ ਉਪਰ 3, 2, 1 ਨੰਬਰ ਅੰਕਿਤ ਹਨ, ਜੋ ਦੁੱਧ ਦੀ ਸ਼ੁੱਧਤਾ ਦਾ ਪੱਧਰ ਦੱਸਦੇ ਹਨ। ਦੁੱਧ ਚੋਣ ਉਪਰੰਤ ਇੱਕ ਘੰਟੇ ਤੱਕ ਦੁੱਧ ਦੀ ਘਣਤਾ ਦੀ ਜਾਂਚ ਨਹੀਂ ਕਰਨੀ ਚਾਹੀਦੀ ਨਹੀਂ ਤਾਂ ਅਸਲੀ ਘਣਤਾ ਨਾਲੋਂ ਘੱਟ ਘਣਤਾ ਨਿਕਲੇਗੀ। ਲੈਕਟੋਮੀਟਰ ਦੇ ਹੇਠ ਲਿਖੇ ਲਾਭ ਹਨ।

* ਇਸਦੀ ਵਰਤੋਂ ਅਸਾਨ ਹੈ।
* ਇਹ ਯੰਤਰ ਬਹੁਤ ਸਸਤਾ ਅਤੇ ਅਸਾਨੀ ਨਾਲ ਉਪਲੱਬਧ ਹੈ।
* ਇਸ ਦੁਆਰਾ ਕੀਤੀ ਜਾਂਚ ਸਹੀ ਹੁੰਦੀ ਹੈ।



ਤਸਵੀਰ 2.24 : ਲੈਕਟੋਮੀਟਰ

**ਗ਼ਰਬਰ ਟੈਸਟ ਅਨੁਸਾਰ ਦੁੱਧ ਦੀ ਜਾਂਚ**

ਚਿਕਨਾਈ (Fat) ਦੁੱਧ ਵਿੱਚ ਪਾਇਆ ਜਾਣ ਵਾਲਾ ਸਭ ਤੋਂ ਮਹੱਤਵਪੂਰਨ ਤੱਤ ਹੈ ਕਿਉਂਕਿ ਇਸ ਅਨੁਸਾਰ ਦੁੱਧ ਦੀ ਖਰੀਦੋ ਫਰੋਖਤ ਅਤੇ ਕੀਮਤ ਨਿਰਧਾਰਤ ਕੀਤੀ ਜਾਂਦੀ ਹੈ।

ਇਹ ਟੈਸਟ ਘਣਫਲ ਦੀ ਮਿਣਤੀ 'ਤੇ ਅਧਾਰਤ ਇਕ ਟੈਸਟ ਹੈ ਜਿਸ ਵਿੱਚ ਫੈਟ ਨੂੰ ਦੁੱਧ ਤੋਂ ਅਪਕੇਂਦਰੀ ਬਲ (centrifugal force) ਨਾਲ ਵੱਖਰਾ ਕਰਨ ਉਪਰੰਤ ਬਿਯੂਟਾਇਰੋਮੀਟਰ (Butyrometer) ਦੀ ਸਹਾਇਤਾ ਨਾਲ ਇਸਦੀ ਮਾਤਰਾ ਨਾਪੀ ਜਾਂਦੀ ਹੈ।

ਗੰਧਕ ਦੇ ਤੇਜ਼ਾਬ ਵਿੱਚ ਪ੍ਰੋਟੀਨ ਘੁਲ ਜਾਂਦੀ ਹੈ ਜੋ ਚਿਕਨਾਈ ਵਾਲੇ ਅਣੂ ਦੇ ਆਲੇ-ਦੁਆਲੇ ਚਿਪਕੀ ਹੁੰਦੀ ਹੈ। ਇਸ ਉਪਰੰਤ ਅਮਾਈਲ ਅਲਕੋਹਲ (Amyl alcohol) ਨੂੰ ਦੁੱਧ ਵਿੱਚ ਪਾਉਣ ਨਾਲ ਚਿਕਨਾਈ ਦੁੱਧ ਵਿੱਚ ਮੌਜੂਦ ਹੋਰ ਠੋਸ ਪਦਾਰਥਾਂ ਤੋਂ ਵੱਖਰੀ ਕੀਤੀ ਜਾਂਦੀ ਹੈ।

**ਗ਼ਰਬਰ ਟੈਸਟ ਲਈ ਸਾਜ਼ੋ ਸਮਾਨ ਅਤੇਂ ਲੋੜੀਂਦੇ ਪਦਾਰਥ**

ੳ) ਗੰਧਕ ਦਾ ਤੇਜਾਬ ਜਿਸਦੀ ਘਣਤਾ 27° ਸੈਂਟੀਗਰੇਡ ਤਾਪਮਾਨ 'ਤੇ 1.807-1.812 ਗ੍ਰਾਮ/ਮਿ. ਲਿ. ਹੋਵੇ।

ਅ) ਅਮਾਈਲ ਐਲਕੋਹਲ (Amyl Alcohol)

ੲ) ਬਿਊਟਾਇਰੋਮੀਟਰ (ਤਸਵੀਰ 2.26) :— ਚਿਕਨਾਈ ਦੀ ਮਾਤਰਾ ਅਨੁਸਾਰ 6%, 8% ਅਤੇ 10%

ਸ) ਬਿਊਟਾਇਰੋਮੀਟਰ ਲਈ ਸਟੋਪਰ ਅਤੇ ਸ਼ੇਕਰ ਸਟੈਂਡ ਜੋ ਰਬੜ ਜਾਂ ਪਲਾਸਟਿਕ ਦੇ ਬਣੇ ਹੋਣ।

ਹ) ਗੰਧਕ ਦੇ ਤੇਜ਼ਾਬ ਦੀ ਮਿਣਤੀ ਲਈ 10 ਮਿ. ਲਿ. ਵਾਲੀ ਪਿਪਟ ਜਿਸ ਉਪਰ ਹਵਾ ਖਿਚਣ-ਵਾਲਾ ਰਬੜ ਦਾ ਸਾਧਨ ਲਗਾ ਹੋਵੇ।

ਕ) ਦੁੱਧ ਦੀ ਮਿਣਤੀ ਲਈ 10.75 ਮਿਲੀ ਲਿਟਰ ਵਾਲੀ ਪਿਪਟ।

ਖ) ਅਮਾਈਲ ਅਲਕੋਹਲ ਦੀ ਮਿਣਤੀ ਲਈ 1 ਮਿ. ਲਿ ਵਾਲੀ ਪਿਪਟ।

ਗ) ਹੱਥ ਨਾਲ ਜਾਂ ਬਿਜਲੀ ਨਾਲ ਚੱਲਣ ਵਾਲੀ ਸੈਂਟਰੀ ਫਿਊਗਲ ਮਸ਼ੀਨ (ਤਸਵੀਰ 2.25)

(ਘ) 65+2°C ਸੈਂਟੀਗਰੇਡ ਤੱਕ ਗਰਮ ਪਾਣੀ।

**ਤਸਵੀਰ 2.25: ਜਰਬਰ ਅਪਕੇਂਦਰਿਤਰ ਮਸ਼ੀਨ (Centirifuge machine) ਜਾਂਚ ਦਾ ਤਰੀਕਾ**



ਤਸਵੀਰ 2.26: ਬਿਊਟਾਇਰੋਮੀਟਰ

**ਦੁੱਧ ਦੀ ਜਾਂਚ ਅੱਗੇ ਲਿਖੀ ਤਰਤੀਬਵਾਰ ਵਿਧੀ ਨਾਲ ਕੀਤੀ ਜਾ ਸਕਦੀ ਹੈ।**

ਚਿਕਨਾਈ ਦੀ ਮਾਤਰਾ ਬਾਰੇ ਪਤਾ ਲਗਾਉਣ ਲਈ ਤੇਜ਼ਾਬ ਤੇ ਚਿਕਨਾਈ ਨੂੰ ਵੱਖਰਾ ਕਰਨ ਵਾਲੀ ਪੱਟੀ ਦੇ ਹੇਠਲੇ

10 ਮਿ: ਲਿ ਵਾਲੀ ਪਿਪਟ ਨਾਲ 10 ਮਿ: ਲੀਟਰ ਗੰਧਕ ਦਾ ਤੇਜਾਬ ਲਵੋ ਅਤੇ ਬਿਊਟਿਰੋਮੀਟਰ ਵਿੱਚ ਪਾਓ।

10.75 ਮਿ. ਲਿ ਦੀ ਪਿਪਟ ਦੁੱਧ ਨਾਲ ਭਰ ਲਵੋ ਅਤੇ ਦੁੱਧ ਦੇ ਇਸ ਨਮੂਨੇ ਨੂੰ ਬਿਊਟਿਰੋਮੀਟਰ ਵਿੱਚ ਛੱਡ ਦਿਓ।

ਇੱਕ ਮਿਲੀ ਲਿਟਰ ਵਾਲੀ ਪਿਪਟ ਨਾਲ ਇਕ ਮਿ: ਲਿ: ਅਮਾਈਲ ਐਲਕੋਹਲ ਲਵੋ ਅਤੇ ਉਪਰਲੇ ਘੋਲ ਵਿੱਚ ਪਾ ਦਿਓ।

ਸ਼ੇਕਰ ਮਸ਼ੀਨ ਨਾਲ ਬਿਊਟਾਇਰੋਮੀਟਰ ਨੂੰ ਉਸ ਸਮੇਂ ਤੱਕ ਹਿਲਾਉਂਦੇ/ਘੁਮਾਂਉਦੇ ਰਹੋ ਜਦ ਤੱਕ ਦੁੱਧ ਵਿੱਚ ਸਫੇਦ ਰੰਗ ਖਤਮ ਨਾ ਹੋ ਜਾਵੇ ਇਸ ਲਈ ਇਸਨੂੰ ਕੁਝ ਦਫਾ ਉਲਟਾ ਵੀ ਕਰੋ।

5 ਮਿੰਟਾਂ ਲਈ ਬਿਊਟਾਇਰੋਮੀਟਰ ਨੂੰ ਗਰਮ ਪਾਣੀ ਵਿੱਚ ਪਾ ਦਿਓ।

ਇਸਨੂੰ ਬਾਹਰ ਕੱਢ ਕੇ ਕਪੜੇ ਨਾਲ ਸੁਕਾ ਲਵੋ ਅਤੇ ਸੈਂਟਰੀਫਿਊਜ ਮਸ਼ੀਨ ਵਿੱਚ ਪਾ ਦਿਓ। ਦੋ ਬਿਊਟਾਇਰੋਮੀਟਰਾ ਨੂੰ ਸੈਂਟਰੀਫਿਊਜ ਮਸ਼ੀਨ ਵਿੱਚ ਉਲਟ ਦਿਸ਼ਾਵਾਂ ਵਿੱਚ ਰੱਖ ਕੇ 4 ਮਿੰਟਾ ਲਈ ਮਸ਼ੀਨ ਨੂੰ ਤੇਜੀ ਨਾਲ ਘੁਮਾਓ।

ਸਟੋਪਰ ਅਤੇ ਬਿਊਟਾਇਰੋਮੀਟਰਾਂ ਨੂੰ ਰੋਕ ਲਓ ਅਤੇ ਗਰਮ ਪਾਣੀ ਵਿੱਚ 3-10 ਮਿੰਟਾ ਲਈ ਰੱਖੋ।

ਸਟੋਪਰ ਨੂੰ ਕੁੱਝ ਪਿੱਛੇ ਹਟਾ ਕੇ ਚਿਕਨਾਈ ਨੂੰ ਗਿਣਤੀ ਵਾਲੇ ਨਿਸ਼ਾਨਾਂ 'ਤੇ ਲਿਆਓ।

ਚਿਕਨਾਈ ਦਾ ਰੰਗ ਪੀਲਾ (Straw yellow) ਹੋਣਾ ਚਾਹੀਦਾ ਹੈ। ਚਿਕਨਾਈ ਕਾਲਮ ਦਾ-ਹੇਠਲਾ ਅਤੇ ਉਪਰਲਾ ਸਿਰਾ ਸਾਫ਼ ਤੌਰ 'ਤੇ ਦਿਖਾਈ ਦੇਣਾ ਚਾਹੀਦਾ ਹੈ।

ਚਿਕਨਾਈ ਕਾਲਮ ਤੋਂ ਹੇਠਾਂ ਪਾਣੀ ਸਾਫ਼ ਦਿਖਾਈ ਦੇਣਾ ਚਾਹੀਦਾ ਹੈ। ਚਿਕਨਾਈ ਅੰਕਤ ਕੀਤੇ ਨਿਸ਼ਾਨਾਂ ਦੇ ਵਿਚਕਾਰ ਹੋਣੀ ਚਾਹੀਦੀ ਹੈ।

ਨੁਕਤੇ ਤੋਂ ਜ਼ੀਰੋ ਦੇ ਨਿਸ਼ਾਨ ਤੱਕ ਪੈਮਾਨੇ ਨੂੰ ਪੜ੍ਹਨਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਬਟਰ-ਫੈਟ ਦਾ ਪ੍ਰਤੀਸ਼ਤ ਲੱਭਿਆ ਜਾਂਦਾ ਹੈ ਕਿਉਂਕਿ ਬਿਊਟਾਇਰੋਮੀਟਰ ਵਿੱਚ ਚਿਕਨਾਈ ਅਤੇ ਤੇਜਾਬ ਦਾ ਘੋਲ ਹੁੰਦਾ ਹੈ ਜੋ ਕਿ ਗਾਲਣ ਵਾਲਾ ਹਾਨੀਕਾਰਕ ਹੈ ਇਸ ਲਈ ਇਸ ਘੋਲ ਨੂੰ ਖਾਸ ਬਾਲਟੀ ਜਾਂ ਬਰਤਨ ਵਿੱਚ ਸੁੱਟਣਾ ਚਾਹੀਦਾ ਹੈ। ਘੋਲ ਨੂੰ ਨਸ਼ਟ ਕਰਨ ਉਪਰੰਤ ਬਿਊਟਾਇਰੋਮੀਟਰ ਨੂੰ ਚੰਗੀ ਤਰ੍ਹਾਂ ਕੋਸੇ ਪਾਣੀ ਨਾਲ ਧੋ ਕੇ ਅਗਲੀ ਵਰਤੋਂ ਤੋਂ ਪਹਿਲਾਂ ਸੁਕਾ ਲਵੋ।

**ਜ਼ਰਬਰ ਟੈਸਟ ਦੇ ਲਾਭ:**

- ਇਹ ਸੌਖਾ ਅਤੇ ਸਧਾਰਨ ਤਰੀਕਾ ਹੈ।
- ਇਸ ਢੰਗ ਰਾਹੀਂ ਬੜੀ ਤੇਜ਼ੀ ਨਾਲ ਸਹੀ ਜਾਂਚ ਹੋ ਜਾਂਦੀ ਹੈ।
- ਨਮੂਨੇ ਦੀ ਜਾਂਚ ਪੈਮਾਨੇ ਨੂੰ ਪੜ੍ਹ ਕੇ ਅਸਾਨੀ ਨਾਲ ਹੋ ਜਾਂਦੀ ਹੈ।

## ਮੁਲਾਂਕਣ

**(ੳ) ਬਹੁ-ਉੱਤਰੀ ਪ੍ਰਸ਼ਨ**

1. ਹੇਠ ਲਿਖੀਆਂ ਵਿੱਚੋਂ ਕਿਸ ਅਵਸਥਾ ਵਿੱਚ ਦੁੱਧ ਦੂਸ਼ਤ ਨਹੀਂ ਹੁੰਦਾ।
   - ੳ) ਚੁਆਈ ਦੌਰਾਨ
   - ਅ) ਢੋਆ ਢੁਆਈ ਅਤੇ ਪ੍ਰੋਸੈਸਿੰਗ ਦੌਰਾਨ
   - ੲ) ਦੁੱਧ ਨੂੰ ਠੰਢਾ ਕਰਨ ਦੌਰਾਨ
   - ਸ) ਇਨ੍ਹਾਂ ਵਿੱਚੋਂ ਕਿਸੇ ਵਿੱਚ ਵੀ ਨਹੀਂ
2. ਸ਼ੁੱਧ ਦੁੱਧ ਬਾਰੇ ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ।
   - ੳ) ਦੁੱਧ ਦੀ ਸਧਾਰਨ ਕੁਦਰਤੀ ਬਣਤਰ ਹੁੰਦੀ ਹੈ।
   - ਅ) ਅਜਿਹੇ ਦੁੱਧ ਵਿੱਚ ਕੁਦਰਤੀ ਸੁਗੰਧ ਹੁੰਦੀ ਹੈ।
   - ੲ) ਇਸ ਵਿੱਚ ਖਤਰਾ ਰਹਿਤ ਕਿਟਾਣੂ ਘੱਟ ਗਿਣਤੀ ਵਿੱਚ ਹੁੰਦੇ ਹਨ।
   - ਸ) ਇਹ ਸਾਰੇ ਗੁਣ ਹੁੰਦੇ ਹਨ।
3. ਹੇਠ ਲਿਖੀਆਂ ਵਿੱਚੋਂ ਕਿਹੜੀ ਬਿਮਾਰੀ ਮੱਖੀਆਂ ਦੁਆਰਾ ਨਹੀਂ ਫੈਲਦੀ।
   - ੳ) ਟਾਈਫਾਈਡ
   - ਅ) ਤਪਦਿਕ
   - ੲ) ਬਦਹਜ਼ਮੀ
   - ਸ) ਮੋਕ
4. ਸਾਫ਼ ਸੁਥਰੇ ਦੁੱਧ ਦੀ ਪੈਦਾਵਾਰ ਲਈ ਕਿਹੜਾ ਕਥਨ ਸਹੀ ਹੈ।
   - ੳ) ਵੱਖੀਆਂ ਉਪਰ ਲੰਮੇ ਵਾਲਾਂ ਨੂੰ ਕੱਟ ਦਿਓ।
   - ਅ) ਪਸ਼ੂ ਉਪਰ ਲੰਮੇ ਵਾਲ ਕੱਟ ਦਿਓ।
   - ੲ) ਦਾਣਾ-ਘਾਹ ਪਾਉਣਾ
   - ਸ) ਇਹ ਸਾਰੇ
5. ਦੁੱਧ ਚੁਆਈ ਵੇਲੇ ਪਹਿਲੀਆਂ ਕੁੱਝ ਧਾਰਾਂ ਨੂੰ ਨਸ਼ਟ ਕਰ ਦਿਓ ਕਿਉਂਕਿ—
   - ੳ) ਇਸ ਵਿੱਚ ਚਿਕਨਾਈ ਬਹੁਤ ਹੁੰਦੀ ਹੈ।
   - ਅ) ਇਸ ਵਿੱਚ ਕਿਟਾਣੂ ਬਹੁਤ ਹੁੰਦੇ ਹਨ।
   - ੲ) ਇਸਦਾ ਸੁਆਦ ਖੱਟਾ ਹੁੰਦਾ ਹੈ।
   - ਸ) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

(ਅ) **ਖਾਲੀ ਥਾਵਾਂ ਭਰੋ-**

ੳ) **................ ਗਾਵਾਂ ਨੂੰ ਸਭ ਤੋਂ ਅਖੀਰ ’ਤੇ ਚੋਵੋ।**

ਅ) ਚੰਗੀ ................ ਕਰਕੇ ਵਾਲਾਂ ਅਤੇ ਮਿੱਟੀ ਘੱਟੇ ਤੋਂ ਰਹਿਤ ਸਾਫ਼ ਦੁੱਧ ਪੈਦਾ ਕੀਤਾ ਜਾ ਸਕਦਾ ਹੈ।

ੲ) ................ ਹੋਇਆ ਦੁੱਧ ਬਦਰੰਗ, ਪਾਣੀ ਵਰਗਾ ਅਤੇ ਇਸ ਵਿੱਚ ਛਿੱਦੀਆਂ ਹੁੰਦੀਆਂ ਹਨ।

ਸ) ਪਹਿਲੀ ਵੇਰ ਸੂਣ ਵਾਲੀ ਗਾਂ ਨੂੰ ................ ਕਿਹਾ ਜਾਂਦਾ ਹੈ।

ਹ) ਇਕ ................ ਗਾਂ ਦੇ ਦੁੱਧ ਨੂੰ ਵੱਖਰਾ ਰੱਖਿਆ ਜਾਵੇ ਅਤੇ ਨਸ਼ਟ ਕਰ ਦਿੱਤਾ ਜਾਵੇ।

(ੲ) **ਸਹੀ ਜਾਂ ਗਲਤ ਕਥਨ ਦੱਸੋ-**

ੳ) ਦੁੱਧ ਚੋਣ ਵਾਲੀ ਬਾਲਟੀ ਉਪਰੋਂ ਗੁੰਬਦ ਵਾਂਗ ਹੋਣੀ ਚਾਹੀਦੀ ਹੈ।

ਅ) ਦੁੱਧ ਰੋਸ਼ਨੀ ਨੂੰ ਸੰਵੇਦਨਸ਼ੀਲ ਨਹੀਂ ਹੈ।

ੲ) ਸਾਫ਼ ਸੁਥਰਾ ਦੁੱਧ ਮੱਖੀ, ਮੱਛਰ, ਮਿੱਟੀ-ਘੱਟੇ ਅਤੇ ਗੋਹੇ ਤੋਂ ਰਹਿਤ ਹੁੰਦਾ ਹੈ।

ਸ) ਦੁੱਧ ਨੂੰ ਰਿੜਕਣ ਨਾਲ ਚਿਕਨਾਈ ਵੱਖਰੀ ਹੋ ਜਾਂਦੀ ਹੈ ਅਤੇ ਆਕਸੀਕਰਣ ਕਿਰਿਆ ਸਦਕਾ ਇਸਦਾ ਸੁਆਦ ਬਦਲ ਜਾਂਦਾ ਹੈ।

ਹ) ਡੇਅਰੀ ਵਿੱਚ ਪਸ਼ੂਆਂ ਦੀ ਹਰ ਸਾਲ ਤਪਦਿਕ, ਤੂ ਜਾਣਾ ਅਤੇ ਹੋਰ ਛੂਤ ਦੀਆਂ ਬਿਮਾਰੀਆਂ ਲਈ ਜਾਂਚ ਕਰਾਉਣੀ ਚਾਹੀਦੀ ਹੈ।


**ਉੱਤਰ :**

| (ੳ) ਬਹੁ-ਉਤਰੀ ਪ੍ਰਸ਼ਨ | ਅ) ਖਾਲੀ ਥਾਂ ਭਰੋ | ੲ) ਸਹੀ ਜਾਂ ਗਲਤ |
|---|---|---|
| 1. ਸ | 1. ਬਿਮਾਰ | 1. ਸਹੀ |
| 2. ਸ | 2. ਦੇਖਭਾਲ | 2. ਗਲਤ |
| 3. ਅ | 3. ਖਰਾਬ | 3. ਸਹੀ |
| 4. ਸ | 4. ਪਹਿਲਣ | 4. ਸਹੀ |
| 5. ਅ | 5. ਬਿਮਾਰ | 5. ਸਹੀ |


## ਇਕਾਈ 3: ਡੇਅਰੀ ਫਾਰਮ ਦਾ (ਹਿਸਾਬ ਕਿਤਾਬ) ਰਿਕਾਰਡ ਰੱਖਣਾ

### ਸੈਸ਼ਨ 1- ਡੇਅਰੀ ਫਾਰਮ ਦੇ ਰਿਕਾਰਡ (ਹਿਸਾਬ ਕਿਤਾਬ)

ਡੇਅਰੀ ਫਾਰਮ ਵਿੱਚ ਸਫਲਤਾ ਸਖ਼ਤ ਮਿਹਨਤ ਨਾਲੋਂ ਪ੍ਰਬੰਧਕੀ ਯੋਗਤਾ ’ਤੇ ਵਧੇਰੇ ਨਿਰਭਰ ਕਰਦੀ ਹੈ। ਇਕ ਸਫ਼ਲ ਡੇਅਰੀ ਮਾਲਕ ਆਪਣੇ ਕਾਮਿਆਂ, ਮਸ਼ੀਨਾਂ ਅਤੇ ਡੰਗਰਾਂ ਨੂੰ ਸਹੀ ਦਿਸ਼ਾ ਨਿਰਦੇਸ਼ ਦੇ ਸਕਦਾ ਹੈ ਅਤੇ ਉਪਲੱਬਧ ਸੋਮਿਆਂ ਦੀ ਯੋਗ ਵਰਤੋਂ ਕਰ ਸਕਦਾ ਹੈ। ਭਾਵੇਂ ਕੁੱਝ ਖਾਸ ਘਟਨਾਵਾਂ ਜਾਂ ਘਟਨਾਕ੍ਰਮ ਅਤੇ ਹੋਰ ਜ਼ਰੂਰੀ ਅੰਕੜੇ ਉਹ ਜ਼ਬਾਨੀ ਵੀ ਯਾਦ ਰੱਖ ਸਕਦਾ ਹੈ ਪ੍ਰੰਤੂ ਸਹੀ ਜਾਣਕਾਰੀ ਅਕਸਰ ਭੁਲ ਜਾਂਦੀ ਹੈ। ਡੇਅਰੀ ਦੇ ਯੋਗ ਪ੍ਰਬੰਧ ਲਈ ਪਸ਼ੂਆਂ, ਖੁਰਾਕ ਅਤੇ ਨਿਤ ਵਰਤੋਂ ਲਈ ਲੋੜੀਂਦੀਆਂ ਵਸਤਾਂ ਦੀਆਂ ਕੀਮਤਾਂ ਬਾਰੇ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ। ਅਗਿਆਨਤਾ ਅਤੇ ਅਨਪੜ੍ਹਤਾ ਕਾਰਨ ਭਾਰਤ ਵਿੱਚ ਜ਼ਿਆਦਾ ਤਰ ਪਸ਼ੂ ਪਾਲਕ ਕੋਈ ਰਿਕਾਰਡ ਨਹੀਂ ਰੱਖਦੇ। ਇਸ ਲਈ ਡੇਅਰੀ ਫਾਰਮਿੰਗ ਦਾ ਰਿਕਾਰਡ ਰੱਖਣਾ ਅਤੀ ਜ਼ਰੂਰੀ ਹੈ। ਜੇਕਰ ਪਸ਼ੂਆਂ ਦੀ ਪਹਿਚਾਣ ਲਈ ਨੰਬਰ ਲਗਾਏ ਹੋਣ ਤਾਂ ਰਿਕਾਰਡ ਰੱਖਣਾ ਕਾਫ਼ੀ ਸੌਖਾ ਹੋ ਜਾਂਦਾ ਹੈ। ਰਿਕਾਰਡ ਰੱਖਣ ਦੇ ਮੁੱਖ ਮੰਤਵ ਤਸਵੀਰ 3.1 ਵਿੱਚ ਦਿਖਾਏ ਗਏ ਹਨ।




ਤਸਵੀਰ 3.1 ਡੇਅਰੀ ਫਾਰਮ ਦਾ ਰਿਕਾਰਡ ਰੱਖਣ ਦੇ ਮੰਤਵ : ਚੰਗੇ ਰਿਕਾਰਡ ਰੱਖਣ ਦੀਆਂ ਵਿਸ਼ਸ਼ੇਤਾਵਾਂ : ਇਕ ਚੰਗੀ ਤਰ੍ਹਾਂ ਰੱਖੇ ਹੋਏ ਰਿਕਾਰਡ ਦੀਆਂ ਤਸਵੀਰ 3.2 ਵਿੱਚ ਦਿਖਾਈਆਂ ਗਈਆਂ ਵਿਸ਼ੇਸ਼ਤਾਈਆਂ ਹੋਣੀਆਂ ਚਾਹੀਦੀਆਂ ਹਨ।




**ਤਸਵੀਰ 3.2 ਇੱਕ ਚੰਗੇ ਰਿਕਾਰਡ ਦੀਆਂ ਵਿਸ਼ੇਸ਼ਤਾਵਾਂ**

ਰਿਕਾਰਡ ਦੀਆਂ ਵੰਨਗੀਆਂ – ਡੇਅਰੀ ਫਾਰਮ ਨਾਲ ਸੰਬੰਧਤ ਕਈ ਪ੍ਰਕਾਰ ਦੇ ਰਿਕਾਰਡ ਹੁੰਦੇ ਹਨ। ਇਕ ਡੇਅਰੀ ਫਾਰਮਰ ਨੂੰ ਉਸਦੇ ਆਪਣੇ ਡੇਅਰੀ ਫਾਰਮ ਅਨੁਸਾਰ ਰਿਕਾਰਡ ਰੱਖਣਾ ਚਾਹੀਦਾ ਹੈ। ਇੱਕ ਡੇਅਰੀ ਫਾਰਮ ਨਾਲ ਸੰਬੰਧਤ ਅੰਕੜਿਆਂ ਨੂੰ ਤਿੰਨ ਪ੍ਰਕਾਰ ਦੇ ਰਿਕਾਰਡ ਵਿੱਚ ਵੰਡਿਆਂ ਜਾ ਸਕਦਾ ਹੈ ਜਿਵੇਂ ਕਿ ਤਸਵੀਰ 3.3 ਵਿੱਚ ਦਿਖਾਇਆ ਹੈ।

**1. ਤਕਨੀਕੀ ਰਿਕਾਰਡ**

- ਰੋਜ਼ਾਨਾ ਦੀ ਕਾਰਵਾਈ ਵਾਲਾ ਰਜਿਸਟਰ
- ਮਸਨੂਈ ਗਰਭਦਾਨ ਸੰਬੰਧੀ ਰਜਿਸਟਰ
- ਵਛੜੂਆਂ/ਕਟੜੂਆਂ ਦਾ ਰਜਿਸਟਰ
- ਦੁੱਧ ਦੀ ਪੈਦਾਵਾਰ ਸੰਬੰਧੀ ਰਜਿਸਟਰ
- ਖੁਰਾਕ ਸੰਬੰਧੀ ਰਜਿਸਟਰ
- ਪਸ਼ੂਆਂ ਨੂੰ ਖੁਰਾਕ ਦੇਣ ਵਾਲਾ ਰਜਿਸਟਰ
- ਪਸ਼ੂਆਂ ਦੀ ਸਿਹਤ ਸੰਬੰਧੀ ਰਜਿਸਟਰ

**2. ਹਰੇ ਚਾਰੇ ਵਾਲੇ ਖੇਤਾਂ ਦਾ ਰਿਕਾਰਡ**

- ਹਰੇ ਚਾਰੇ ਦੀ ਕਾਸ਼ਤ ਸੰਬੰਧੀ ਰਜਿਸਟਰ
- ਖੇਤਾਂ ਦਾ ਰਜਿਸਟਰ
- ਮਜ਼ਦੂਰਾਂ ਸੰਬੰਧੀ ਰਜਿਸਟਰ
- ਕਾਮਿਆਂ ਦਾ ਹਾਜ਼ਰੀ ਰਜਿਸਟਰ
- ਟਰੈਕਟਰ ਦਾ ਲੌਗਬੁਕ ਰਜਿਸਟਰ
- ਮਸ਼ੀਨਰੀ ਅਤੇ ਖੇਤੀ ਸੰਦਾਂ ਵਾਲਾ ਰਜਿਸਟਰ

**3. ਆਰਥਿਕ ਰਿਕਾਰਡ**

- ਸਟੋਰ ਰਜਿਸਟਰ
- ਹਾਜ਼ਰੀ ਅਤੇ ਤਨਖਾਹ ਵਾਲਾ ਰਜਿਸਟਰ
- ਖੁਰਾਕ ਦੀ ਕੀਮਤ ਸੰਬੰਧੀ ਰਜਿਸਟਰ
- ਪਸ਼ੂਆਂ ਦੇ ਹੋਰ ਖਰਚੇ ਸੰਬੰਧੀ ਰਜਿਸਟਰ
- ਚਾਰੇ ਵਾਲੀਆਂ ਫਸਲਾਂ ਦੇ ਬੀਜਾਂ ਦੀ ਕੀਮਤ ਸੰਬੰਧੀ ਰਜਿਸਟਰ
- ਮਸ਼ੀਨਰੀ, ਸੰਦ ਅਤੇ ਹੋਰ ਸਾਜੋ ਸਮਾਨ ਦੀ ਖਰੀਦ ਸੰਬੰਧੀ ਰਜਿਸਟਰ

**ਤਸਵੀਰ 3.3 ਫਾਰਮ ਰਿਕਾਰਡ ਦੇ ਵੱਖ-ਵੱਖ ਪ੍ਰਕਾਰ ਦੇ ਅੰਕੜੇ**

**ਅੰਕੜੇ ਰਿਕਾਰਡ ਕਰਨ ਦੇ ਤਰੀਕੇ :**

ਦੋ ਤਰੀਕਿਆਂ ਨਾਲ ਡੇਅਰੀ ਫਾਰਮ ਸੰਬੰਧੀ ਅੰਕੜੇ ਨੋਟ ਕੀਤੇ ਜਾ ਸਕਦੇ ਹਨ—

**ਦਸਤੀ ਤਰੀਕਾ—** ਇਸ ਤਰੀਕੇ ਵਿੱਚ ਇਕ ਕਾਰਡ ਤੋਂ ਲੈ ਕੇ ਰਜਿਸਟਰ ਤੱਕ ਕਈ ਪ੍ਰਕਾਰ ਦੇ ਅੰਕੜੇ ਹੱਥਾਂ ਨਾਲ ਲਿਖਤੀ ਰੂਪ ਵਿੱਚ ਦਰਜ ਕੀਤੇ ਜਾਂਦੇ ਹਨ।

**ਇਲੈਕਟਰਾਨਿਕ ਵਿਧੀ :** ਇਸ ਵਿਧੀ ਵਿੱਚ ਡੇਅਰੀ ਫਾਰਮ ਦੇ ਅੰਕੜੇ ਕੰਪਿਊਟਰ ਵਿੱਚ ਰੱਖੇ ਜਾਂਦੇ ਹਨ। ਇਹੋ ਜਿਹੇ ਰਿਕਾਰਡ ਵਿੱਚ ਅੰਕੜੇ ਦਰਜ ਕਰਨੇ ਅਤੇ ਲੋੜ ਪੈਣ ਤੇ ਕੰਪਿਊਟਰ ਖੋਲ ਕੇ ਦੇਖਣੇ ਬਹੁਤ ਅਸਾਨ ਹੁੰਦੇ ਹਨ।

ਇਕ ਡੇਅਰੀ ਫਾਰਮ ਨਾਲ ਸੰਬੰਧਤ ਵੱਖ-ਵੱਖ ਪ੍ਰਕਾਰ ਦੇ ਰਿਕਾਰਡਾਂ ਦੇ ਨਮੂਨੇ (ੳ) ਤੋਂ (ਙ) ਤੱਕ ਹੇਠ ਲਿਖੀਆਂ

## (ੳ) ਨਸਲ ਕਸ਼ੀ ਸੰਬੰਧੀ ਰਿਕਾਰਡ

| ਕ੍ਰਮ ਅੰਕ | ਗਾਂ ਦਾ ਟੈਗ ਨੰਬਰ | ਸੂਣ ਦੀ ਮਿਤੀ | ਸੂਣ ਤੋਂ ਬਾਅਦ ਪਹਿਲੀ ਵੇਰ ਹੇਹੇ ਵਿੱਚ ਆਉਣ ਦੀ ਮਿਤੀ | ਪਹਿਲੀ ਵੇਰ ਆਸ/ਨਵੇਂ ਦੁੱਧ ਕਰਾਉਣ ਦੀ ਕੋਸ਼ਿਸ਼ | | | ਦੂਸਰੀ ਵੇਰ ਆਸ ਕਰਾਉਣ ਦੀ ਕੋਸ਼ਿਸ਼ | | | ਆਸ ਕਰਾਉਣ ਦੀ ਤੀਸਰੀ ਕੋਸ਼ਿਸ਼ | ਪਹਿਲੀ ਵੇਰ ਗਰਭ ਠਹਿਰਣ ਬਾਰੇ ਪਤਾ ਲਗਾਣਾ | ਦੂਸਰੀ ਵੇਰ ਗਰਭ ਠਹਿਰਣ ਬਾਰੇ ਪਤਾ ਲੱਗਣਾ | ਦੁੱਧ ਚੋਣਾ ਬੰਦ ਕਰਨ ਦੀ ਮਿਤੀ | ਸੂਣ ਦੀ ਸੰਭਾਵਿਤ ਮਿਤੀ | ਵਿਸ਼ੇਸ਼ ਕਥਨ ਜੇ ਕੋਈ ਹੈ। |
|---|---|---|---|---|---|---|---|---|---|---|---|---|---|---|---|
| | | | ਆਸ ਕਰਾਉਣ ਦੀ ਮਿਤੀ | ਆਸ ਕਰਾਉਣ ਦੀ ਮਿਤੀ | ਸਮਾਂ/ਵਕਤ | ਸਾਨ੍ਹ ਦਾ ਟੈਗ ਨੰਬਰ | ਆਸ ਕਰਾਉਣ ਦੀ ਮਿਤੀ | ਸਮਾਂ/ਵਕਤ | ਸਾਨ੍ਹ ਦਾ ਟੈਗ ਨੰਬਰ | ਆਸ ਕਰਾਉਣ ਦੀ ਮਿਤੀ | ਸਮਾਂ/ਵਕਤ | ਸਾਨ੍ਹ ਦਾ ਟੈਗ ਨੰਬਰ | ਮਿਤੀ ਗਰਭ ਠਹਿਰਿਆ ਜਾਂ ਨਹੀਂ | | |
| 1. | | | | | | | | | | | | | | | |
| 2. | | | | | | | | | | | | | | | |
| 3. | | | | | | | | | | | | | | | |
| 4. | | | | | | | | | | | | | | | |
| 5. | | | | | | | | | | | | | | | |

## (ਅ) ਸੂਣ ਸੰਬੰਧੀ ਅੰਕੜੇ/ਰਿਕਾਰਡ

| ਕ੍ਰਮ ਅੰਕ | ਗਾਂ ਦਾ ਟੈਗ ਨੰਬਰ | ਸੂਣ ਦੀ ਮਿਤੀ | ਸਾਨ੍ਹ ਦਾ ਟੈਗ ਨੰ: | ਕੱਟੜੂ/ਵੱਛੜੂ ਦਾ ਟੈਗ ਨੰ: | ਕੱਟੜੂ/ਵੱਛੜੂ ਦਾ ਲਿੰਗ (ਨਰ/ਮਾਦਾ) | ਸੂਣ ਸਮੇਂ ਵੱਛੜੂ ਦਾ ਵਜ਼ਨ (ਕਿਲੋ) | ਕਥਨ, ਜੇ ਕੋਈ ਹੈ |
|---|---|---|---|---|---|---|---|
| 1. | | | | | | | |
| 2. | | | | | | | |
| 3. | | | | | | | |
| 4. | | | | | | | |
| 5. | | | | | | | |

### (ੲ) ਨੌਜਵਾਨ ਢੰਗਰਾਂ ਦਾ ਰਿਕਾਰਡ

| ਕ੍ਰਮ ਅੰਕ | ਪਸ਼ੂ ਦਾ ਟੈਗ ਨੰਬਰ | ਜਨਮ ਮਿਤੀ | ਜਨਮ ਸਮੇਂ ਵਜ਼ਨ (ਕਿਲੋ) | ਮਹੀਨੇਵਾਰ ਸਰੀਰਕ ਵਜ਼ਨ (ਕਿਲੋ) | | | | | | | ਪਹਿਲੀਵਾਰ ਨਵੇਂ ਦੁੱਧ ਕਰਾਉਣ ਸਮੇਂ ਵਜ਼ਨ (ਕਿਲੋ) | ਪਹਿਲੀਵਾਰ ਸੂਣ ਸਮੇਂ ਵਜ਼ਨ (ਕਿਲੋ) | ਕਥਨ ਜੇ ਕੋਈ ਹੋਵੇ |
|---|---|---|---|---|---|---|---|---|---|---|---|---|---|
| | | | | 1 | 2 | 3 | .... | 22 | 23 | 24 | | | |
| 1. | | | | | | | | | | | | | |
| 2. | | | | | | | | | | | | | |
| 3. | | | | | | | | | | | | | |
| 4. | | | | | | | | | | | | | |
| 5. | | | | | | | | | | | | | |

### (ਸ) ਦੁੱਧ ਦੇਣ ਸੰਬੰਧੀ ਰਿਕਾਰਡ

| ਕ੍ਰਮ ਅੰਕ | ਗਾਂ ਦਾ ਟੈਗ ਨੰਬਰ | ਕੁੱਲ ਸੂਇਆਂ ਦੀ ਗਿਣਤੀ | ਸੂਣ ਦੀ ਮਿਤੀ | ਦੁੱਧੋਂ ਭੇਜਣ ਦੀ ਮਿਤੀ | ਦੁੱਧ ਦੀ ਕੁੱਲ ਪੈਦਾਵਾਰ (ਲਿਟਰ) | ਵੱਧ ਤੋਂ ਵੱਧ ਦੁੱਧ ਦੇਣ ਦੀ ਮਾਤਰਾ (ਲਿਟਰ) | ਵੱਧ ਤੋਂ ਵੱਧ ਦੁੱਧ ਦੇਣ ਦੀ ਮਿਤੀ | ਵੱਧ ਤੋਂ ਵੱਧ ਦੁੱਧ ਦੇਣ ਦੀ ਅਵਧੀ (ਦਿਨ) | ਦੁੱਧੋਂ ਭੇਜਣ ਦੀ ਅਵਧੀ (ਦਿਨ) | ਕਥਨ ਜੇ ਕੋਈ ਹੋਵੇ |
|---|---|---|---|---|---|---|---|---|---|---|
| 1. | | | | | | | | | | |
| 2. | | | | | | | | | | |
| 3. | | | | | | | | | | |
| 4. | | | | | | | | | | |
| 5. | | | | | | | | | | |

## (ਹ) ਪਸ਼ੂਆਂ ਨੂੰ ਰੋਜ਼ਾਨਾਂ ਖੁਰਾਕ ਦੇਣ ਸੰਬੰਧੀ ਰਿਕਾਰਡ, ਮਹੀਨਾ।

| ਕ੍ਰਮ ਅੰਕ | ਮਿਤੀ | ਪਸ਼ੂਆਂ ਦੀ ਗਿਣਤੀ | ਖੁਰਾਕ/ਫੀਡ | | | ਹਰਾ ਚਾਰਾ | | | ਸੁਕਾ ਚਾਰਾ | | | ਹੋਰ ਵਸਤਾ |
|---|---|---|---|---|---|---|---|---|---|---|---|---|
| | | | ਪ੍ਰਾਪਤ ਹੋਈ | ਖਪਤ | ਬਾਕੀ | ਪ੍ਰਾਪਤੀ | ਖਪਤ | ਬਾਕਾਇਆ | ਪ੍ਰਾਪਤੀ | ਖਪਤ | ਬਕਾਇਆ | |
| 1. | | | | | | | | | | | | |
| 2. | | | | | | | | | | | | |
| 3. | | | | | | | | | | | | |
| 4. | | | | | | | | | | | | |
| 5. | | | | | | | | | | | | |



### ਕ) ਪਸ਼ੂਆਂ ਦੀ ਗਿਣਤੀ ਸੰਬੰਧੀ ਰੋਜ਼ਾਨਾ ਦਾ ਰਿਕਾਰਡ

| ਕ.ਮ. ਅੰਕ | ਮਿਤੀ | ਗਾਵਾਂ | | ਵਹਿੜੀ/ ਝੋਟੀਆਂ | ਕੱਟਾ/ਵੱਛਾ | ਸਾਨ | ਕੱਟੜਵੱਛੜ | | ਪਸ਼ੂਆਂ ਦੀ ਕੁੱਲ ਗਿਣਤੀ | ਨਵੇਂ ਪਸ਼ੂ ਸ਼ਾਮਲ ਕਰਨਾ | | ਪਸ਼ੂਆਂ ਨੂੰ ਕੱਢ ਦੇਣਾ | | ਕਥਨ ਜੇ ਕੋਈ ਹੈ |
|---|---|---|---|---|---|---|---|---|---|---|---|---|---|---|
| | | ਦੁਧਾਰੂ | ਦੁੱਧੋਂ ਭੱਜੀਆ | | | | ਨਰ | ਮਾਦਾ | | ਪਸ਼ੂਆਂ ਦੀ ਗਿਣਤੀ | ਕਿਥੋ ਲਏ ਗਏ | ਪਸ਼ੂਆਂ ਦੀ ਗਿਣਤੀ | ਕਿਥੇ ਭੇਜੇ ਗਏ | |
| | | | | | | | | | | | | | | |

ਖ) ਦੁੱਧ ਦੀ ਪੈਦਾਵਾਰ ਸੰਬੰਧੀ ਰੋਜ਼ਾਨਾ ਦੇ ਅੰਕੜੇ ਮਹੀਨਾ.....।

| ਕ.ਮ. ਅੰਕ | ਗਾਂ ਦੀ ਟੈਗ ਨੰ. | ਸੂਣ ਦੀ ਮਿਤੀ | ਮਹੀਨੇ ਦੀਆਂ ਮਿਤੀਆਂ | | | | | | | | | | | | | | ਮਹੀਨੇ ਵਿੱਚ ਕੁੱਲ ਦੁੱਧ ਦੀ ਪੈਦਾਵਾਰ | ਦੁੱਧ ਦੀ ਕੁੱਲ ਪੈਦਾਵਾਰ |
|---|---|---|---|---|---|---|---|---|---|---|---|---|---|---|---|---|---|---|
| | | | 1 | | 2 | | 3 | | 29 | | 30 | | 31 | | | | | |
| | | | ਸ | ਸ਼ਾ | ਸ | ਸ਼ਾ | ਸ | ਸ਼ਾ | ਸ | ਸ਼ਾ | ਸ | ਸ਼ਾ | | | | | | |
| | | | | | | | | | | | | | | | | | | |

ਗ) ਟੀਕਾਕਰਣ ਸੰਬੰਧੀ ਰਿਕਾਰਡ

| ਕ.ਮ. ਅੰਕ | ਮਿਤੀ | ਵੈਕਸੀਨ ਦਾ ਢੰਗ | ਵੈਕਸੀਨ ਲਾਉਣ ਵਾਲੇ ਪਸ਼ੂਆਂ ਦੀ ਗਿਣਤੀ | ਵੈਕਸੀਨ ਲੱਗੀ ਪਸ਼ੂ ਦਾ ਟੈਗ ਨੰ. | ਵੈਕਸੀਨ ਲਗਾਓ ਦੀ ਅਗਲੀ ਮਿਤੀ | ਕਥਨ ਜੇ ਕੋਈ ਹੈ |
|---|---|---|---|---|---|---|
| | | | | | | |

ਘ) ਸਿਹਤ ਨਰੀਖਣ ਦਾ ਰਿਕਾਰਡ

| ਕ. ਮ. ਅੰਕ | ਮਿਤੀ | ਬਿਮਾਰੀ ਜਿਸ ਲਈ ਟੈਸਟ ਕੀਤਾ | ਟੈਸਟ ਕੀਤੇ ਪਸ਼ੂਆਂ ਦੀ ਗਿਣਤੀ | ਟੈਗ ਨੰ. | ਸਿਹਤ ਨਰੀਖਣ ਦੀ ਅਗਲੀ ਮਿਤੀ | ਕਥਨ ਜੇ ਕੋਈ ਹੈ |
|---|---|---|---|---|---|---|
| | | | | | | |

ਙ) ਵੱਗ ਦਾ ਸਿਹਤ ਰਿਕਾਰਡ

| ਕ. ਮ. ਅੰਕ | ਮਿਤੀ | ਪਸ਼ੂ ਦਾ ਨੰ: | ਪਿਛੋਕੜ (History) | ਨਿਸ਼ਾਨੀਆਂ/ ਲੱਛਣ | ਸਿੱਟਾ ਤੰਦਰੁਸਤ ਜਾਂ ਮੌਤ ਹੋਈ | ਵੈਟਨਰੀ ਡਾਕਟਰ ਦਾ ਨਾਂ | ਇਲਾਜ ਤੇ ਖਰਚਾ | ਕਥਨ ਜੇ ਕੋਈ ਹੈ |
|---|---|---|---|---|---|---|---|---|
| | | | | | | | | |

ਸਾਰਨੀਆਂ ਵਿੱਚ  ਦਿੱਤੇ ਗਏ ਹਨ। ਰਿਕਾਰਡ ਦੇ ਇਹ ਨਮੂਨੇ ਬਹੁਤ ਗੁੰਝਲਦਾਰ ਅਤੇ ਔਖੇ ਨਹੀਂ ਹਨ ਅਤੇ ਲੋੜ ਅਨੁਸਾਰ ਇਕ ਡੇਅਰੀ ਫਾਰਮ ਆਪਣੇ ਤੌਰ 'ਤੇ ਹੋਰ ਰਿਕਾਰਡ ਵੀ ਰੱਖ ਸਕਦਾ ਹੈ।

## ਮੁਲਾਂਕਣ

### (ੳ) ਬਹੁ-ਉਤਰੀ ਪ੍ਰਸ਼ਨ

1. ਡੇਅਰੀ ਫਾਰਮ ਦਾ ਰਿਕਾਰਡ ਰੱਖਣ ਲਈ ਹੇਠ ਲਿਖੀਆਂ ਵਿੱਚੋਂ ਕਿਹੜੀ ਸੂਚਨਾ ਦੀ ਲੋੜ ਪੈਂਦੀ ਹੈ?

   ੳ) ਡੰਗਰਾਂ ਸੰਬੰਧੀ ਜਾਣਕਾਰੀ

   ਅ) ਲੋੜੀਂਦੀਆਂ ਵਸਤਾਂ ਸੰਬੰਧੀ ਸੂਚਨਾ

   ੲ) ਕੀਮਤਾਂ ਸੰਬੰਧੀ ਜਾਣਕਾਰੀ

   ਸ) ਇਹ ਸਾਰੀਆਂ

2. ਬਹੁਤ ਸਾਰੇ ਡੇਅਰੀ ਫਾਰਮਰ ਰਿਕਾਰਡ ਨਹੀਂ ਰੱਖਦੇ ਕਿਉਂਕਿ

   ੳ) ਜਾਗਰਤੀ ਦੀ ਘਾਟ ਹੈ

   ਅ) ਅਨਪੜਤਾ ਹੈ

   ੲ) ਦੋਵੇਂ ੳ ਅਤੇ ਅ

   ਸ) ਦੋਵਾਂ 'ੳ' ਅਤੇ 'ਅ' ਵਿੱਚੋਂ ਕੋਈ ਵੀ ਨਹੀਂ

3. ਤਕਨੀਕੀ ਰਿਕਾਰਡ ਵਿੱਚ ਸ਼ਾਮਲ ਹੈ।

   ੳ) ਰੋਜ਼ਾਨਾ ਦੁੱਧ ਦੀ ਪੈਦਾਵਾਰ ਸੰਬੰਧੀ ਰਜਿਸਟਰ

   ਅ) ਖੁਰਾਕ ਸਟਾਕ ਰਜਿਸਟਰ

   ੲ) ਸਿਹਤ ਰਿਕਾਰਡ

   ਸ) ਇਹ ਸਾਰੇ

4. ਖੇਤਾਂ ਨਾਲ ਸੰਬੰਧਤ ਰਿਕਾਰਡ ਵਿੱਚ ਸ਼ਾਮਲ ਹੁੰਦਾ ਹੈ।

   ੳ) ਫੀਲਡ ਰਜਿਸਟਰ

   ਅ) ਲੇਬਰ ਰਜਿਸਟਰ

   ੲ) ਹਾਜ਼ਰੀ ਰਜਿਸਟਰ

   ਸ) ਇਹ ਸਾਰੇ

5. ਆਰਥਿਕ ਰਿਕਾਰਡ ਵਿੱਚ ਸ਼ਾਮਲ ਹੁੰਦਾ ਹੈ।

   ੳ) ਖੁਰਾਕ 'ਤੇ ਖਰਚੇ ਸੰਬੰਧੀ ਰਿਕਾਰਡ

   ਅ) ਵੈਟਨਰੀ ਖਰਚੇ

ੲ) ਚਾਰੇ ਵਾਲੇ ਬੀਜਾਂ 'ਤੇ ਖਰਚ

ਸ) ਇਹ ਸਾਰੇ

**(ਅ) ਖਾਲੀ ਥਾਵਾਂ ਭਰੋ**

1. ਡੇਅਰੀ ਫਾਰਮ ਦੇ ਸਫ਼ਲ ਪ੍ਰਬੰਧ ਲਈ ............... ਰੱਖਣਾ ਬਹੁਤ ਜ਼ਰੂਰੀ ਹੈ।
2. ਪਸ਼ੂਆਂ ਦੀ ............... ਹੋਵੇ ਤਾਂ ਰਿਕਾਰਡ ਕਰਨਾ ਸੌਖਾ ਹੋ ਜਾਂਦਾ ਹੈ।
3. ............... ਰਿਕਾਰਡ ਲਿਖਣ ਵਿਚ ਕਈ ਪ੍ਰਕਾਰ ਦਾ ਰਿਕਾਰਡ ਕਾਰਡ ਤੋਂ ਲੈ ਕੇ ਅੰਕੜਾ ਰਜਿਸਟਰ ਤੱਕ ਲਿਖਣਾ ਪੈਂਦਾ ਹੈ।
4. ............... ਵਿਧੀ ਵਿੱਚ ਡੇਅਰੀ ਸੰਬੰਧੀ ਰਿਕਾਰਡ ਕੰਪਿਊਟਰ ਵਿੱਚ ਰੱਖਣਾ ਪੈਂਦਾ ਹੈ।
5. ਮਸ਼ੀਨਰੀ ਅਤੇ ਖੇਤੀ ਸੰਦਾਂ ਸੰਬੰਧੀ ਰਿਕਾਰਡ ............... ਦੇ ਰਿਕਾਰਡ ਵਿਚ ਦਰਜ ਕਰਨਾ ਪੈਂਦਾ ਹੈ।

**(ੲ) ਸਹੀ ਜਾਂ ਗਲਤ, ਲਿਖੋ**

1. ਡੇਅਰੀ ਫਾਰਮ ਦਾ ਰਿਕਾਰਡ ਰੱਖਣਾ ਅਸਾਨ ਹੋਣਾ ਚਾਹੀਦਾ ਹੈ।
2. ਡੇਅਰੀ ਫਾਰਮ ਦੇ ਰਿਕਾਰਡ ਤੋਂ ਕੋਈ ਸਿੱਟਾ ਨਹੀਂ ਕੱਢਿਆ ਜਾ ਸਕਦਾ।
3. ਜ਼ਰੂਰਤ ਸਮੇਂ ਫਾਰਮ ਰਿਕਾਰਡ ਸਹੀ ਜਾਣਕਾਰੀ ਦਿੰਦਾ ਹੈ।
4. ਫਾਰਮ ਰਿਕਾਰਡ ਰੱਖਣ ਲਈ ਕਿਸੇ ਸੂਚਨਾ ਨੂੰ ਦੁਹਰਾਉਣਾ ਜ਼ਰੂਰੀ ਹੈ।
5. ਡੇਅਰੀ ਫਾਰਮ ਦਾ ਰਿਕਾਰਡ ਡੰਗਰਾਂ ਦੀ ਚੋਣ ਕਰਨ ਜਾਂ ਉਹਨਾਂ ਨੂੰ ਕੱਢਣ ਲਈ ਰੱਖਿਆ ਜਾਂਦਾ ਹੈ।

**ਉੱਤਰ :**

| (ੳ) ਬਹੁ-ਉਤਰੀ ਪ੍ਰਸ਼ਨ | ਅ) ਖਾਲੀ ਥਾਂ ਭਰੋ | ੲ) ਸਹੀ ਜਾਂ ਗਲਤ |
|---|---|---|
| ਸ | ਰਿਕਾਰਡ | ਸਹੀ |
| ੲ | ਪਹਿਚਾਣ | ਗਲਤ |
| ਸ | ਦਸਤੀ | ਸਹੀ |
| ਸ | ਇਲੈਕਟਰੋਨਿਕ | ਗਲਤ |
| ਸ | ਫਾਰਮ | ਸਹੀ |

# ਇਕਾਈ 4 : ਇਕ ਡੇਅਰੀ ਫਾਰਮ (ਪਸ਼ੂ-ਪਾਲਕਾਂ) ਦੀ ਸਿਹਤ ਅਤੇ ਸੁੱਰਖਿਆ ਸੰਬੰਧੀ ਖਤਰੇ

## ਸ਼ੈਸ਼ਨ 1: ਡੇਅਰੀ ਫਾਰਮ ਨੂੰ ਸਾਫ਼-ਸੁਥਰਾ ਅਤੇ ਜਰਮ ਰਹਿਤ ਰੱਖਣਾ।

ਡੇਅਰੀ ਫਾਰਮ ਦਾ ਧੰਦਾ ਜੋਖਮ ਭਰਿਆ ਅਤੇ ਲਗਾਤਾਰ ਰੁਝੇਵੇਂ ਭਰਿਆ ਧੰਦਾ ਹੈ। ਡੇਅਰੀ ਫਾਰਮ ਵਿੱਚ ਰੋਜ਼ਾਨਾ ਦੀ ਕਾਰਜ ਪ੍ਰਨਾਲੀ ਵਿੱਚ ਕਈ ਤਰ੍ਹਾਂ ਦੇ ਖਤਰੇ ਹੁੰਦੇ ਹਨ। ਅਜਿਹੇ ਖਤਰੇ ਪਸ਼ੂਆਂ ਦੀ ਸਾਂਭ ਸੰਭਾਲ ਵਿੱਚ, ਜਾਂ ਖੇਤੀ ਸੰਦਾਂ ਦੀ ਵਰਤੋਂ ਵਿੱਚ ਜਾਂ ਪਸ਼ੂਆਂ ਨੂੰ, ਪਸ਼ੂਆਂ ਤੋਂ ਮਨੁੱਖਾਂ ਨੂੰ ਅਤੇ ਮਨੁੱਖਾਂ ਤੋਂ ਪਸ਼ੂਆਂ ਨੂੰ ਲੱਗਣ ਵਾਲੀਆਂ ਬਿਮਾਰੀਆਂ ਵਿੱਚ ਹੁੰਦੇ ਹਨ। ਇਸ ਲਈ ਡੇਅਰੀ ਫਾਰਮਰ ਨੂੰ ਇਨ੍ਹਾਂ ਖਤਿਰਆਂ ਤੋਂ ਸਾਵਧਾਨੀ ਅਤੇ ਸੁਰੱਖਿਆ ਬਾਰੇ ਪੂਰੀ ਜਾਣਕਾਰੀ ਹੋਣੀ ਜ਼ਰੂਰੀ ਹੈ। ਇਸ ਤੋਂ ਇਲਾਵਾ ਪਸ਼ੂਆਂ ਨੂੰ ਕਈ ਵੇਰ ਬਿਮਾਰੀ ਲੱਗੀ ਹੁੰਦੀ ਹੈ, ਜਿਸਦੇ ਮੁੱਢਲੇ ਇਲਾਜ ਬਾਰੇ ਉਸ ਨੂੰ ਗਿਆਨ ਹੋਣਾ ਚਾਹੀਦਾ ਹੈ, ਤਾਂ ਜੋ ਵੈਟਨਰੀ ਡਾਕਟਰ ਦੁਆਰਾ ਇਲਾਜ ਤੋਂ ਪਹਿਲਾਂ ਮੁੱਢਲੀ ਸਹਾਇਤਾ/ਇਲਾਜ ਕੀਤਾ ਜਾ ਸਕੇ, ਜਿਸ ਨਾਲ ਡੰਗਰ ਦੀ ਜਾਨ ਬਚਾਈ ਜਾ ਸਕਦੀ ਹੈ ਅਤੇ ਬਿਮਾਰੀ ਫੈਲਣ ਤੋਂ ਰੋਕੀ ਜਾ ਸਕਦੀ ਹੈ ਅਤੇ ਹਾਲਾਤ ਹੋਰ ਖਰਾਬ ਹੋਣ ਤੋਂ ਬਚਤ ਹੋ ਸਕਦੀ ਹੈ। ਇਸ ਯੂਨਿਟ ਵਿੱਚ ਅਜਿਹੇ ਪੱਖਾਂ ’ਤੇ ਚਰਚਾ ਕੀਤੀ ਜਾਵੇਗੀ।

### 1. ਡੇਅਰੀ ਫਾਰਮ ਨੂੰ ਸਾਫ਼ ਸੁਥਰਾ ਰੱਖਣਾ


ਆਮ ਤੌਰ ’ਤੇ ਪਸ਼ੂਆਂ ਵਾਲੇ ਸ਼ੈਡ ਦੀ ਸਾਫ਼-ਸਫ਼ਾਈ ਵੱਲ ਧਿਆਨ ਜਾਂ ਪਰਖ ਪੜਚੋਲ ਨਹੀਂ ਕੀਤੀ ਜਾਂਦੀ। ਇਹ ਜਾਣਦੇ ਹੋਏ ਕਿ ਗਾਵਾਂ ਤਾਂ ਹੀ ਸਾਫ਼ ਸੁਥਰੀਆਂ ਰਹਿ ਸਕਦੀਆਂ ਹਨ ਜੇਕਰ ਸ਼ੈੱਡ ਦਾ ਫਰਸ਼ ਸਾਫ਼ ਹੈ (ਤਸਵੀਰ 4.1), ਫਿਰ ਵੀ ਵਿਗਿਆਨੀ/ਮਾਹਰ ਆਪਣਾ ਬਹੁਤਾ ਧਿਆਨ ਗਾਵਾਂ ਤੇ ਹੀ ਕੇਂਦਰਤ ਕਰਦੇ ਹਨ। ਦੁੱਧ ਵਿੱਚ ਸੋਮੈਟਿਕ ਸੈਲਾਂ ਦੀ ਗਿਣਤੀ (Somatic cell count) ਪਸ਼ੂਆਂ ਦੇ ਸ਼ੈਡ ਅਤੇ ਆਲੇ ਦੁਆਲੇ ਦੀ ਸਫਾਈ ’ਤੇ ਨਿਰਭਰ ਕਰਦੀ ਹੈ।

ਸਾਫ਼ ਸਫ਼ਾਈ ਤੋਂ ਭਾਵ ਹੈ ਮਿੱਟੀ-ਘੱਟੇ ਅਤੇ ਗੰਦਗੀ ਤੋਂ ਰਹਿਤ ਹੋਣਾ, ਪ੍ਰੰਤੂ ਹਾਈਜੀਨ ਇੱਕ ਵੱਡਾ ਸ਼ਬਦ ਹੈ ਜਿਸ ਤੋਂ ਭਾਵ ਸਿਹਤ ਪੱਖੋਂ ਸੁਰੱਖਿਆ ਹੋਣਾ ਹੈ। ਪਸ਼ੂ ਪਾਲਨ ਧੰਦੇ ਵਿੱਚ ਜਦ ਪਸ਼ੂਆਂ ਨੂੰ ਚਾਰ-ਦਿਵਾਰੀ ਅੰਦਰ ਰੱਖਿਆ ਜਾਂਦਾ ਹੈ ਤਾਂ ਸਾਫ਼ ਸਫਾਈ ਅਤੇ ਸਿਹਤ ਸੁਰੱਖਿਆ ਹੋਰ ਵੀ ਮਹੱਤਵਪੂਰਨ ਹੋ ਜਾਂਦੀਆਂ ਹਨ।



**ਤਸਵੀਰ 41. : ਇਕ ਸਾਫ਼ ਸੁਥਰਾ ਪਸ਼ੂਆਂ ਦਾ ਸ਼ੈੱਡ**

**2) ਪਸ਼ੂ ਪਾਲਣ ਅਤੇ ਸਾਜ਼ੋ-ਸਮਾਨ ਦੀ ਸੁਰੱਖਿਅਤ ਵਰਤੋਂ :** ਡੇਅਰੀ ਫਾਰਮ ਦੇ ਕੰਮ ਕਾਫ਼ੀ ਗੁੰਝਲਦਾਰ, ਸਖਤ ਅਤੇ ਲੰਮਾਂ ਸਮਾਂ ਲੈਣ ਵਾਲੇ ਕਾਰਜ ਹੁੰਦੇ ਹਨ। ਡੇਅਰੀ ਫਾਰਮ ਵਿੱਚ ਰੋਜ਼ਾਨਾਂ ਦੇ ਕੰਮਾਂ ਦੌਰਾਨ ਕਈ ਖਤਰੇ ਹੁੰਦੇ ਹਨ ਜਿਨ੍ਹਾਂ ਬਾਰੇ ਵਰਨਣ ਤਸਵੀਰ 4.2 ਵਿੱਚ ਕੀਤਾ ਗਿਆ ਹੈ।




**ਤਸਵੀਰ 4.2 ਪਸ਼ੂ ਪਾਲਨ ਧੰਦੇ ਵਿੱਚ ਖਤਰੇ**

ਹੱਥੀਂ ਜਾਂ ਦਸਤੀ ਕੰਮ ਕਰਨ ਤੋਂ ਪਹਿਲਾਂ ਖਤਰਿਆਂ ਬਾਰੇ ਚੰਗੀ ਤਰ੍ਹਾਂ ਗਿਆਨ ਹੋਣਾ ਜ਼ਰੂਰੀ ਹੈ। ਇਸ ਲਈ ਮਾਹਰਾਂ ਵੱਲੋਂ ਸਿਫਾਰਸ਼ ਕੀਤੀ ਵਿਧੀ ਅਨੁਸਾਰ ਕੰਮ ਕਰੋ :

ੳ) ਸੁਰੱਖਿਅਤ ਤਰੀਕੇ ਨਾਲ ਕੰਮ ਕਰਨ ਲਈ ਕੰਮ ਦੀ ਢੁੱਕਵੀਂ ਵਿਉਂਤਬੰਦੀ ਉਲੀਕੋ।

ਅ) ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ ਅਤੇ ਸੰਦਾਂ ਨੂੰ ਢੁੱਕਵੇਂ ਅਤੇ ਸੁੱਰਖਿਅਤ ਥਾਂ 'ਤੇ ਸਟੋਰ ਕਰੋ।

ੲ) ਟਰੈਕਟਰ ਦੀ ਲਿਫਟ ਅਤੇ ਟਰਾਲੀ ਦੀ ਸਹਾਇਤਾ ਨਾਲ਼ ਵੱਡੇ ਅਤੇ ਭਾਰੀ ਸਾਜੋ ਸਮਾਨ ਦੀ ਧਿਆਨ ਪੂਰਵਕ ਹਿੱਲ-ਜੁਲ ਅਤੇ ਵਰਤੋਂ ਕਰੋ।

ਸ) ਤਿਲਕਣ ਅਤੇ ਡਿੱਗਣ ਤੋਂ ਬਚਾਅ ਲਈ, ਪਸ਼ੂਆਂ ਦੀ ਰਹਾਇਸ਼, ਵਾੜੇ, ਦੁੱਧ ਚੁਆਈ ਵਾਲੀ ਜਗ੍ਹਾ ਆਦਿ ਨੂੰ ਸਾਫ਼ ਅਤੇ ਖੁਸ਼ਕ ਰੱਖੋ।

ਹ) ਗੇਟ ਅਸਾਨੀ ਨਾਲ ਖੁਲਣੇ ਯਕੀਨੀ ਬਣਾਓ।

ਕ) ਪਸ਼ੂਆਂ ਨੂੰ ਇਕ ਥਾਂ ਤੋਂ ਦੂਸਰੀ ਥਾਂ ਲਿਜਾਣ ਸਮੇਂ ਤਿਲਕਣ ਤੋਂ ਬਚੋ।

ਖ) ਚੰਗੀ ਪਕੜ ਵਾਲੇ ਬੂਟ ਜਾਂ ਗਮ ਬੂਟ ਪਹਿਨੋ।

ਗ) ਵਰਤੋਂ ਤੋਂ ਬਾਅਦ ਖੇਤੀ ਸੰਦਾਂ ਤੇ ਹੋਰ ਸਾਜੋ ਸਮਾਨ ਨੂੰ ਨਿਸ਼ਚਿਤ ਥਾਂ ’ਤੇ ਰੱਖੋ।

ਘ) ਖੇਤੀ ਸੰਦਾਂ ਅਤੇ ਹੋਰ ਸਾਜੋ ਸਮਾਨ ਨੂੰ ਬੇਧਿਆਨਾ ਨਾ ਛੱਡੋ।

ਙ) ਮਸ਼ੀਨਾਂ ਅਤੇ ਪਸ਼ੂਆਂ ਨੂੰ ਇਧਰ-ਉੱਧਰ ਲਿਜਾਣ ਸਮੇਂ ਕੋਲ ਖੜੇ ਲੋਕਾਂ ਦੀ ਸੁਰੱਖਿਆ ਬਾਰੇ ਧਿਆਨ ਦਿਓ।

ਚ) ਜ਼ਿਆਦਾ ਖੜਕਾ ਕਰਨ ਵਾਲੀ ਮਸ਼ੀਨ ਦੀ ਵਰਤੋਂ ਕਰਦੇ ਸਮੇਂ ਹੱਥ ਨਾਲ਼ ਜਾਂ ਹੋਰ ਸੰਦਾਂ ਨਾਲ ਇਸ਼ਾਰਾ ਕਰੋ।

ਛ) ਆਲੇ ਦੁਆਲੇ ਨੂੰ ਨੁਕਸਾਨ ਨਾ ਪਹੁੰਚਾਓ। ਬਨਸਪਤੀ ਅਤੇ ਹੋਰ ਜੀਵਾਂ ਨੂੰ ਨਾ ਛੇੜੋ।

ਜ) ਵਾਤਾਵਰਣ ਸੰਬੰਧੀ ਹਦਾਇਤਾਂ ਅਤੇ ਸਰਕਾਰੀ ਨਿਯਮਾਂ ਦੀ ਪਾਲਨਾ ਕਰੋ।

ਝ) ਕੰਮ ਸੰਬੰਧੀ ਸਪੱਸ਼ਟ ਹਦਾਇਤਾਂ ਹੋਣੀਆਂ ਚਾਹੀਦੀਆਂ ਹਨ। ਕਾਮਿਆਂ ਨੂੰ ਐਕਸੀਡੈਂਟ ਤੋਂ ਬਚਣ ਸੰਬੰਧੀ ਢੁੱਕਵੀਂ ਟਰੇਨਿੰਗ ਦਿਓ।

ਤ) ਸੰਕਟ ਸਮੇਂ ਵਰਤਣ ਵਾਲੇ ਸਾਜੋ ਸਮਾਨ ਦੀ ਪਰਖ ਕਰੋ।

ਥ) ਤੇਜ ਰਫ਼ਤਾਰੀ ਨਾਲ ਕੰਮ ਕਰਨ ਅਤੇ ਸਰਕਾਰੀ ਸਹਾਇਤਾ ਲਈ ਸਰਕਾਰੀ ਅਧਿਕਾਰੀਆਂ, ਨਿਯਮਾਂ ਅਤੇ ਸਕੀਮਾਂ ਬਾਰੇ ਨਵੀਨਤਮ ਜਾਣਕਾਰੀ ਰੱਖਦੇ ਰਹੋ।

**ਪਸ਼ੂ ਪਾਲਕ ਦੀ ਜਾਤੀ ਸੁਰੱਖਿਆ ਲਈ ਜ਼ਰੂਰੀ ਸਾਜੋ-ਸਮਾਨ**

ਡੇਅਰੀ ਫਾਰਮ ਵਿੱਚ ਕਾਮਿਆਂ ਨੂੰ ਕੋਈ ਵਸਤੂ ਖਾਣ, ਸੁੰਘਣ ਜਾਂ ਸਪਰਸ਼ ਦੁਆਰਾ ਸੱਟ ਲੱਗਣ ਜਾਂ ਅਪਾਹਜ ਹੋਣ ਤੋਂ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਓ ਕਾਮਿਆਂ ਨੇ ਸੁਰੱਖਿਅਤ ਕਪੜੇ ਪਹਿਨੇ ਹੋਣ, ਸਾਹ ਵਾਲੇ ਸੁਰੱਖਿਅਤ ਯੰਤਰ ਅਤੇ ਸ਼ੀਲਡਾਂ ਹੋਣ ਜਾਂ ਅੱਖਾਂ ਦੇ ਬਚਾਅ ਲਈ ਗੋਗਲ/ਐਨਕਾਂ ਹੋਣ ਅਤੇ ਚਿਹਰੇ, ਸਿਰ ਤੇ ਹੋਰ ਅੰਗਾਂ ਦੀ ਸੁੱਰਖਿਆ ਲਈ ਢੁੱਕਵੇਂ ਸੁਰੱਖਿਅਤ ਸਾਧਨਾਂ ਦੀ ਵਰਤੋਂ ਕਰੋ।

ਸਿਹਤ ਅਤੇ ਸਰੀਰਕ ਸੁਰੱਖਿਆ ਲਈ ਉੱਪਰ ਦੱਸੇ ਸਾਧਨ ਅਤੇ ਵਸਤਾਂ ਬੜੀਆਂ ਕਾਰਗਰ ਅਤੇ ਅਖੀਰਲਾ ਹਥਿਆਰ ਹਨ ਜਿਨ੍ਹਾਂ ਦੀ ਵਰਤੋਂ ਬਾਕੀ ਸਾਰੇ ਸੁਰੱਖਿਆ ਪ੍ਰਦਾਨ ਕਰਨ ਵਾਲੇ ਸਾਧਨਾਂ ਦੀ ਵਰਤੋਂ ਤੋਂ ਬਾਅਦ ਕੀਤੀ ਜਾਵੇ ਕਿਉਂਕਿ ਇਹ ਹਾਦਸਾ ਹੋਣ ਤੋਂ ਨਹੀਂ ਰੋਕਦੇ। ਅਸਲ ਵਿੱਚ ਇਹ ਕਾਮੇ ਦੀ ਅੱਧ-ਪਚੱਦੀ ਸੁਰੱਖਿਆ ਹੀ ਕਰਦੇ ਹਨ ਤਾਂ ਜੋ ਕਾਮੇ ਦਾ ਨੁਕਸਾਨ ਘੱਟ ਹੋਵੇ।

**ਡੇਅਰੀ ਕਾਮਿਆਂ ਦੁਆਰਾ ਆਮ ਤੌਰ ’ਤੇ ਸੁਰੱਖਿਆ ਪ੍ਰਦਾਨ ਕਰਨ ਵਾਲਾ ਸਾਜੋ-ਸਮਾਨ**

ਜਾਤੀ ਸੁਰੱਖਿਆ ਪ੍ਰਦਾਨ ਕਰਨ ਵਾਲੇ ਸਾਜੋ ਸਮਾਨ ਵਿੱਚ ਹੇਠ ਲਿਖੀਆਂ ਵਸਤਾਂ ਸ਼ਾਮਲ ਹਨ

**ੳ) ਦਸਤਾਨੇ** : ਦਸਤਾਨੇ ਖਤਰਨਾਕ ਪਦਾਰਥਾਂ, ਗਰਮ-ਠੰਡੀਆਂ ਵਸਤਾਂ ਅਤੇ ਤਿੱਖੇ ਸੰਦਾਂ ਤੋਂ ਪਸ਼ੂ ਪਾਲਕ ਨੂੰ ਬਚਾਉਂਦੇ ਹਨ। ਪਸ਼ੂਆਂ ਨੂੰ ਸੁਆਉਣ ਸਮੇਂ ਜਾਂ ਬਿਮਾਰ ਪਸ਼ੂਆਂ ਦਾ ਇਲਾਜ ਕਰਦੇ ਸਮੇਂ ਡਿਸਪੋਜ਼ੇਬਲ ਦਸਤਾਨੇ ਪਹਿਨੇ ਜਾਂਦੇ ਹਨ।

**ਅ) ਸੁਰੱਖਿਅਤ ਬੂਟ** : ਸੁਰੱਖਿਅਤ ਬੂਟ ਜਿਵੇਂ ਕਿ ਗਮ ਬੂਟ ਕਈ ਪ੍ਰਕਾਰ ਦੀ ਸੁਰੱਖਿਆ ਪ੍ਰਦਾਨ ਕਰਦੇ ਹਨ, ਜਿਵੇਂ ਕਿ ਭਾਰੀ ਵਸਤੂ ਪੈਰਾਂ ਉਪਰ ਡਿਗਣ ਤੋਂ ਜਾਂ ਪਸ਼ੂ ਦੇ ਪੈਰਾਂ ਉਪਰ ਚੜ੍ਹਨ ਤੋਂ ਜਾਂ ਸੱਪ ਦੇ ਕੱਟਣ ਤੋਂ, ਤਿਲਕਣ ਤੋਂ, ਕਿਸੇ/ਕੋਈ ਤਿੱਖੀ ਚੀਜ਼ ਦੇ ਖੁਭਣ ਤੋਂ ਅਤੇ ਪਾਣੀ ਤੋਂ ਸਾਡੀ ਬੱਚਤ ਕਰਦੇ ਹਨ।





**ਤਸਵੀਰ 4.3 ਗਮ ਬੂਟ** **ਤਸਵੀਰ 4.4 ਦਸਤਾਨੇ**

**ੲ) ਐਨਕਾਂ** : ਐਨਕਾਂ ਅੱਖਾਂ ਵਿਚ ਧੂੜ ਮਿੱਟੀ ਜਾਂ ਗੈਸੀ ਵਾਸ਼ਪ/ਧੂੰਆਂ ਪੈਣ ਤੋਂ ਬਚਾਉਂਦੀਆਂ ਹਨ। ਫ਼ਸਲਾਂ ਵਿੱਚੋਂ ਘਾਹ ਫੂਸ ਕੱਢਣ ਸਮੇਂ, ਵੈਲਡਿੰਗ ਕਰਦੇ ਸਮੇਂ, ਕੋਈ ਵਸਤੂ ਕੱਟਣ ਸਮੇਂ ਜਾਂ ਵਰਕਸ਼ਾਪ ਵਿੱਚ ਕੰਮ ਕਰਨ ਸਮੇਂ ਐਨਕਾਂ ਜ਼ਰੂਰ ਲਗਾਉਣੀਆਂ ਚਾਹੀਦੀਆਂ ਹਨ।

**ਸ) ਕੰਨਾਂ ਦੇ ਪਲੱਗ** : ਮਸ਼ੀਨਰੀ ਜਿਵੇਂ ਕਿ ਆਰਾ ਜਾਂ ਕੁੱਝ ਜਾਨਵਰਾਂ, ਜਿਵੇਂ ਕਿ ਪਾਲਤੂ ਸੂਰਾਂ ਦੀ ਉੱਚੀ ਆਵਾਜ਼ ਤੋਂ ਇਹ ਕੰਨਾਂ ਦੇ ਪਲੱਗ ਬਚਾਉਂਦੇ ਹਨ।

**ਹ) ਚਿਹਰੇ ਦੀ ਸੁਰੱਖਿਆ** : ਵੈਲਡਿੰਗ ਕਰਦੇ ਸਮੇਂ ਚਿਹਰੇ, ਅੱਖਾਂ, ਨੱਕ ਅਤੇ ਮੂੰਹ ਦੀ, ਗੈਸੀ ਵਾਸ਼ਪਾਂ, ਗਰਮੀ ਅਤੇ ਗਰਮ ਲੋਹੇ ਤੋਂ ਬੱਚਤ ਕਰਨੀ ਜ਼ਰੂਰੀ ਹੈ। ਸਪਰੇ ਕਰਦੇ ਸਮੇਂ, ਰਸਾਇਣ ਨੂੰ ਵਰਤਣ ਸਮੇਂ, ਲੋਹੇ ਦੀ ਘਸਾਈ ਅਤੇ ਲੱਕੜ ਕੱਟਣ ਸਮੇਂ ਮੂੰਹ ਨੂੰ ਢਕਣਾ ਜ਼ਰੂਰੀ ਹੈ।

**ਕ) ਲੋਹ ਟੋਪ** : ਅਜਿਹਾ ਟੋਪ ਡਿਗ ਰਹੀਆਂ ਵਸਤਾਂ ਤੋਂ ਸਾਨੂੰ ਬਚਾਉਂਦਾ ਹੈ।

**ਖ) ਸਾਹ ਲੈਣ ਵਾਲਾ ਯੰਤਰ** : ਕਿਸੇ ਬੰਦ ਜਗ੍ਹਾ ਜਾਂ ਟੋਏ/ਸਾਈਲੋ ਵਿੱਚ ਕੰਮ ਕਰਦੇ ਸਮੇਂ ਇਸ ਯੰਤਰ ਦੀ ਲੋੜ ਪੈਂਦੀ ਹੈ।

ਸਿਫ਼ਾਰਸ਼ ਅਨੁਸਾਰ ਕਾਮੇ ਨੂੰ ਸੁਰੱਖਿਅਤ ਕਪੜੇ ਅਤੇ ਹੋਰ ਜ਼ਰੂਰੀ ਸਾਜੋ ਸਮਾਨ ਪਹਿਨਣਾ ਚਾਹੀਦਾ ਹੈ ਜਦ ਵੀ ਉਹ ਮਸ਼ੀਨਾਂ ਨਾਲ ਕੰਮ ਕਰੇ। ਮਸ਼ੀਨਾਂ ਚਲਾਉਣ ਸਮੇਂ ਢਿੱਲੇ ਕਪੜੇ ਨਹੀਂ ਪਹਿਨਣੇ ਚਾਹੀਦੇ ਤਾਂ ਜੋ ਅਜਿਹੇ ਕਪਿੜਆਂ ਦਾ ਚਲਦੀ ਮਸ਼ੀਨ ਵਿੱਚ ਫਸਣ ਦਾ ਖਤਰਾ ਨਾ ਰਹੇ।

**ਕੰਮ ਕਰਦੇ ਸਮੇਂ ਸਾਵਧਾਨੀਆਂ**

(ੳ) ਕੀਟਨਾਸ਼ਕ, ਜਰਮਨਾਸ਼ਕ ਅਤੇ ਹੋਰ ਰਸਾਇਣਾਂ ਦੀ ਵਰਤੋਂ ਕਰਨ ਤੋਂ ਪਹਿਲਾਂ,

ਇਨ੍ਹਾਂ ਉੱਪਰ ਲੱਗੇ ਲੇਬਲ 'ਤੇ ਲਿਖੀਆਂ ਹਦਾਇਤਾਂ ਜ਼ਰੂਰ ਪੜ੍ਹੋ।

(ਅ) ਨਿਰਮਾਤਾ ਕੰਪਨੀ ਦੀਆਂ ਹਦਾਇਤਾਂ ਅਨੁਸਾਰ ਰਸਾਇਣਾਂ ਨੂੰ ਵਰਤੋ।

(ੲ) ਰਸਾਇਣਾਂ ਦੀ ਵਰਤੋਂ ਕਰਨ ਵੇਲੇ ਹਦਾਇਤਾਂ ਅਨੁਸਾਰ ਸੁਰੱਖਿਅਤ ਕਪੜੇ ਪਹਿਨੋ।

(ਸ) ਵਾਤਾਵਰਣ ਨੂੰ ਸੁਰੱਖਿਅਤ ਰੱਖਣ ਲਈ ਰਸਾਇਣਾਂ ਅਤੇ ਮੈਡੀਕਲ ਦਵਾਈਆਂ ਦੇ ਡੱਬੇ ਅਤੇ ਸ਼ੀਸ਼ੀਆਂ ਨੂੰ ਖਤਮ ਕਰੋ।

(ਹ) ਰਸਾਇਣਾਂ ਕਾਰਨ ਹਾਦਸਾ ਹੋਣ ਦੀ ਸੂਰਤ ਵਿੱਚ ਤੁਰੰਤ ਡਾਕਟਰੀ ਸਹਾਇਤਾ ਲਵੋ।

(ਕ) ਨਿਰਮਾਤਾ ਕੰਪਨੀ ਦੀਆਂ ਹਦਾਇਤਾਂ ਅਨੁਸਾਰ ਹੰਗਾਮੀ ਹਾਲਤ ਨਾਲ ਨਿਪਟਣ ਵਾਲਾ ਸਾਜੋ ਸਮਾਨ ਅਤੇ ਮੁੱਢਲੀ ਮੈਡੀਕਲ ਸਹਾਇਤਾ ਵਾਲਾ ਸਮਾਨ ਤਿਆਰ ਰੱਖੋ।

(ਖ) ਰਸਾਇਣਾਂ ਨੂੰ ਬੱਚਿਆਂ ਅਤੇ ਪਸ਼ੂਆਂ ਦੀ ਪਹੁੰਚ ਤੋਂ ਦੂਰ ਰੱਖੋ।

ਪਸ਼ੂ ਪਾਲਕ ਲਈ ਹੇਠ ਲਿਖੇ ਖਤਰੇ ਹੋ ਸਕਦੇ ਹਨ :

(ੳ) ਬਿਮਾਰੀਆਂ ਲੱਗਣ ਦਾ ਖਤਰਾ।

(ਅ) ਪਸ਼ੂਆਂ ਦੀ ਸਾਂਭ ਸੰਭਾਲ ਦੌਰਾਨ ਖਤਰੇ।

(ੲ) ਕੰਮ ਕਰਦੇ ਸਮੇਂ ਖਤਰੇ।

ਫਾਰਮ 'ਤੇ ਕੰਮ ਕਰਦੇ ਸਮੇਂ ਹੋਣ ਵਾਲੇ ਹਾਦਸੇ ਅਤੇ ਉਨ੍ਹਾਂ ਦਾ ਉਪਾਅ ਸਾਰਣੀ 5.6 ਵਿੱਚ ਦਿੱਤਾ ਜਾਂਦਾ ਹੈ।

**ਸਾਰਣੀ 5.6 : ਕੁੱਝ ਆਮ ਵਾਪਰਨ ਵਾਲੇ ਹਾਦਸੇ ਤੇ ਉਨ੍ਹਾਂ ਦੇ ਉਪਾਅ :**

| **ਹਾਦਸੇ ਜਾਂ ਮੁਸ਼ਕਿਲਾਂ** | **ਉਪਾਅ** |
|---|---|
| ਕੱਪੜਿਆਂ ਦਾ ਨੁਕਸਾਨ | ਅਰਾਮ ਦਾਇਕ ਕਪੜੇ ਪਹਿਨੋ ਜੋ ਜ਼ਿਆਦਾ ਖੁੱਲੇ ਜਾਂ ਢਿੱਲੇ ਨਾ ਹੋਣ। ਵਾਟਰ ਪਰੂਫ ਗਮ ਬੂਟ ਪਹਿਨੋ। |
| ਅੱਗ ਲੱਗਣ ਦਾ ਹਾਦਸਾ | ਸਿਰ ਨੂੰ ਢੱਕ ਕੇ ਰੱਖੋ। ਜਰਮਨਾਸ਼ਕ ਜਾਂ ਕੀਟਨਾਸ਼ਕ ਜਾਂ ਗਰਮ ਵਸੂਤਆਂ ਦੀ ਵਰਤੋਂ ਕਰਦੇ ਸਮੇਂ ਦਸਤਾਨੇ ਪਹਿਨੋ। |
| ਮਿੱਟੀ ਘੱਟੇ ਤੋਂ ਬਚਾਓ। | ਮਿੱਟੀ ਘੱਟੇ ਤੋਂ ਬਚਾਓ ਲਈ ਮਖੌਟਾ ਪਹਿਨੋ। |
| ਉਂਗਲਾਂ ਅਤੇ ਗੁਟ 'ਤੇ ਸੱਟ। | ਇਸ ਹਾਦਸੇ ਤੋਂ ਬਚਣ ਲਈ ਹੱਥਾਂ 'ਤੇ ਦਸਤਾਨੇ ਪਾਓ। |

3. **ਬਾਇਓਸੁੱਰਖਿਆ**

ਇਹ ਸੰਸਥਾਗਤ ਅਤੇ ਜਾਤੀ ਸੁਰੱਖਿਆ ਦੇ ਉਪਾਅ ਅਤੇ ਤਰੀਕੇ ਹਨ, ਜਿਨ੍ਹਾਂ ਦੁਆਰਾ ਜਿਵਾਣੂਆਂ ਦੀ ਚੋਰੀ ਜਾਂ ਦੁਰਵਰਤੋਂ ਜਾਂ ਜਾਣਬੁਝ ਕੇ ਇਨ੍ਹਾਂ ਨੂੰ ਵਾਤਾਵਰਣ ਵਿੱਚ ਛੱਡ ਦੇਣਾ ਆਦਿ ਘਟਨਾਵਾਂ ਦੀ ਰੋਕਥਾਮ ਕੀਤੀ ਜਾਂਦੀ ਹੈ। ਪਸ਼ੂਆਂ ਦੀਆਂ ਬਿਮਾਰੀਆਂ ਦੀ ਰੋਕਥਾਮ ਲਈ ਹੇਠ ਲਿਖੇ ਬਾਇਓਸੁਰੱਖਿਆ ਉਪਾਅ ਕਰਨੇ ਚਾਹੀਦੇ ਹਨ:

**1. ਡੇਅਰੀ ਫਾਰਮ ਵਿਚ ਪ੍ਰਵੇਸ਼ ਦੀ ਮਨਾਹੀ :** ਤਸਵੀਰ 4.5 ਵਿਚ ਦਿਖਾਏ ਅਨੁਸਾਰ ਡੇਅਰੀ ਫਾਰਮ ਤੇ ਚਾਰ-ਚੁਫੇਰੇ ਕੰਡੇਦਾਰ ਤਾਰ ਜਾਂ ਦੀਵਾਰ ਹੋਣੀ ਚਾਹੀਦੀ ਹੈ ਤਾਂ ਜੋ ਆਗਿਆ ਤੋਂ ਬਗੈਰ ਕੋਈ ਵਿਅਕਤੀ ਇਸ ਵਿੱਚ ਦਾਖਲ ਨਾ ਹੋ ਸਕੇ।




**ਤਸਵੀਰ 4.5 : ਡੇਅਰੀ ਫਾਰਮ ਵਿੱਚ ਦਾਖਲੇ ਦੀ ਮਨਾਹੀ**

**2. ਫੁੱਟ ਬਾਥ :** ਜਰਮਨਾਸ਼ਕ ਜਿਵੇਂ ਕਿ ਫਿਨੋਲ ਜਾਂ ਸਲੇਕ ਲਾਈਮ (ਚੂਨਾ) ਦਾ ਘੋਲ ਗੇਟ ਤੇ ਰੱਖ ਦਿੱਤਾ ਜਾਂਦਾ ਹੈ ਤਾਂ ਜੋ ਅੰਦਰ ਜਾਣ ਅਤੇ ਬਾਹਰ ਆਉਣ ਸਮੇਂ (ਤਸਵੀਰ 4.6) ਵਿਅਕਤੀ ਆਪਣੇ ਬੂਟ ਇਸ ਘੋਲ ਵਿੱਚ ਡਬੋ ਲਵੇ ਜਿਸ ਨਾਲ ਬਿਮਾਰੀ ਫਲਾਉਣ ਵਾਲੇ ਜਰਮਾਂ ਦਾ ਨਾਸ਼ ਹੋ ਜਾਂਦਾ ਹੈ।



**ਤਸਵੀਰ 4.6 : ਡੇਅਰੀ ਫਾਰਮ ਦੇ ਗੇਟ ਤੇ ਫੁੱਟ ਬਾਥ**

**3. ਜਾਤੀ ਸੁਰੱਖਿਆ ਲਈ ਸਾਜ਼ੋ ਸਮਾਨ :** ਪਸ਼ੂਆਂ ਦੀ ਦੇਖਭਾਲ ਕਰਦੇ ਸਮੇਂ ਜਾਂ ਇਲਾਜ ਕਰਨ ਸਮੇਂ ਪਸ਼ੂ ਪਾਲਕਾਂ ਅਤੇ ਵੈਟਨਰੀ ਡਾਕਟਰ ਨੂੰ ਐਪਰਲ (ਚਿੱਟਾ-ਕੋਟ), ਦਸਤਾਨੇ, ਮਖੋਟਾ ਅਤੇ ਸਿਰ ਤੇ ਟੋਪ ਅਤੇ ਗਮਬੂਟ ਦੀ ਵਰਤੋਂ ਆਪਣੀ ਹਿਫਾਜ਼ਤ ਲਈ ਕਰਨੀ ਚਾਹੀਦੀ ਹੈ। ਇਨ੍ਹਾਂ ਨੂੰ ਆਪਣੇ ਹੱਥਾਂ ਨੂੰ ਸਾਬਨ ਨਾਲ ਧੋਂਦੇ ਰਹਿਣਾ ਚਾਹੀਦਾ ਹੈ।

**4. ਡੇਅਰੀ ਫਾਰਮ ਦੀ ਸਫ਼ਾਈ ਅਤੇ ਕਿਟਾਣੂ ਰਹਿਤ ਕਰਨਾ :** ਇਸ ਮੰਤਵ ਲਈ ਹੇਠ ਲਿਖੇ ਉਪਾਅ ਕਰਨੇ ਚਾਹੀਦੇ ਹਨ :

(ੳ) ਡੇਅਰੀ ਫਾਰਮ ਵਿੱਚੋਂ ਜੋ ਵਿਛਾਉਣਾ/ਸੁੱਕ, ਪਸ਼ੂਆਂ ਹੇਠ ਰਾਤ ਨੂੰ ਖਲਾਰੀ ਜਾਂਦੀ ਹੈ ਅਗਲੀ ਸਵੇਰ ਇਸਨੂੰ ਇਕੱਠਾ ਕਰਕੇ ਰੂੜੀ 'ਤੇ ਸੁੱਟਿਆ ਜਾਵੇ ਅਤੇ ਤਸਵੀਰ 4.7 ਵਿੱਚ ਜਿਵੇਂ ਦਰਸਾਇਆ ਗਿਆ ਹੈ ਡੇਅਰੀ ਫਾਰਮ ਦੀ ਸਫ਼ਾਈ ਕੀਤੀ ਜਾਵੇ।



**ਤਸਵੀਰ 4.7 : ਪਸ਼ੂਆਂ ਦੇ ਵਾੜੇ ਨੂੰ ਸਾਫ ਕਰਦੇ ਕਾਮੇ**

(ਅ) ਫਰਸ਼ ਅਤੇ ਕੰਧਾਂ 'ਤੇ ਚਿਪਕੀ ਗੰਦਗੀ ਨੂੰ ਪੋਚੇ ਨਾਲ ਲਾਹ ਕੇ ਸਾਫ ਕਰੋ।

(ੲ) ਇਸ ਉਪਰੰਤ ਫਰਸ਼ ਅਤੇ ਕੰਧਾਂ ਨੂੰ ਸਾਬਨ ਅਤੇ ਪਾਣੀ ਨਾਲ ਗਿੱਲਾ ਕਰੋ।

(ਸ) ਇਸ ਤੋਂ ਬਾਅਦ ਮੈਲੇ ਪਾਣੀ ਨੂੰ ਬਾਹਰ ਕੱਢ ਕੇ ਸਾਫ ਕਰੋ (ਤਸਵੀਰ 4.8)



**ਤਸਵੀਰ 4.8 : ਪਾਣੀ ਨਾਲ ਸ਼ੈਡ ਦੀ ਸਫਾਈ ਕਰਦਾ ਇਕ ਕਾਮਾ**

(ਹ) ਫਿਨੋਲ ਜਾਂ ਬਲੀਚਿੰਗ ਪਾਊਡਰ ਨਾਲ ਫਰਸ਼ 'ਤੇ ਸਪਰੇ ਕਰੋ।

(ਕ) ਸਾਜੋ ਸਮਾਨ ਜਿਵੇਂ ਕਿ ਪਾਣੀ ਵਾਲੇ ਟੱਬ, ਬਾਲਟੀ, ਖੁਰਲੀਆਂ ਨੂੰ ਸਾਫ ਕਰੋ।

(ਖ) ਬਿਮਾਰੀ ਫੈਲਣ ਦੀ ਸੂਰਤ ਵਿੱਚ ਸ਼ੈਡ ਨੂੰ ਫਾਰਮਲੀਨ ਅਤੇ ਪੋਟਾਸ਼ੀਅਮ ਪ੍ਰਮੈਂਗਨੇਟ ਦੀ ਧੂਣੀ ਦੇ ਕੇ ਜ਼ਰਮ ਰਹਿਤ ਕਰੋ।


(ਸ) ਮਲਮੂਤਰ ਅਤੇ ਹੋਰ ਫੋਕਟ ਪਦਾਰਥ ਜਿਵੇਂ ਕਿ ਬੇਹੇ ਪੱਠੇ, ਕੂੜਾਕਰਕਟ ਨੂੰ ਸਾੜ ਕੇ ਜਾਂ ਦਬਾ ਕੇ ਨਸ਼ਟ ਕਰੋ।

**ਮੁਰਦੇ ਪਸ਼ੂ ਦਾ ਨਿਕਾਸ/ਦਬਾਉਣਾ**

ਡੇਅਰੀ ਧੰਦੇ ਵਿਚ ਪਸ਼ੂ ਦੀ ਮੌਤ ਹੋਣਾ ਇਕ ਆਮ ਗੱਲ ਹੈ। ਡੇਅਰੀ ਫਾਰਮ ਨੂੰ ਸਾਫ ਰੱਖਣ ਅਤੇ ਪਸ਼ੂਆਂ ਦੀ ਸਿਹਤ ਵੱਲ ਉਚੇਚਾ ਧਿਆਨ ਦੇਣ ਦੇ ਬਾਵਜੂਦ ਕੁਝ ਡੰਗਰ ਬਿਮਾਰੀ ਨਾਲ ਮਰ ਜਾਂਦੇ ਹਨ। ਕੁਦਰਤੀ ਆਫਤਾਂ ਜਿਵੇਂ ਕਿ ਹੜ੍ਹ, ਗਰਮੀ, ਸਰਦੀ ਅਤੇ ਕਾਲ ਪੈਣ ਕਾਰਨ ਅਨੇਕਾਂ ਡੰਗਰਾਂ ਦੀ ਮੌਤ ਹੋ ਸਕਦੀ ਹੈ। ਜਹਿਰੀਲੇ ਰਸਾਇਣਾਂ ਨਾਲ਼ ਵੀ ਡੰਗਰ ਦੀ ਮੌਤ ਹੋ ਸਕਦੀ ਹੈ। ਮੁਰਦਾ ਪਸ਼ੂ ਅਤੇ ਜੇਰ ਵਗੈਰਾ ਕਾਰਨ, ਬਾਇਓਸੁਰੱਖਿਆ ਅਤੇ ਵਾਤਾਵਰਣ ਲਈ ਖਤਰਾ ਹੋ ਸਕਦੇ ਹਨ। ਬੈਕਟੀਰੀਆ ਅਤੇ ਇੰਨਜ਼ਾਈਮ ਦੇ ਕਾਰਨ ਮੁਰਦਾ ਪਸ਼ੂ ਦੀ ਲਾਸ਼ ਗਲਣ ਸੜਨ ਤੋਂ ਕਈ ਪ੍ਰਕਾਰ ਦੀਆਂ ਗੈਸਾਂ, ਤਰਲ ਅਤੇ ਲੂਣ ਉਤਪੰਨ ਹੁੰਦੇ ਹਨ। ਇਸ ਲਈ ਇਨ੍ਹਾਂ ਨੂੰ ਸਹੀ ਤਰੀਕੇ ਨਾਲ ਨਸ਼ਟ ਕਰਨਾ ਜ਼ਰੂਰੀ ਹੈ ਤਾਂ ਜੋ ਮਿੱਟੀ ਅਤੇ ਪਾਣੀ ਘੱਟ ਤੋਂ ਘੱਟ ਪ੍ਰਦੂਸ਼ਤ ਹੋਣ ਅਤੇ ਬਿਮਾਰੀ ਫੈਲਣ ’ਤੇ ਜੰਗਲੀ ਜਾਨਵਰਾਂ ਲਈ ਖਿੱਚ ਦਾ ਖਤਰਾ ਘੱਟ ਤੋਂ ਘੱਟ ਹੋਵੇ।

**1. ਮੁਰਦਾ ਪਸ਼ੂ ਨੂੰ ਖਪਾਉਣ ਦੇ ਤਰੀਕੇ**

ਕਈ ਪ੍ਰਕਾਰ ਦੇ ਅਜਿਹੇ ਢੰਗ ਤਸਵੀਰ 4.9 ਵਿੱਚ ਦਰਸਾਏ ਜਾਂਦੇ ਹਨ :




**ਤਸਵੀਰ 4.9 : ਮੁਰਦਾ ਪਸ਼ੂ ਨੂੰ ਨਸ਼ਟ ਕਰਨ ਦੇ ਢੰਗ**

ਇਨ੍ਹਾਂ ਤਰੀਕਿਆਂ ਵਿੱਚੋਂ ਮਿੱਟੀ ਵਿੱਚ ਦਬਾ ਕੇ ਜਾਂ ਖੁੱਲੀ ਹਵਾ ਵਿਚ ਜਲਾ ਕੇ ਮੁਰਦਾ ਸਰੀਰ ਨੂੰ ਖਤਮ ਕੀਤਾ ਜਾਂਦਾ ਹੈ।

**(ੳ) ਦਬਾਉਣਾ :** ਮੁਰਦਾ ਸਰੀਰ ਨੂੰ ਇਕ ਟੋਆ ਪੁਟ ਕੇ ਉਸ ਵਿੱਚ ਮਿੱਟੀ ਪਾ ਕੇ ਦਬਾ ਦਿੱਤਾ ਜਾਂਦਾ ਹੈ। ਸਸਤਾ, ਵਾਤਾਵਰਣ ਪੱਖ ਤੋਂ ਸੁਰੱਖਿਅਤ ਅਤੇ ਅਸਾਨ ਹੋਣ ਕਾਰਨ ਆਮ ਤੌਰ 'ਤੇ ਇਸ ਤਰੀਕੇ ਦੀ ਵਰਤੋਂ ਕੀਤੀ ਜਾਂਦੀ ਹੈ। ਬਹੁਤ ਸਾਰੇ ਮੁਰਦਾ ਡੰਗਰਾਂ ਦੇ ਸਰੀਰ ਨੂੰ ਨਸ਼ਟ ਕਰਨਾ ਅਸਾਨ ਰਹਿੰਦਾ ਹੈ। ਜਦ ਛੂਤ ਦੇ ਰੋਗ ਕਾਰਨ ਪਸ਼ੂ ਦੀ ਮੌਤ ਹੋਈ ਹੋਵੇ ਤਾਂ ਇਸ ਢੰਗ ਨੂੰ ਤਰਜੀਹ ਦਿੱਤੀ ਜਾਂਦੀ ਹੈ। ਨਦੀ, ਨਹਿਰ, ਤਲਾਬ ਆਦਿ ਪਾਣੀ ਦੇ ਸੋਮੇ ਤੋਂ ਇਹ ਜਗ੍ਹਾ/ਟੋਆ ਘੱਟੋ ਘੱਟ 100 ਮੀਟਰ ਦੂਰ ਹੋਣਾ ਚਾਹੀਦਾ ਹੈ। ਮੁਰਦਾ ਸਰੀਰ ਉੱਪਰ ਘੱਟੋ ਘੱਟ 2 ਫੁੱਟ ਮਿੱਟੀ ਦੀ ਪਰਤ ਹੋਣੀ ਚਾਹੀਦੀ ਹੈ।

**(ਅ) ਜਲਾਉਣਾ :** ਮੁਰਦਾ ਪਸ਼ੂ ਨੂੰ ਜਲਾਉਣ ਦੇ ਤਿੰਨ ਤਰੀਕੇ ਹਨ ਜਿਵੇਂ ਕਿ ਖੁੱਲੀ ਹਵਾ ਵਿਚ ਜਲਾਉਣਾ, ਜਿਵਾਣੂਆਂ ਦੁਆਰਾ ਸਰੀਰ ਨੂੰ ਗਾਲ ਦੇਣਾ ਅਤੇ ਕਿਸੇ ਬੰਦ ਚੈਂਬਰ ਵਿੱਚ ਜਲਾਉਣਾ। ਖੁੱਲੀ ਹਵਾ ਵਿੱਚ ਜਲਾਉਣ ਲਈ ਲੱਕੜ, ਘਾਹ ਫੂਸ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਜੋ ਮੁਰਦਾ ਸਰੀਰ ਨੂੰ ਜਲਾ ਕੇ ਰਾਖ ਕਰ ਦਿੱਤਾ ਜਾਵੇ। ਇਸ ਤਰ੍ਹਾਂ ਦੀ ਅੱਗ ਵਿੱਚੋਂ ਨਿਕਲੇ ਧੂਏਂ ਵਿੱਚ ਕਾਲਖ ਦੇ ਕਿਣਕੇ ਹੁੰਦੇ ਹਨ ਅਤੇ ਅਰਧ ਜਲੇ ਸਰੀਰ ਵਿਚੋਂ ਸੜਾਂਦ ਆਉਣ ਲੱਗ ਪੈਂਦੀ ਹੈ। ਚਰਬੀ ਭਰਪੂਰ ਪਸ਼ੂ ਜਿਵੇਂ ਕਿ ਸੂਰ ਬੜੀ ਅਸਾਨੀ ਨਾਲ ਘੱਟ ਈਂਧਨ ਨਾਲ ਜਲ ਜਾਂਦੇ ਹਨ। ਦੂਸਰੇ ਢੰਗਾਂ ਦੀ ਬਹੁਤ ਘੱਟ ਵਰਤੋਂ ਕੀਤੀ ਜਾਂਦੀ ਹੈ। ਅਜਿਹੇ ਬੰਦ ਚੈਂਬਰ ਨੂੰ ਅੰਗੀਠਾ ਵੀ ਕਿਹਾ ਜਾਂਦਾ ਹੈ।

**(ੲ) ਕੰਪੋਸਟਿੰਗ :** ਆਰਗੈਨਿਕ ਪਦਾਰਥਾਂ ਦੇ ਖਾਸ ਹਾਲਤਾਂ ਵਿਚ ਗਲਣ ਨੂੰ ਕੰਪੋਸਟਿੰਗ ਕਿਹਾ ਜਾਂਦਾ ਹੈ। ਇਸ ਤਰੀਕੇ ਵਿੱਚ ਖੁੱਲੀ ਹਵਾ ਵਿਚ ਜਿਵਾਣੂਆਂ ਦੁਆਰਾ ਮੁਰਦਾ ਸਰੀਰ ਨੂੰ ਗਾਲ/ਖਤਮ ਕਰ ਦਿੱਤਾ ਜਾਂਦਾ ਹੈ। ਇਸ ਕਿਰਿਆ ਦੇ ਸਿੱਟੇ ਵਜੋਂ ਕਾਰਬਨਡਾਈਆਕਸਾਈਡ, ਨਮੀਂ, ਗਰਮੀ ਅਤੇ ਖਾਦ ਉਤਪੰਨ ਹੁੰਦੇ ਹਨ। ਇਹ ਤਰੀਕਾ ਵਾਤਾਵਰਣ ਲਈ ਸਭ ਤੋਂ ਢੁੱਕਵਾਂ ਮੰਨਿਆ ਜਾਂਦਾ ਹੈ ਕਿਉਂਕਿ ਇਸ ਤੋਂ ਉਤਪੰਨ ਹੋਈ ਖਾਦ ਵਰਤੋਂ ਯੋਗ ਹੁੰਦੀ ਹੈ।

**(ਸ) ਜਲਾਉਣ ਉਪਰੰਤ ਵਰਤੋਂ ਯੋਗ ਉਤਪਾਦ ਤਿਆਰ ਕਰਨਾ (Rendering) :** ਇਸ ਤਰੀਕੇ ਦੁਆਰਾ ਮੁਰਦਾ ਸਰੀਰ ਨੂੰ ਇਕ ਖਾਸ ਪਰੈਸ਼ਰ ਅਧੀਨ 240-290 ਡਿਗਰੀ ਫਾਰਨਹੀਟ ਤਾਪਮਾਨ 'ਤੇ ਜਲਾਇਆ ਜਾਂਦਾ ਹੈ ਤਾਂ ਜੋ ਹਾਨੀਕਾਰਕ ਜਿਵਾਣੂ ਖਤਮ ਹੋ ਜਾਣ। ਇਹ ਵਾਤਾਵਰਣ ਪ੍ਰੇਮੀ ਤਰੀਕਾ ਹੈ ਕਿਉਂਕਿ ਇਸ ਦੁਆਰਾ ਪਸ਼ੂ ਦੀ ਪ੍ਰੋਟੀਨ ਤੋਂ ਵਰਤੋਂ ਯੋਗ ਉਤਪਾਦ ਜਿਵੇਂ ਕਿ ਮੀਟ ਜਾਂ ਬੋਨ ਮੀਲ ਤਿਆਰ ਕੀਤੇ ਜਾਂਦੇ ਹਨ।

**(ਹ) ਖਮੀਰੀਕਰਣ :** ਇਸ ਵਿਧੀ ਵਿਚ ਹਵਾ ਰਹਿਤ ਜਿਵਾਣੂਆਂ ਦੁਆਰਾ ਹਵਾ ਰਹਿਤ ਹਾਲਤਾਂ ਵਿੱਚ ਸਰੀਰ ਨੂੰ ਗਾਲਿਆ ਜਾਂਦਾ ਹੈ। ਇਸ ਤਰੀਕੇ ਨਾਲ ਮੁਰਦਾ ਸਰੀਰ ਤੋਂ ਬਾਇਓਗੈਸ ਉਤਪੰਨ ਕੀਤੀ ਜਾ ਸਕਦੀ ਹੈ। ਇਸ ਵਿਧੀ ਨਾਲ ਜਿਵਾਣੂ ਖਤਮ ਨਹੀਂ ਹੁੰਦੇ।

**(ਕ) ਅਲਕਲੀ ਦੁਆਰਾ ਹਾਈਡਰੋਲਿਸਸ :** ਮੁਰਦਾ ਸਰੀਰ ਨੂੰ ਗਾਲਣ/ਨਸ਼ਟ ਕਰਨ ਦੀ ਇਹ ਨਵੀਂ ਵਿਧੀ ਹੈ। ਮੁਰਦਾ ਸਰੀਰ ਨੂੰ ਇਸ ਤਰ੍ਹਾਂ ਗਾਲਣ ਉਪਰੰਤ ਹੱਡੀਆਂ ਅਤੇ ਦੰਦਾਂ ਤੋਂ ਖਣਿਜ ਪਦਾਰਥ ਉਤਪੰਨ ਹੁੰਦੇ ਹਨ। ਹੱਡੀਆਂ ਦੀ ਰਹਿੰਦ-ਖੂੰਹਦ ਤੋਂ ਕੈਲਸ਼ੀਅਮ ਫਾਸਫੇਟ (sterile bone meal) ਬਣ ਸਕਦਾ ਹੈ। ਇਸ ਵਿਧੀ ਲਈ ਖਾਸ ਤਰ੍ਹਾਂ ਦੇ ਸਾਜੋ ਸਮਾਨ ਦੀ ਲੋੜ ਪੈਂਦੀ ਹੈ ਜਿਸ ਨੂੰ 150° ਸੈਂਟੀਗਰੇਡ 'ਤੇ ਤਿੰਨ ਘੰਟਿਆਂ ਲਈ ਚਲਾਇਆ ਜਾ ਸਕੇ।

## ਮੁਲਾਂਕਣ

**(ੳ) ਬਹੁ-ਉਤਰੀ ਪ੍ਰਸ਼ਨ**

1. ਬਲੀਚਿੰਗ ਪਾਊਡਰ ਇਕ
   - (ੳ) ਜਰਮਨਾਸ਼ਕ ਹੈ
   - (ਅ) ਐਂਟੀਬਾਇਓਟਿਕ ਹੈ
   - (ੲ) ਐਂਟੀਸੈਪਟਿਕ ਹੈ
   - (ਸ) ਸਾਬਨ ਹੈ
2. ਡੇਅਰੀ ਫਾਰਮ ਨੂੰ ਸਾਫ ਕਰਨ ਅਤੇ ਜਰਮ ਰਹਿਤ ਕਰਨ ਦੇ ਤਰੀਕੇ ਹਨ
   - (ੳ) ਰਗੜ ਕੇ ਗੰਦਗੀ ਲਾਹਉਣੀ
   - (ਅ) ਸਾਬਨ ਅਤੇ ਪਾਣੀ ਨਾਲ ਧੋ ਕੇ ਸਫਾਈ ਕਰਨੀ
   - (ੲ) ਜਰਮ ਨਾਸ਼ਕ/ਕਿਰਮ ਨਾਸ਼ਕ ਦੀ ਸਪਰੇ ਕਰਨੀ
   - (ਸ) ਇਹ ਸਾਰੇ
3. ਮੁਰਦਾ ਪਸ਼ੂ ਦੇ ਸਰੀਰ ਨੂੰ ਨਸ਼ਟ ਕਰਨ ਦੇ ਤਰੀਕੇ
   - (ੳ) ਦਬਾਉਣਾ
   - (ਅ) ਜਲਾਉਣਾ
   - (ੲ) ਬੰਦ ਚੈਂਬਰ ਵਿੱਚ ਜਲਾਉਣਾ
   - (ਸ) ਇਹ ਸਾਰੇ ਢੰਗ
4. ਮੁਰਦਾ ਡੰਗਰ ਦਾ ਸਰੀਰ ਨਸ਼ਟ ਕਰਨ ਵੇਲੇ ਹੇਠ ਲਿਖੇ ਨੁਕਤਿਆਂ 'ਤੇ ਅਮਲ ਕਰੋ :
   - (ੳ) ਜਾਤੀ ਸੁਰੱਖਿਆ ਦੇਣ ਵਾਲੀਆਂ ਵਸਤਾਂ ਪਹਿਨੋ
   - (ਅ) ਮੁਰਦਾ ਪਸ਼ੂ ਦੇ ਖੂਨ ਨੂੰ ਹੱਥ ਨਾ ਲਾਓ।
   - (ੲ) ਮੁਰਦਾ ਪਸ਼ੂ ਦੇ ਕਿਰਮਾਂ/ਪਨਜੀਵਾਂ ਨੂੰ ਨਾ ਛੂਹੋ।
   - (ਸ) ਇਹ ਸਾਰੇ।
5. ਬਾਇਓਸੁਰੱਖਿਆ ਤੋਂ ਭਾਵ ਹੈ
   - (ੳ) ਡੇਅਰੀ ਫਾਰਮ ਦੀ ਸੁਰੱਖਿਅਤਾ (ਸੁਰੱਖਿਆ)
   - (ਅ) ਜਾਤੀ ਸੁਰੱਖਿਅਤਾ (ਸੁਰੱਖਿਆ)
   - (ੲ) ਜਰਮਾਂ ਦੀ ਖੁੱਲੀ ਹਵਾ ਵਿਚ ਪ੍ਰਵੇਸ਼ ਕਰਨ ਦੀ ਰੋਕਥਾਮ
   - (ਸ) ਇਹ ਸਾਰੇ

**(ਅ) ਖਾਲੀ ਥਾਂ ਢੁੱਕਵਾਂ ਸ਼ਬਦ ਲਿਖੋ**

1. .......... ਇਕ ਸੰਸਥਾਗਤ ਅਤੇ ਜਾਤੀ ਸੁਰੱਖਿਆ ਦੇ ਅਜਿਹੇ ਤਰੀਕੇ ਹਨ ਤਾਂ ਜੋ ਖਤਰਨਾਕ ਜਰਮ ਹਵਾ ਵਿਚ ਫੈਲ ਕੇ ਵਾਤਾਵਰਨ ਨੂੰ ਪ੍ਰਦੂਸ਼ਤ ਨਾ ਕਰਨ।
2. ਮੁਰਦੇ ਪਸ਼ੂ ਨੂੰ ਮਿੱਟੀ ਵਿੱਚ ਦਬਾਉਣ ਵਾਲੀ ਜਗ੍ਹਾ, ਨਦੀਆਂ, ਨਹਿਰਾਂ ਅਤੇ ਤਲਾਬ ਤੋਂ ਘੱਟੋ ਘੱਟ....ਮੀਟਰ ਦੂਰ ਹੋਣੀ ਚਾਹੀਦੀ ਹੈ।
3. ..........ਇਕ ਅਜਿਹਾ ਚੈਂਬਰ ਹੈ ਜੋ ਕੁਦਰਤੀ ਗੈਸ ਦੁਆਰਾ ਜਾਂ ਬਿਜਲੀ ਨਾਲ ਡੰਗਰਾਂ ਦੇ ਮੁਰਦਾ ਸਰੀਰ ਨੂੰ ਜਲਾਉਣ ਲਈ ਗਰਮ ਕੀਤਾ ਜਾਂਦਾ ਹੈ।
4. ...........ਇਕ ਅਜਿਹਾ ਤਰੀਕਾ ਹੈ ਜਿਸ ਵਿੱਚ ਖਾਸ ਪ੍ਰੈਸ਼ਰ ਅਧੀਨ ਮੁਰਦੇ ਸਰੀਰ ਨੂੰ ਮਕੈਨੀਕਲ ਅਤੇ ਥਰਮਲ ਟਰੀਟਮੈਂਟ ਦਿੱਤਾ ਜਾਂਦਾ ਹੈ।
5. ..........ਇਸ ਤਰੀਕੇ ਵਿੱਚ ਮੁਰਦਾ ਪਸ਼ੂ ਨੂੰ ਟੋਆ ਪੁੱਟ ਕੇ ਮਿੱਟੀ ਅਤੇ ਚੂਨੇ ਨਾਲ ਢੱਕ ਦਿੱਤਾ ਜਾਂਦਾ ਹੈ।

**(ੲ) ਸਹੀ ਜਾਂ ਗਲਤ ਕਥਨ ਦੱਸੋ।**

1. ਮੁਰਦਾ ਸਰੀਰ ਨੂੰ ਅੱਗ ਨਾਲ ਜਲਾਉਣਾ ਇਕ ਸਸਤਾ ਢੰਗ ਹੈ।
2. ਬਿਮਾਰੀ ਫ਼ੈਲਣ ਤੋਂ ਰੋਕਣ ਲਈ ਡੇਅਰੀ ਫ਼ਾਰਮ ਦੇ ਗੇਟ ’ਤੇ ਇੱਕ ਫੁੱਟ ਬਾਥ (ਪੈਰ ਡੋਬਣ ਲਈ) ਜ਼ਰੂਰ ਰੱਖੋ।
3. ਡੇਅਰੀ ਫ਼ਾਰਮ ਦਾ ਵੱਧ ਤੋਂ ਵੱਧ ਵਿਅਕਤੀਆਂ ਨੂੰ ਦੌਰਾ ਕਰਨਾ ਚਾਹੀਦਾ ਹੈ।
4. ਡੇਅਰੀ ਫਾਰਮ ’ਤੇ ਕੰਡੇਦਾਰ ਤਾਰ ਅਤੇ ਦਰਵਾਜ਼ਾ ਸੁਰੱਖਿਆ ਲਈ ਨਹੀਂ ਹੋਣੇ ਚਾਹੀਦੇ।
5. ਡੇਅਰੀ ਫਾਰਮ ਵਿਚ ਫਾਰਮਲੀਨ ਅਤੇ ਪੋਟਾਸ਼ੀਅਮ ਪ੍ਰਮੈਂਗਨੇਟ ਦੀ ਧੂਣੀ ਦੇਣੀ ਚਾਹੀਦੀ ਹੈ।

**ਉੱਤਰ :**

| (ੳ) ਬਹੁ-ਉਤਰੀ ਪ੍ਰਸ਼ਨ | ਅ) ਖਾਲੀ ਥਾਂ ਭਰੋ | ੲ) ਸਹੀ ਜਾਂ ਗਲਤ |
|---|---|---|
| 1. (ੳ) | 1. ਬਾਇਓਸੁਰੱਖਿਆ | 1. ਗਲਤ |
| 2. (ਸ) | 2. 100 | 2. ਸਹੀ |
| 3. (ਸ) | 3. ਅੰਗੀਠਾ | 3. ਗਲਤ |
| 4. (ਸ) | 4. ਰੈਂਡਰਿੰਗ | 4. ਗਲਤ |
| 5. (ੲ) | 5. ਦਬਾਉਣਾ | 5. ਸਹੀ |

## ਸੈਸ਼ਨ 2 : ਡੇਅਰੀ ਫਾਰਮ ਵਿੱਚੋਂ ਉਪਜੇ ਮਲਮੂਤਰ ਦਾ ਨਿਕਾਸ

**(i) ਗੋਬਰ ਨੂੰ ਇਕੱਠਾ ਕਰਨਾ ਅਤੇ ਧੋਣਾ :**

ਬਿਮਾਰੀਆਂ ਫਲਾਉਣ ਵਾਲੇ ਅਨੇਕਾਂ ਜਿਵਾਣੂ ਅਤੇ ਕੀੜੇ-ਮਕੌੜੇ ਗੋਬਰ 'ਤੇ ਹੀ ਪਨਪਦੇ ਹਨ। ਡੇਅਰੀ ਫਾਰਮ ਦੀ ਚੰਗੀ ਸੰਭਾਲ ਲਈ ਪਸ਼ੂਆਂ ਦੇ ਸ਼ੈਡ ਵਿੱਚੋਂ ਹਰ ਰੋਜ਼ ਦੋ ਵਾਰ ਗੋਹਾ ਇਕੱਠਾ ਕਰਕੇ ਬਾਹਰ ਕੱਢਣ ਉਪਰੰਤ ਫਰਸ਼ ਨੂੰ ਧੋਣਾ ਚਾਹੀਦਾ ਹੈ। ਸਫਾਈ ਕਰਨ ਦੇ ਇਕ ਹੋਰ ਤਰੀਕੇ ਅਨੁਸਾਰ ਗੋਹੇ ਅਤੇ ਮਲਮੂਤਰ ਨੂੰ ਪਾਈਪ ਰਾਹੀਂ ਪ੍ਰੈਸ਼ਰ ਵਾਲੇ ਪਾਣੀ ਨਾਲ ਸ਼ੈਡ ਵਿਚੋਂ ਬਾਹਰ ਕੱਢ ਦਿੱਤਾ ਜਾਂਦਾ ਹੈ।

ਗੋਹੇ ਅਤੇ ਮਲਮੂਤਰ ਨੂੰ ਰੂੜੀ ਵਾਲੇ ਟੋਏ ਵਿੱਚ ਸੁੱਟ ਦਿੱਤਾ ਜਾਂਦਾ ਹੈ। ਖਾਸ ਕਿਸਮ ਦੇ ਕਿਟਾਣੂ ਇਸ ਗੋਬਰ ਅਤੇ ਕੂੜੇ ਕਰਕਟ ਨੂੰ ਕੁਝ ਮਹੀਨਿਆਂ ਵਿੱਚ ਖਾਦ ਵਿਚ ਤਬਦੀਲ ਕਰ ਦਿੰਦੇ ਹਨ। ਰਹਾਇਸ਼ੀ ਮਕਾਨਾਂ ਅਤੇ ਪਸ਼ੂਆਂ ਵਾਲੇ ਸ਼ੈਡ ਤੋਂ ਰੂੜੀ ਦਾ ਟੋਆ 100 ਮੀਟਰ ਦੂਰ ਹੋਣਾ ਚਾਹੀਦਾ ਹੈ। ਜੇਕਰ ਇਹ ਟੋਆ ਦੂਰ ਹੋਵੇਗਾ ਤਾਂ ਬਦਬੂ ਅਤੇ ਮੱਖੀ ਮੱਛਰ ਤੋਂ ਬਚਾਅ ਰਹੇਗਾ ਕਿਉਂਕਿ ਮੱਖੀ ਮੱਛਰ ਅਤੇ ਕਈ ਪ੍ਰਕਾਰ ਦੇ ਕੀਟ ਰੂੜੀ ਦੀ ਖਾਦ 'ਤੇ ਹੀ ਵੱਧਦੇ ਫੁਲਦੇ ਹਨ। ਡੇਅਰੀ ਫਾਰਮ ਤੋਂ ਰੂੜੀ ਵਾਲੇ ਟੋਏ ਤੱਕ ਅਰਾਮ ਨਾਲ ਪਹੁੰਚ ਕੀਤੀ ਜਾ ਸਕਦੀ ਹੋਵੇ। ਧਿਆਨ ਰਹੇ, ਰੂੜੀ ਦਾ ਟੋਆ ਪੀਣ ਵਾਲੇ ਪਾਣੀ ਤੋਂ ਵੀ ਦੂਰ ਹੋਣਾ ਚਾਹੀਦਾ ਹੈ। ਬਾਰਸ਼ ਤੋਂ ਬਚਾਉਣ ਲਈ ਇਸ ਉੱਪਰ ਛੱਤ ਜ਼ਰੂਰ ਹੋਣੀ ਚਾਹੀਦੀ ਹੈ।

ਸ਼ੈਡ ਦੀ ਲੰਬਾਈ ਦੇ ਰੁਖ ਇੱਕ ਨਾਲੀ ਹੋਣੀ ਚਾਹੀਦੀ ਹੈ ਜਿਸ ਦੁਆਰਾ ਮਲਮੂਤਰ ਅਤੇ ਗੰਦਾ ਪਾਣੀ ਬਾਹਰ ਨਿਕਲ ਸਕੇ। ਛੋਟੀਆਂ ਖਾਲ਼ੀਆਂ, ਇਸ ਵੱਡੀ ਖਾਲੀ ਨਾਲ਼ ਜੁੜੀਆਂ ਹੋਣ ਤਾਂ ਜੋ ਸਾਰੇ ਸ਼ੈਡ ਵਿੱਚੋਂ ਗੰਦਾ ਪਾਣੀ ਅਸਾਨੀ ਨਾਲ਼ ਬਾਹਰ ਨਿਕਲ ਸਕੇ। ਅਜਿਹਾ ਪਾਣੀ ਜਾਂ ਤਾਂ ਰੂੜੀ ਵਾਲੇ ਟੋਏ ਵਿੱਚ ਜਾਵੇ ਜਾਂ ਪਾਣੀ ਨੂੰ ਸਾਫ ਕਰਨ ਵਾਲੇ ਯੰਤਰ ਕੋਲ ਜਾਵੇ ਜਿੱਥੇ ਸਾਫ ਕਰਨ ਉਪਰੰਤ ਇਸਦੀ ਖੇਤੀ ਲਈ ਦੁਬਾਰਾ ਵਰਤੋਂ ਕੀਤੀ ਜਾ ਸਕੇ।

**(ii) ਰੂੜੀ ਦੀ ਖਾਦ ਦੀ ਨਿਕਾਸੀ/ਵਰਤੋਂ :**

ਪਸ਼ੂਆਂ ਦੇ ਗੋਬਰ ਅਤੇ ਮਲਮੂਤਰ ਦੀ ਕਈ ਢੰਗਾਂ ਨਾਲ ਵਰਤੋਂ ਕੀਤੀ ਜਾ ਸਕਦੀ ਹੈ, ਜਿਵੇਂ ਤਸਵੀਰ 4.10 ਵਿਚ ਦਰਸਾਇਆ ਗਿਆ ਹੈ।




**ਤਸਵੀਰ 4.10 : ਰੂੜੀ ਦੀ ਵਰਤੋਂ ਦੇ ਵੱਖ-ਵੱਖ ਤਰੀਕੇ**

### ੳ) ਗੋਬਰ ਦੀ ਵਰਤੋਂ

ਪਸ਼ੂਆਂ ਦੇ ਗੋਬਰ ਅਤੇ ਮਲਮੂਤਰ (ਕੂੜਾ ਕਰਕਟ) ਦੀ ਨਿਕਾਸੀ ਅਤੇ ਵਰਤੋਂ (ਸਾਂਭ-ਸੰਭਾਲ) ਦੇ ਕਈ ਤਰੀਕੇ ਹਨ ਜਿਨ੍ਹਾਂ ਦੁਆਰਾ ਇਸ ਖਾਦ ਨੂੰ ਮਿੱਟੀ ਵਿੱਚ ਮਿਲਾਇਆ ਜਾ ਸਕਦਾ ਹੈ। ਖੇਤੀ ਵਿੱਚ ਇਸ ਦੀ ਵਰਤੋਂ ਹੇਠ ਲਿਖੇ ਤਰੀਕਿਆਂ ਨਾਲ ਕੀਤੀ ਜਾਂਦੀ ਹੈ।

1. ਰੂੜੀ ਦੀ ਖਾਦ ਦੇ ਰੂਪ ਵਿੱਚ
2. ਕੰਪੋਸਟ ਖਾਦ ਦੇ ਰੂਪ ਵਿੱਚ
3. ਗੰਡੋਆ ਦੀ ਖਾਦ ਦੇ ਰੂਪ ਵਿੱਚ
4. ਬਾਇਓਗੈਸ ਪਲਾਂਟ ਵਿੱਚ ਇਸ ਦੀ ਵਰਤੋਂ ਗੈਸ ਅਤੇ ਤਰਲ ਖਾਦ ਬਣਾਉਣ ਲਈ ਕੀਤੀ ਜਾਂਦੀ ਹੈ।
5. ਆਰਗੈਨਿਕ ਮੱਲਚ ਜਾਂ ਮਲੜ ਦੇ ਤੌਰ ਤੇ ਇਸਦੀ ਵਰਤੋਂ ਬਾਰਸ਼ ਅਤੇ ਪਾਣੀ ਦੇ ਤੇਜ਼ ਵਹਾਅ ਦੇ ਕਾਰਨ ਭੂਮੀ ਨੂੰ ਖੁਰਨ ਤੋਂ ਬਚਾਉਣ ਲਈ ਕੀਤੀ ਜਾਂਦੀ ਹੈ।

**1. ਰੂੜੀ ਦੀ ਖਾਦ :** ਇਹ ਖਾਦ ਗੋਬਰ, ਮੂਤਰ, ਬੇਕਾਰ ਚਾਰੇ ਦੇ ਗਲਣ ਸੜਨ ਤੋਂ ਉਤਪੰਨ ਹੁੰਦੀ ਹੈ। ਚੰਗੀ ਤਰ੍ਹਾਂ ਗਲੀ-ਸੜ੍ਹੀ ਰੂੜੀ ਵਿੱਚ 0.7-1.3 ਫੀਸਦੀ ਨਾਈਟਰੋਜਨ, 0.3-0.8 ਫੀਸਦੀ ਫਾਸਫੋਰਸ ਅਤੇ 0.4-1.0 ਪ੍ਰਤੀਸ਼ਤ ਪੋਟਾਸ਼ ਤੱਤ ਹੁੰਦਾ ਹੈ (ਸਕਾਏ ਪਦਾਰਥ ਦੇ ਵਜ਼ਨ ਅਨੁਸਾਰ) । ਇਨ੍ਹਾਂ ਤੱਤਾਂ ਦੀ ਮਿਕਦਾਰ ਪਸ਼ੂਆਂ ਦੀ ਕਿਸਮ, ਉਨ੍ਹਾਂ ਦਾ ਰਾਸ਼ਨ/ਚਾਰਾ, ਉਨ੍ਹਾਂ ਦੀ ਉਮਰ ਅਤੇ ਨਸਲ 'ਤੇ ਨਿਰਭਰ ਕਰਦੀ ਹੈ।

**2. ਕੰਪੋਸਟ ਖਾਦ**

ਇਹ ਇਕ ਕੁਦਰਤੀ ਵਿਧੀ ਹੈ ਜਿਸ ਵਿੱਚ ਸੂਖਮ ਜਿਵਾਣੂਆਂ ਦੁਆਰਾ ਆਰਗੈਨਿਕ ਪਦਾਰਥ ਦੇ ਗਲਣ ਸੜਨ ਉਪਰੰਤ ਖਾਦ ਤਿਆਰ ਹੁੰਦੀ ਹੈ। ਖਾਦ ਤਿਆਰ ਕਰਨ ਦੀ ਇਹ ਵਿਧੀ ਮਨੁੱਖ ਨੇ ਸਦੀਆਂ ਤੋਂ ਅਪਣਾਈ ਹੋਈ ਹੈ ਜਿਸ ਵਿੱਚ ਪਸ਼ੂਆਂ ਦੇ ਗੋਬਰ ਨੂੰ ਇੱਕ ਟੋਏ ਵਿਚ ਭਰ ਦਿੱਤਾ ਜਾਂਦਾ ਹੈ (ਤਸਵੀਰ 5.5)। ਇਹ ਗਲਣ ਸੜਨ ਦੀ ਕਿਰਿਆ ਹਵਾ ਵਿੱਚ ਜਾਂ ਹਵਾ ਰਹਿਤ ਵਾਤਾਵਰਨ ਵਿੱਚ ਹੋ ਸਕਦੀ ਹੈ। ਹਵਾਦਾਰ ਵਾਤਾਵਰਨ ਵਿੱਚ ਤਿਆਰ ਕੀਤੀ ਕੰਪੋਸਟ ਖਾਦ ਜਲਦੀ ਸਥਿਰ ਹੋ ਜਾਂਦੀ ਹੈ, ਬਦਬੋ ਨਹੀਂ ਆਉਂਦੀ ਅਤੇ ਨਦੀਨਾਂ ਦੇ ਬੀਜ ਅਤੇ ਬਿਮਾਰੀ ਫਲਾਉਣ ਵਾਲੇ ਜਰਮ ਗਲਣ ਸੜਨ ਨਾਲ਼ ਨਾਸ਼ ਹੋ ਜਾਂਦੇ ਹਨ, ਕਿਉਂਕਿ ਗਲਨ-ਸੜਨ ਦੁਆਰਾ ਇਸਦਾ ਤਾਪਮਾਨ 150° ਫਾਰਨਹੀਟ ਤੱਕ ਗਰਮ ਹੋ ਜਾਂਦਾ ਹੈ ਜਦਕਿ ਮਨੁੱਖ ਲਈ ਹਾਨੀਕਾਰਕ ਬਹੁਤੇ ਜਿਵਾਣੂ 131° ਫਾਰਨਹੀਟ ਤੱਕ ਖਤਮ ਹੋ ਜਾਂਦੇ ਹਨ।



**ਤਸਵੀਰ 5.5 : ਰੂੜੀ ਦੀ ਖਾਦ ਵਾਲਾ ਟੋਆ**

ਕੰਪੋਸਟ ਖਾਦ ਦੀ ਵਰਤੋਂ ਸਮੇਂ ਸਾਵਧਾਨੀ ਰੱਖੋ। ਕੱਚੀ ਖਾਦ ਗਰਮ ਹੁੰਦੀ ਹੈ ਜਿਸ ਨਾਲ ਪੌਦੇ ਮਰ ਸਕਦੇ ਹਨ ਅਤੇ ਅਜਿਹੀ ਖਾਦ ਤੋਂ ਹਾਨੀਕਾਰਕ ਜਿਵਾਣੂ ਉਤੰਪਨ ਹੋ ਸਕਦੇ ਹਨ। ਪੂਰੀ ਤਰ੍ਹਾਂ ਗਲੀ ਸੜੀ ਖਾਦ ਪੌਦਿਆਂ ਲਈ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਵਧੀਆ ਆਰਗੈਨਿਕ ਖਾਦ ਹੁੰਦੀ ਹੈ। ਪੁਰਾਣੀ ਖਾਦ ਦੀ ਪਹਿਚਾਣ ਇਸਦੇ ਰੰਗ ਅਤੇ ਇਸ ਵਿਚਲੀ ਨਮੀਂ ਤੋਂ ਹੋ ਜਾਂਦੀ ਹੈ। ਕਾਲੇ ਰੰਗ ਦੀ ਖੁਸ਼ਕ ਗਲੀ ਸੜੀ ਖਾਦ ਸਭ ਤੋਂ ਚੰਗੀ ਅਤੇ ਪੀਲੇ ਰੰਗ ਦੀ ਗਿੱਲੀ ਖਾਦ ਨੂੰ ਵਾਤਾਵਰਣ ਯੋਗ ਕੱਚੀ ਖਾਦ ਕਿਹਾ ਜਾਂਦਾ ਹੈ।

**3. ਗੰਡੋਆ ਖਾਦ**

ਅਜਿਹੀ ਆਰਗੈਨਿਕ ਖਾਦ ਗੰਡੋਇਆਂ ਦੁਆਰਾ ਤਿਆਰ ਕੀਤੀ ਜਾਂਦੀ ਹੈ। ਗੋਬਰ ਅਤੇ ਹੋਰ ਰਹਿੰਦ-ਖੂੰਹਦ ਨੂੰ ਗੰਡੋਇਆਂ ਦੁਆਰਾ ਮਲ੍ਹੜ (ਉਪਜਾਊ ਸ਼ਕਤੀ ਵਧਾਉਣ ਵਾਲਾ ਮਾਦਾ) ਵਿੱਚ ਤਬਦੀਲ ਕਰ ਦਿੱਤਾ ਜਾਂਦਾ ਹੈ। ਮੰਤਵ ਇਹ

ਹੈ ਕਿ ਪਸ਼ੂਆਂ ਦੇ ਮਲਮੂਤਰ ਅਤੇ ਫਸਲਾਂ ਦੀ ਰਹਿੰਦ-ਖੂੰਹਦ ਤੋਂ ਜਲਦ ਤੋਂ ਜਲਦ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਖਾਦ ਤਿਆਰ ਹੋ ਸਕੇ।


ਗੰਡੋਏ ਸਭ ਪ੍ਰਕਾਰ ਦੇ ਕਾਰਬਨ, ਯੁਕਤ ਪਦਾਰਥਾਂ ਦੀ ਆਪਣੇ ਸਰੀਰਕ ਵਜ਼ਨ ਦੇ ਬਰਾਬਰ ਦੀ ਮਾਤਰਾ ਪ੍ਰਤੀ ਦਿਨ ਨਿਗਲ ਸਕਦੇ ਹਨ। ਭਾਵ ਇਕ ਕਿਲੋ ਵਜ਼ਨ ਵਿੱਚ ਸਮਾਉਣ ਵਾਲੇ ਗੰਡੋਏ ਇਕ ਦਿਨ ਵਿੱਚ ਇਕ ਕਿਲੋ ਰਹਿੰਦ-ਖੂੰਹਦ ਖਾ ਲੈਂਦੇ ਹਨ। ਗੰਡੋਏ ਦੀਆਂ ਬਿਠਾਂ/ਮਲਮੂਤਰ ਨੂੰ ਵਰਮੀਕੰਪੋਸਟ ਜਾਂ ਗੰਡੋਏ ਖਾਦ ਕਿਹਾ ਜਾਂਦਾ ਹੈ ਜੋ ਮੱਲੜ ਅਤੇ ਖੁਰਾਕੀ ਤੱਤਾਂ ਨਾਲ਼ ਭਰਪੂਰ ਹੁੰਦੀ ਹੈ (ਤਸਵੀਰ 5.7) । ਇਸ ਵਿੱਚ ਕਈ ਪ੍ਰਕਾਰ ਦੇ ਮਿੱਟੀ ਦੇ ਖੁਰਾਕੀ ਤੱਤ ਜਿਵੇਂ ਕਿ ਨਾਈਟਰੋਜਨ, ਪੋਟਾਸ਼ੀਅਮ, ਫਾਸਫੋਰਸ, ਕੈਲਸ਼ੀਅਮ ਅਤੇ ਮੈਗਨੀਸ਼ੀਅਮ ਕਾਫ਼ੀ ਮਾਤਰਾ ਵਿੱਚ ਹੁੰਦੇ ਹਨ। ਇਕ ਚੰਗੀ ਉਪਜਾਊ ਜ਼ਮੀਨ ਦੀ ਉਪਰਲੀ ਸਤਾਹ੍ਹ ਵਿੱਚ ਜਿੰਨੇ ਖੁਰਾਕੀ ਤੱਤ ਹੁੰਦੇ ਹਨ ਉਸ ਨਾਲੋਂ ਵਰਮੀਕੰਪੋਸਟ ਵਿੱਚ 5 ਗੁਣਾਂ ਜ਼ਿਆਦਾ ਨਾਈਟ੍ਰੋਜਨ, 7 ਗੁਣਾਂ ਜ਼ਿਆਦਾ ਪੋਟਾਸ਼ੀਅਮ ਅਤੇ ਡੇਡ਼ ਗੁਣਾਂ ਕੈਲਸ਼ੀਅਮ ਜ਼ਿਆਦਾ ਮਾਤਰਾ ਵਿੱਚ ਹੁੰਦਾ ਹੈ। ਇਹ ਖਾਦ ਬਨਾਉਣ ਲਈ ਲਾਲ ਰੰਗ ਦੇ ਗੰਡੋਏ ਦੀਆਂ ਨਸਲਾਂ; ਆਈਸੀਨੀਆ ਫੋਟੀਡਾ (Eisenia foetida) ਅਤੇ ਲੁੰਬਰੀਕਸ ਰੂਬੇਲਸ (Lumbricus rubellus) ਦੀ ਵਰਤੋਂ ਕੀਤੀ ਜਾਂਦੀ ਹੈ। ਗੰਡੋਏ ਨਾ ਸਿਰਫ਼ ਗੰਦਗੀ ਤੋਂ ਖਾਦ ਤਿਆਰ ਕਰਦੇ ਹਨ, ਬਲਕਿ ਵਾਤਾਵਰਣ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਉਂਦੇ ਹਨ।



**ਤਸਵੀਰ 5.6: ਵਰਮੀਕੰਪੋਸਟ ਖਾਦ ਤਿਆਰ ਕਰਨ ਵਾਲੇ ਗੰਡੋਏ**

**ਵਰਮੀਕੰਪੋਸਟ ਖਾਦ**

**ਵਰਮੀਕੰਪੋਸਟ ਖਾਦ ਦੇ ਲਾਭ :** ਇਸ ਖਾਦ ਦੇ ਕਈ ਲਾਭ ਹਨ ਜੋ ਕਿ ਚਾਰਟ 5.6 ਵਿੱਚ ਦਿੱਤੇ ਜਾਂਦੇ ਹਨ।




**ਚਾਰਟ 5.7: ਵਰਮੀਕੰਪੋਸਟ ਖਾਦ ਦੇ ਲਾਭ**

4. **ਬਾਇਓਗੈਸ ਪਲਾਂਟ ਵਿੱਚ ਗੋਬਰ ਦੀ ਵਰਤੋਂ ਗੈਸ ਅਤੇ ਤਰਲ ਖਾਦ ਬਨਾਉਣ ਲਈ ਕੀਤੀ ਜਾਂਦੀ ਹੈ।**

ਇਕ ਅਨੁਮਾਨ ਅਨੁਸਾਰ ਵਾਯੂਮੰਡਲ ਦੇ ਸਧਾਰਨ ਦਬਾਅ 'ਤੇ ਇੱਕ ਕਿਲੋ ਗੋਬਰ ਤੋਂ ਲਗਭਗ .073 ਘਣ ਮੀਟਰ (1.3 ਘਣ ਫੁੱਟ) ਬਾਇਓਗੈਸ ਪੈਦਾ ਹੁੰਦੀ ਹੈ। ਇਕ ਦਰਮਿਆਨੇ ਅਕਾਰ ਵਾਲੀ ਗਾਂ ਤੋਂ ਹਰ ਰੋਜ਼ ਲਗਭਗ 10 ਕਿਲੋ ਗੋਬਰ ਮਿਲਦਾ ਹੈ। ਇਸ ਲਈ ਸਭ ਤੋਂ ਛੋਟੇ ਭਾਵ 1.7 ਘਣ ਮੀਟਰ (60 ਘਣ ਫੁੱਟ) ਗੈਸ ਪੈਦਾ ਕਰਨ ਦੀ ਸਮਰੱਥਾ ਵਾਲੇ ਗੋਬਰ ਗੈਸ ਪਲਾਂਟ ਲਈ ਲੋੜੀਂਦੇ ਗੋਬਰ ਵਾਸਤੇ ਘੱਟੋ ਘੱਟ 5 ਗਾਵਾਂ ਚਾਹੀਦੀਆਂ ਹਨ।

ਅਜਿਹੇ ਪਲਾਂਟ ਤੋਂ ਉਪਜੀ 1.7 ਘਣ ਮੀਟਰ ਗੈਸ, ਚਾਰ ਵਿਅਕਤੀਆਂ ਵਾਲੇ ਪਰਿਵਾਰ ਦੀਆਂ ਖਾਣਾ ਬਣਾਉਣ ਅਤੇ ਰੋਸ਼ਨੀ ਕਰਨ ਦੀਆਂ ਸਭ ਜ਼ਰੂਰਤਾਂ ਲਈ ਕਾਫ਼ੀ ਹੁੰਦੀ ਹੈ। ਅਜਿਹੇ ਪਲਾਂਟ ਤੋਂ ਦੋ ਉਤਪਾਦ: ਗੈਸ ਅਤੇ ਤਰਲ ਖਾਦ ਨਿਕਲਦੇ ਹਨ।

ਬਾਇਓਗੈਸ ਜ਼ਹਿਰੀਲੀ ਗੈਸ ਨਹੀਂ ਹੈ ਅਤੇ ਇਸਦੀ ਖਾਸ ਵਾਸ਼ਨਾ/ਮੁਸ਼ਕ ਹੁੰਦੀ ਹੈ ਜੋ ਜਲਣ ਉਪਰੰਤ ਖਤਮ ਹੋ ਜਾਂਦੀ ਹੈ। ਹਵਾ ਨਾਲ ਮਿਲਾ ਕੇ ਜਲਾਉਣ ਉਪਰੰਤ ਇਹ ਧੂੰਆ ਰਹਿਤ ਨੀਲੀ ਲਾਟ ਨਾਲ਼ ਬਲਦੀ ਹੈ ਜਿਸ ਵਿੱਚੋਂ ਕੋਈ ਰੋਸ਼ਨੀ ਨਹੀਂ ਨਿਕਲਦੀ। ਅੱਗ ਲਾਉਣ 'ਤੇ ਇਹ ਗੈਸ ਤੇਜ਼ੀ ਨਾਲ ਭੜਕਦੀ ਨਹੀਂ। ਬਾਇਓਗੈਸ ਦੀ ਵਰਤੋਂ ਖਾਣਾ ਬਣਾਉਣ, ਰੋਸ਼ਨੀ ਕਰਨ

ਅਤੇ ਇੰਜਨ ਚਲਾਉਣ ਲਈ ਕੀਤੀ ਜਾਂਦੀ ਹੈ। ਇਕ ਖਾਸ ਕਿਸਮ ਦੇ ਲੈਂਪ/ਬਲਬ ਹਨ ਜੋ ਬਾਇਓਗੈਸ ਤੋਂ ਰੋਸ਼ਨੀ ਪੈਦਾ ਕਰ ਸਕਦੇ ਹਨ। ਇਕ 100 ਕੈਂਡਲ ਪਾਵਰ (ਪਾਵਰ ਦੀ ਇਕ ਇਕਾਈ/ਯੂਨਿਟ) ਦੇ ਬਲਬ ਨੂੰ ਜਗਾਉਣ ਲਈ ਲਗਭਗ 0.13 ਘਣ ਮੀਟਰ (4.5 ਘਣ ਫੁੱਟ) ਗੈਸ ਪ੍ਰਤੀ ਘੰਟੇ ਦੇ ਹਿਸਾਬ ਲੋੜੀਂਦੀ ਹੈ। ਇਕ ਹਾਰਸ ਪਾਵਰ ਤਾਕਤ ਦੇ ਇੰਜਨ ਨੂੰ ਚਲਾਉਣ ਲਈ ਲਗਭਗ .048 ਘਣ ਮੀਟਰ (17 ਘਣ ਫੁੱਟ) ਪ੍ਰਤੀ ਘੰਟੇ ਦੇ ਹਿਸਾਬ ਬਾਇਓਗੈਸ ਦੀ ਲੋੜ ਪੈਂਦੀ ਹੈ।

ਆਮ ਡੀਜ਼ਲ ਨਾਲ ਚੱਲਣ ਵਾਲੇ ਇੰਜਨ ਬਾਇਓਗੈਸ ਤੇ ਚਲਾਏ ਜਾ ਸਕਦੇ ਹਨ। ਬਾਇਓਗੈਸ ਤੇ ਚਲਾਉਣ ਲਈ ਇਨ੍ਹਾਂ ਇੰਜਨਾਂ ਵਿੱਚ ਇਕ ਖਾਸ ਯੰਤਰ ਲਾਉਣਾ ਪੈਂਦਾ ਹੈ ਜੋ ਕਿ ਆਮ ਬਜ਼ਾਰ ਵਿੱਚ ਮਿਲਦਾ ਹੈ। ਬਾਇਓਗੈਸ ਪਲਾਂਟ ਵਿੱਚੋਂ ਨਿਕਲਣ ਵਾਲੇ ਤਰਲ ਰੂਪ ਵਿੱਚ ਗੋਹਾ, ਆਮ ਰੂੜੀ ਦੀ ਖਾਦ ਨਾਲੋਂ ਬੇਹਤਰ ਹੁੰਦਾ ਹੈ ਕਿਉਂਕਿ ਇਹ ਚੰਗੀ ਤਰ੍ਹਾਂ ਗਲਿਆ ਸੜਿਆ ਹੁੰਦਾ ਹੈ ਤੇ ਇਸ ਵਿੱਚ ਖੁਰਾਕੀ ਤੱਤ (nutrient contents) ਵਧੇਰੇ ਮਾਤਰਾ ਵਿੱਚ ਹੁੰਦੇ ਹਨ।

**5. ਆਰਗੈਨਿਕ ਮੱਲਚ**

ਘਾਹ ਫੂਸ ਜਾਂ ਪਰਾਲੀ ਜਾਂ ਤੂੜੀ ਜਾਂ ਗੋਬਰ ਦੀ ਇਕ ਤਹਿ ਜੋ ਜ਼ਮੀਨ ਉਪਰ ਵਿਛਾਈ ਜਾਂਦੀ ਹੈ, ਇਸ ਨੂੰ ਮੱਲਚ ਕਹਿੰਦੇ ਹਨ। ਇਹ ਜ਼ਮੀਨ ਵਿੱਚੋਂ ਵਾਸ਼ਪੀਕਰਨ ਰਾਹੀਂ ਪਾਣੀ ਉੱਡਣ ਤੋਂ ਰੋਕਦੀ ਹੈ ਅਤੇ ਜ਼ਮੀਨ ਨੂੰ ਠੰਢਾ ਰੱਖਦੀ ਹੈ। ਮੱਲਚ ਕਾਰਨ ਨਦੀਨਾਂ ਦੇ ਪੌਦੇ ਨਹੀਂ ਉੱਗਦੇ। ਅਜਿਹੀ ਤਹਿ ਕਾਰਨ ਮਿੱਟੀ ਖੁਰਨ ਤੋਂ ਬਚ ਜਾਂਦੀ ਹੈ। ਗੋਬਰ ਦੀ ਖਾਦ ਨੂੰ ਵੀ ਮੱਲਚ ਦੇ ਤੌਰ 'ਤੇ ਵਰਤਿਆ ਜਾ ਸਕਦਾ ਹੈ ਪਰੰਤੂ ਬਿਹਤਰ ਏਹੀ ਰਹੇਗਾ ਜੇ ਇਸ ਨੂੰ ਘਾਹ-ਫੂਸ ਜਾਂ ਪਰਾਲੀ ਦੀ ਮੱਲਚ ਨਾਲ ਮਿਲਾਕੇ ਵਰਤਿਆ ਜਾਵੇ, ਖਾਸ ਤੌਰ ਤੇ ਤਾਜ਼ੇ ਗੋਬਰ ਨੂੰ। ਕੰਪੋਸਟ ਵਾਂਗ ਗੋਬਰ ਦੀ ਖਾਦ ਵੀ ਜਲਦੀ ਗਲ-ਸੜ ਜਾਂਦੀ ਹੈ, ਇਸ ਲਈ ਇਸਨੂੰ ਦੁਬਾਰਾ ਜਲਦੀ ਪਾਉਣਾ ਪੈਂਦਾ ਹੈ।

## ਮੁਲਾਂਕਣ

**(ੳ) ਬਹੁ-ਉੱਤਰੀ ਪ੍ਰਸ਼ਨ**

1. ਡੇਅਰੀ ਫ਼ਾਰਮ ਦੇ ਕਾਮਿਆਂ ਵੱਲੋਂ ਰੱਖਿਅਕ ਸਮਾਨ ਦੀ ਵਰਤੋਂ ਕਿਸ ਦੀ ਸੁਰੱਖਿਆ ਲਈ ਕੀਤੀ ਜਾਂਦੀ ਹੈ ?

   ੳ) ਅੱਖਾਂ ਦੀ

   ਅ) ਚਿਹਰੇ ਦੀ

   ੲ) ਸਿਰ ਦੀ

   ਸ) ਇਨ੍ਹਾਂ ਸਾਰਿਆਂ ਦੀ

2. ਕਿਹੋ ਜਿਹੇ ਵਾਤਾਵਰਨ/ਹਾਲਾਤ ਕੰਪੋਸਟ ਖਾਦ ਬਣਾਉਣ ਲਈ ਜ਼ਰੂਰੀ ਹਨ ?

   ੳ) ਹਵਾਦਾਰ

   ਅ) ਹਵਾ ਰਹਿਤ

   ੲ) ਦੋਵੇਂ 'ੳ' ਅਤੇ 'ਅ'

   ਸ) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

3. ਬਾਇਓਗੈਸ ਵੀ ਵਰਤੋਂ ਕਿਸ ਲਈ ਕੀਤੀ ਜਾਂਦੀ ਹੈ ?

   ੳ) ਘਰ ਵਿੱਚ ਖਾਣਾ ਬਣਾਉਣ ਲਈ

ਅ) ਰੌਸ਼ਨੀ ਕਰਨ ਲਈ

ੲ) ਇੰਜਨ ਚਲਾਉਣ ਲਈ

ਸ) ਇਨ੍ਹਾਂ ਸਾਰਿਆਂ ਵਿੱਚੋਂ ਕਿਸੇ ਲਈ ਵੀ ਨਹੀਂ

4. ਹੇਠ ਲਿਖਿਆਂ ਵਿੱਚੋਂ ਕਿਹੜਾ ਡੇਅਰੀ ਕਾਮੇ ਲਈ ਖਤਰਾ ਪੈਦਾ ਕਰ ਸਕਦਾ ਹੈ।

ੳ) ਬਿਮਾਰੀਆਂ ਲੱਗ ਸਕਦੀਆਂ ਹਨ।

ਅ) ਪਸ਼ੂ ਦੀ ਸਾਂਭ ਸੰਭਾਲ ਦੌਰਾਨ ਖਤਰਾ ਹੋ ਸਕਦਾ ਹੈ

ੲ) ਕੰਮ ਕਰਨ ਵਾਲੀ ਜਗ੍ਹਾ ਦੇ ਵਾਤਾਵਰਣ ਤੋਂ ਖਤਰਾ ਹੋ ਸਕਦਾ ਹੈ।

ਸ) ਇਨ੍ਹਾਂ ਸਾਰਿਆਂ ਤੋਂ

5. ਜ਼ਮੀਨ ਉਪਰ ਘਾਹ ਫੂਸ ਜਾਂ ਤੂੜੀ ਜਾਂ ਪਰਾਲੀ ਜਾਂ ਗੋਬਰ ਦੀ ਤਹਿ ਵਿਛਾਉਣ ਦੇ ਕੀ ਲਾਭ ਹਨ।

ੳ) ਹੇਠਲੀ ਮਿੱਟੀ ਠੰਡੀ ਰਹਿੰਦੀ ਹੈ।

ਅ) ਨਦੀਨਾਂ ਦੇ ਪੌਦੇ ਨਹੀਂ ਉਗਦੇ

ੲ) ਮਿੱਟੀ ਨੂੰ ਖੁਰਨ ਤੋਂ ਬਚਾਉਂਦਾ ਹੈ।

ਸ) ਇਹ ਸਾਰੇ

**(ਅ) ਖਾਲੀ ਥਾਂ ਢੁਕਵਾਂ ਸ਼ਬਦ ਲਿਖੋ।**

1) ਪੀ.ਪੀ.ਈ. ਦਾ ਪੂਰਾ ਨਾਂ ਲਿਖੋ.....

2) ਰੂੜੀ ਦੀ ਖਾਦ ਵਾਲਾ ਟੋਆ ਡੇਅਰੀ ਸ਼ੈੱਡ ਤੋਂ ਲਗਭਗ ........ ਦੂਰ ਇਕ ਖੁਸ਼ਕ ਅਤੇ ਉੱਚੀ ਜਗ੍ਹਾ 'ਤੇ ਪੁੱਟਣਾਂ ਚਾਹੀਦਾ ਹੈ।

3) ਡੇਅਰੀ ਸ਼ੈੱਡ ਵਿੱਚੋਂ ਹਰ ਰੋਜ਼...... ਗੋਬਰ ਚੁੱਕਿਆ ਜਾਂਦਾ ਹੈ।

4) ਵਰਮੀ ਕੰਪੋਸਟ ਖਾਦ..... ਦੀਆਂ ਬਿੱਠਾਂ ਹੁੰਦੀਆਂ ਹਨ ਜਿਨ੍ਹਾਂ ਵਿੱਚ ਮੱਲੜ ਅਤੇ ਖੁਰਾਕੀ ਤੱਤ ਕਾਫ਼ੀ ਮਾਤਰਾ ਵਿੱਚ ਹੁੰਦੇ ਹਨ।

5. ......... ਗੋਬਰ, ਘਾਹ ਫੂਸ, ਤੂੜੀ ਚਾਰੇ ਅਤੇ ਮਲਮੂਤਰ ਦੇ ਗਲਣ-ਸੜਣ ਤੋਂ ਤਿਆਰ ਹੁੰਦੀ ਹੈ।

**ੲ) ਸਹੀ ਜਾਂ ਗਲਤ ਦੱਸੋ-**

1. ਡੇਅਰੀ ਫ਼ਾਰਮ ਤੋਂ ਨਿਕਲਿਆਂ ਮਲਮੂਤਰ ਰੂੜੀ ਵਾਲੇ ਟੋਏ ਵਿੱਚ ਸੁੱਟ ਦਿੱਤਾ ਜਾਂਦਾ ਹੈ।

2. ਜਾਤੀ ਰੱਖਿਅਕ ਸਮਾਨ ਕਾਮੇ ਦੀ ਰੱਖਿਆ ਕਰਦਾ ਹੈ ਪ੍ਰੰਤੂ ਦੁਰਘਟਨਾ ਵਾਪਰਨ ਤੋਂ ਨਹੀਂ ਰੋਕਦਾ।

3. ਤਰਲ ਗੋਬਰ ਖਾਦ ਰੂੜੀ ਵਾਲੀ ਖਾਦ ਤੋਂ ਪ੍ਰਾਪਤ ਹੁੰਦੀ ਹੈ।

4. ਕੱਚੀ ਕੰਪੋਸਟ ਖਾਦ ਖੁਸ਼ਕ ਅਤੇ ਕਾਲੇ ਰੰਗ ਦੀ ਹੁੰਦੀ ਹੈ।

5. ਜ਼ਮੀਨ ਉਪਰ ਇਕ ਤਹਿ ਵਛਾਈ ਜਾਂਦੀ ਹੈ ਜਿਸਨੂੰ ਮੱਲਚ ਕਿਹਾ ਜਾਂਦਾ ਹੈ।

**ਉੱਤਰ :**

| (ੳ) ਬਹੁ-ਉਤਰੀ ਪ੍ਰਸ਼ਨ | ਅ) ਖਾਲੀ ਥਾਂ ਭਰੋ | ੲ) ਸਹੀ ਜਾਂ ਗਲਤ |
|---|---|---|
| ਸ | ਜਾਤੀ ਸੁਰੱਖਿਆ ਦਾ ਸਮਾਨ | ਗਲਤ |
| ੲ | 100 | ਸਹੀ |
| ਸ | ਦੋ | ਗਲਤ |
| ਸ | ਗੰਡੋਏ | ਗਲਤ |
| ਸ | ਰੂੜੀ ਦੀ ਖਾਦ | ਗਲਤ |

# ਇਕਾਈ 5 : ਪਸ਼ੂ ਭਲਾਈ ਸੰਬੰਧੀ ਵਿਧੀ-ਵਿਧਾਨ

ਇਸ ਇਕਾਈ ਵਿੱਚ ਪਸ਼ੂਆਂ ਅਤੇ ਪੰਛੀਆਂ ’ਤੇ ਹੋ ਰਹੇ ਅਤਿਆਚਾਰ ਬਾਰੇ ਵਿਦਿਆਰਥੀ ਗਿਆਨ ਪ੍ਰਾਪਤ ਕਰਨਗੇ। ਅਜਿਹੇ ਅਤਿਆਚਾਰਾਂ ਨੂੰ ਜਾਨਣ ਅਤੇ ਇਸ ਨਾਲ ਸੰਬੰਧਤ ਅਧਿਕਾਰੀ ਕੋਲ ਸ਼ਿਕਾਇਤ ਕਰਨ ਵਿੱਚ ਇਹ ਜਾਣਕਾਰੀ ਉਨ੍ਹਾਂ ਦੀ ਸਹਾਇਤਾ ਕਰੇਗੀ। ਇਸ ਤੋਂ ਇਲਾਵਾ ਜਾਨਵਰਾਂ ਦੀਆਂ ਦੇਸੀ ਕਿਸਮਾਂ ਦਾ ਵੰਸ਼ ਵਾਧਾ ਕਰਨ ਅਤੇ ਇਸ ਮੰਤਵ ਲਈ ਚੱਲ ਰਹੇ ਸਰਕਾਰੀ ਪ੍ਰਜੈਕਟਾਂ ਬਾਰੇ ਵੀ ਚਰਚਾ ਕੀਤੀ ਜਾਵੇਗੀ। ਕੁਦਰਤੀ ਆਫ਼ਤ ਦੌਰਾਨ ਸਭ ਤੋਂ ਵੱਧ ਨੁਕਸਾਨ ਪਸ਼ੂਆਂ ਦਾ ਹੀ ਹੁੰਦਾ ਹੈ। ਇਸ ਲਈ ਅਜਿਹੇ ਖਤਿਰਆਂ ਤੋਂ ਪਸ਼ੂਆਂ ਦੀ ਸੁਰੱਖਿਆ ਨਾਲ ਜੁੜੇ ਮੁੱਦਿਆਂ ’ਤੇ ਖਾਸ ਜ਼ੋਰ ਦਿੱਤਾ ਗਿਆ ਹੈ.

**ਸੈਸ਼ਨ 1 — ਪਸ਼ੂ ਭਲਾਈ ਲਈ ਨਿਯਮ ਕਾਨੂੰਨ ਜਾਂ ਵਿਧੀ-ਵਿਧਾਨ**

**1. ਤੰਦਰੁਸਤ ਪਸ਼ੂਆਂ ਦੀਆਂ ਨਿਸ਼ਾਨੀਆਂ**

ਜਿਵੇਂ ਤਸਵੀਰ 5.1 ਅਤੇ 5.2 ਵਿੱਚ ਦਿਖ ਰਿਹਾ ਹੈ, ਤੰਦਰੁਸਤ ਪਸ਼ੂ ਚੁਸਤ ਰਹਿੰਦਾ ਹੈ ਅਤੇ ਆਪਣੇ ਆਲੇ–ਦੁਆਲੇ ਤੋਂ ਖਬਰਦਾਰ ਰਹਿੰਦਾ ਹੈ। ਆਪਣਾ ਸਿਰ ਉਪਰ ਚੁੱਕ ਕੇ ਆਲੇ ਦੁਆਲੇ ’ਤੇ ਨਜ਼ਰ ਰੱਖਦਾ ਹੈ ਅਤੇ ਕੰਨਾਂ ਨੂੰ ਹਲਾਂਉਦਾ ਰਹਿੰਦਾ ਹੈ। ਇਹ ਆਪਣੀਆਂ ਚਾਰੇ ਲੱਤਾਂ ’ਤੇ ਖਲੋਂਦਾ ਹੈ। ਜੇ ਕੋਈ ਪਸ਼ੂ ਆਪਣੇ ਵੱਗ ਦੇ ਦੂਸਰੇ ਪਸ਼ੂਆਂ ਤੋਂ ਦੂਰ ਰਹਿੰਦਾ ਹੈ ਤਾਂ ਸਮਝੋ ਕੋਈ ਗੜਬੜ ਹੈ।

ਜਿਵੇਂ ਤਸਵੀਰ 5.3 ਅਤੇ 5.4 ਵਿੱਚ ਦਿਖਾਈ ਦਿੰਦਾ ਹੈ ਬਿਮਾਰ ਪਸ਼ੂ ਹਿਲਦਾ ਜੁਲਦਾ ਨਹੀਂ ਅਤੇ ਆਪਣੇ ਆਲੇ–ਦੁਆਲੇ ਵਿੱਚ ਕੋਈ ਦਿਲਚਸਪੀ ਨਹੀਂ ਲੈਂਦਾ। ਪਸ਼ੂਆਂ ਦੀ ਸਿਹਤ ਦੇ ਸੰਬੰਧ ਵਿੱਚ ਹੇਠ ਲਿਖੇ ਨੁਕਤੇ ਧਿਆਨ ਯੋਗ ਹਨ।

| **ਤੰਦਰੁਸਤ ਪਸ਼ੂ** | **ਬਿਮਾਰ ਪਸ਼ੂ** |
|---|---|
| ਚੁਸਤ/ਖਬਰਦਾਰ | ਢਿੱਲਾ/ਬੇਅਰਾਮ/ਉਦਾਸੀਨ |
| ਜੁਗਾਲੀ ਕਰਦਾ ਹੈ | ਜੁਗਾਲੀ ਨਹੀਂ ਕਰਦਾ |
| ਮੁਲਾਇਮ ਚਮਕੀਲੀ ਚਮੜੀ | ਖੁਰਦਰੀ ਚਮੜੀ |
| ਚਮਕੀਲੀਆਂ ਅੱਖਾਂ ਤੇ ਗੁਲਾਬੀ ਝਿੱਲੀ | ਅੱਖਾਂ ਉਤਰੀਆਂ ਹੋਈਆਂ |
| ਗੋਹਾ ਅਤੇ ਪਿਸ਼ਾਬ ਆਮ ਵਾਂਗ ਕਰਦਾ ਹੈ | ਗੰਦੀ ਬਦਬੋ ਵਾਲਾ ਬਦਰੰਗ ਗੋਹਾ |
| ਤਾਪਮਾਨ ਸਧਾਰਨ | ਤਾਪਕ੍ਰਮ ਜ਼ਿਆਦਾ ਹੁੰਦਾ ਹੈ। |
| ਸਿੱਧਾ ਤੁਰਦਾ ਹੈ | ਲੰਗ ਮਾਰਦਾ ਹੈ |
| ਆਮ ਵਾਂਗ ਸਾਹ ਲੈਂਦਾ ਹੈ | ਖਿਚਵਾਂ ਸਾਹ ਲੈਂਦਾ ਹੈ ਅਤੇ ਖੰਘਦਾ ਹੈ |
| ਵੱਗ ਵਿੱਚ ਰਹਿੰਦਾ ਹੈ। | ਵੱਗ ਤੋਂ ਵਖਰਾ ਰਹਿੰਦਾ ਹੈ |
| ਪੱਠੇ ਅਤੇ ਪਾਣੀ ਰੋਜ ਵਾਂਗ ਪੀਂਦਾ ਹੈ। | ਘੱਟ ਪੱਠੇ ਖਾਂਦਾ ਹੈ |
| ਆਮ ਵਰਗੀ ਪਲਸ ਚੱਲਦੀ ਹੈ। | ਪਲਸ ਰੇਟ ਘੱਟਦਾ/ਵੱਧਦਾ ਹੈ। |



ਤਸਵੀਰ 5.1: ਇਹ ਤੰਦਰੁਸਤ ਸਾਹੀਵਾਲ ਗਾਂ



ਤਸਵੀਰ 5.2 ਮੁਰ੍ਹਾਂ ਕਿਸਮ ਦੀ ਤੰਦਰੁਸਤ ਮੱਝ



ਤਸਵੀਰ 5.3 ਇਕ ਬਿਮਾਰ ਸਾਹੀਵਾਲ ਗਾਂ



ਤਸਵੀਰ 5.4 ਇਕ ਮੁਰ੍ਹਾਂ ਕਿਸਮ ਦੀ ਬਿਮਾਰ ਮੱਝ

**ii. ਪਸ਼ੂ ਭਲਾਈ :** ਪਸ਼ੂਆਂ ਦੇ ਕਲਿਆਣ ਵਿੱਚ ਦੋਨੋਂ ਪੱਖ ; ਸਿਹਤ ਅਤੇ ਭਲਾਈ ਆਉਂਦੇ ਹਨ ਅਤੇ ਜੋ ਜੀਵਨ ਪਸ਼ੂ ਜਿਉਂਦੇ ਹਨ ਉਹ ਵੀ ਇਸ ਵਿੱਚ ਸ਼ਾਮਲ ਹੈ। ਅਜ਼ਾਦੀ ਹਰ ਜਾਨਵਰ ਦੀ ਬੁਨਿਆਦੀ ਜ਼ਰੂਰਤ ਹੈ ਅਤੇ ਅਜੇਹੀ ਅਜ਼ਾਦੀ ਕਈ ਪ੍ਰਕਾਰ ਦੀ ਹੋ ਸਕਦੀ ਹੈ ਜਿਵੇਂ ਕਿ :

1. **ਭੁੱਖ ਅਤੇ ਪਿਆਸ ਤੋਂ ਛੁਟਕਾਰਾ :** ਪਸ਼ੂ ਦੀ ਚੰਗੀ ਸਿਹਤ ਅਤੇ ਕੱਦ ਕਾਠ ਲਈ ਖੁਰਾਕ ਅਤੇ ਪਾਣੀ ਉਸਨੂੰ ਉਪਲੱਬਧ ਹੋਣੇ ਚਾਹੀਦੇ ਹਨ।

2. **ਅਰਾਮਦਾਇਕ ਰਹਾਇਸ਼ :** ਬੇਅਰਾਮੀ ਤੋਂ ਅਜ਼ਾਦੀ ਲਈ ਉਸਦੀ ਰਹਾਇਸ਼ ਅਰਾਮਦਾਇਕ ਅਤੇ ਖੁਸ਼ਗਵਾਰ ਵਾਤਾਵਰਣ ਵਿੱਚ ਹੋਣੀ ਚਾਹੀਦੀ ਹੈ।

3. **ਦਰਦ, ਸੱਟ ਅਤੇ ਬਿਮਾਰੀ ਤੋਂ ਮੁਕਤੀ :** ਉਚਿੱਤ ਤਰੀਕੇ ਨਾਲ ਬਿਮਾਰੀ ਦੀ ਰੋਕਥਾਮ ਕਰਕੇ ਜਾਂ ਜਲਦੀ ਪਛਾਣ ਕਰਕੇ ਬਿਮਾਰੀ ਦਾ ਇਲਾਜ ਕਰਨ ਨਾਲ ਇਹ ਮੁਕਤੀ ਪ੍ਰਾਪਤ ਹੋ ਸਕਦੀ ਹੈ।

4. **ਆਮ ਵਰਗਾ ਵਿਵਹਾਰ ਦਿਖਾਉਣ ਦੀ ਖੁੱਲ :** ਢੁਕਵੀਂ ਜਗ੍ਹਾਂ ਵਿੱਚ ਦੂਸਰੇ ਸਾਥੀ ਪਸ਼ੂਆਂ ਦੇ ਵੱਗ ਵਿੱਚ ਲੋੜੀਂਦੀਆਂ ਸਹੂਲਤਾਂ ਮੁਹੱਈਆਂ ਕਰਵਾ ਕੇ ਇਸ ਤਰ੍ਹਾਂ ਦੀ ਅਜ਼ਾਦੀ ਪਸ਼ੂ ਨੂੰ ਦਿੱਤੀ ਜਾ ਸਕਦੀ ਹੈ।

**5. ਡਰ ਅਤੇ ਦੁੱਖ/ਦਬਾਅ ਤੋਂ ਛੁਟਕਾਰਾ :** ਇਹੋ ਜਿਹੀ ਖੁਰਾਕ, ਢੁਕਵੀਂ ਰਹਾਇਸ਼ ਅਤੇ ਵੇਲੇ ਸਿਰ ਇਲਾਜ ਕੀਤਾ ਜਾਵੇ ਤਾਂ ਜੋ ਡੰਗਰ ਨੂੰ ਮਾਨਸਿਕ ਪ੍ਰੇਸ਼ਾਨੀ ਨਾ ਹੋਵੇ।

ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਪਸ਼ੂ ਪਾਲਨ ਦਾ ਕਾਰੋਬਾਰ ਅਜਿਹਾ ਹੋਵੇ ਤਾਂ ਜੋ ਹੇਠ ਲਿਖੀਆਂ ਪੰਜ ਪ੍ਰਕਾਰ ਦੀਆਂ ਮੁੱਢਲੀਆਂ ਆਜ਼ਾਦੀਆਂ ਦਾ ਅਨੰਦ ਪਸ਼ੂ ਮਾਣ ਸਕੇ।

1. ਅੱਗੇ ਪਿੱਛੇ ਮੁੜਨ ਤੇ ਚੱਲਣ ਫਿਰਨ ਦੀ ਖੁੱਲ

2. ਆਪਣੇ ਆਪ ਖਾ ਪੀ ਕੇ ਵੱਡੇ ਹੋ ਸਕਣ

3. ਆਪਣੇ ਆਪ ਖੜੇ ਹੋਣ ਦੀ ਅਜ਼ਾਦੀ

4. ਹੇਠਾਂ ਸਿਰ ਰੱਖ ਕੇ ਬੈਠਣ ਦੀ ਖੁੱਲ, ਅਤੇ

5. ਲੱਤਾਂ ਖਲਾਰਨ ਦੀ ਖੁੱਲ

ਪਸ਼ੂ ਭਲਾਈ ਉੱਦਮ ਜਾਂ ਕਾਰਜ ਵਿਗਿਆਨਕ ਪਰਮਾਣਾਂ 'ਤੇ ਅਧਾਰਤ ਹੋਣੇ ਚਾਹੀਦੇ ਹਨ ਜੋ ਪਸ਼ੂਆਂ ਦੇ ਵਿਵਹਾਰ ਜਾਂ ਉਨ੍ਹਾਂ ਦੇ ਸਰੀਰ ਅਤੇ ਉਨ੍ਹਾਂ ਦੀ ਹਿੱਲ-ਜੁਲ ਤੋਂ ਪ੍ਰਾਪਤ ਹੁੰਦੇ ਹਨ। ਪਸ਼ੂ ਭਲਾਈ ਤੋਂ ਭਾਵ ਹੈ ਕਿ ਇਕ ਪਸ਼ੂ ਜਿਨ੍ਹਾਂ ਹਾਲਾਤਾਂ ਵਿੱਚ ਉਹ ਰਹਿੰਦਾ ਹੈ ਉਨ੍ਹਾਂ ਨਾਲ ਉਹ ਦਿਮਾਗੀ ਤੌਰ 'ਤੇ ਅਤੇ ਸਰੀਰਕ ਤੌਰ 'ਤੇ ਕਿਵੇਂ ਨਿਪਟਦਾ ਹੈ। ਪਸ਼ੂ ਦੀ ਲੰਮੀ ਉਮਰ, ਘੱਟ ਬਿਮਾਰ ਹੋਣਾ, ਆਮ ਵਿਵਹਾਰ ਹੋਣਾ ਅਤੇ ਆਮ ਵਾਂਗ ਜਣਨ ਕਿਰਿਆ ਹੋਣਾ ਪਸ਼ੂ ਭਲਾਈ ਸੰਬੰਧੀ ਕੁੱਝ ਚਿੰਨ ਹਨ। ਲੋਕਾਂ ਦਾ ਵਿਚਾਰ ਇਹ ਹੈ ਕਿ ਪਸ਼ੂਆਂ/ਜਾਨਵਰਾਂ ਦੇ ਕਲਿਆਣ ਲਈ ਸਾਨੂੰ ਵੱਧ ਤੋਂ ਵੱਧ ਉਦਮ/ਕਾਰਜ ਕਰਨ ਦੀ ਲੋੜ ਹੈ।

**iii. ਪਸ਼ੂ ਭਲਾਈ ਸੰਬੰਧੀ ਨਿਯਮ/ਕਾਨੂੰਨ :** ਪਸ਼ੂਆਂ ਦੀ ਭਲਾਈ ਨੂੰ ਭਾਰਤ ਕਿੰਨੀ ਗੰਭੀਰਤਾ ਨਾਲ ਲੈਂਦਾ ਹੈ ਇਸਦਾ ਪ੍ਰਮਾਣ ਭਾਰਤੀ ਸੰਵਿਧਾਨ ਤੋਂ ਮਿਲਦਾ ਹੈ ਜਿਸ ਵਿੱਚ ਜਾਨਵਰਾਂ ਦੀ ਸੁਰੱਖਿਆ ਦੇ ਹੱਕ ਨੂੰ ਮੰਨਿਆਂ ਗਿਆ ਹੈ। ਆਰਟੀਕਲ 51 (ਏ) (ਜੀ) ਅਨੁਸਾਰ ਹਰ ਭਾਰਤੀ ਨਾਗਰਿਕ ਦਾ ਇਹ ਮੁੱਢਲਾ ਕਰਤੱਵ ਹੈ ਕਿ ਉਹ ਜਾਨਵਰਾਂ ਪ੍ਰਤੀ ਹਮਦਰਦੀ ਰੱਖੇ ਅਤੇ ਪਿਆਰ ਕਰੇ। ਇਸ ਵਚਨ ਦੀ ਪਾਲਾਨਾਂ ਲਈ ਭਾਰਤ ਉਨ੍ਹਾਂ ਗਿਣੇ ਚੁਣੇ ਦੇਸ਼ਾਂ ਵਿੱਚੋਂ ਇਕ ਅਜਿਹਾ ਦੇਸ਼ ਹੈ ਜਿਸ ਨੇ ਜਾਨਵਰਾਂ ਉੱਪਰ ਦਸ਼ੱਦਤ ਰੋਕਣ ਲਈ ਇਕ ਕਾਨੂੰਨ "ਜਾਨਵਰਾਂ ਉਪਰ ਤਸ਼ੱਦਤ ਦੀ ਰੋਕਥਾਮ ਕਾਨੂੰਨ 1960 ਬਣਾਇਆ (Prevention of cruelty to Animals Act, 1960)।

**ਜਾਨਵਰਾਂ ਤੇ ਤਸ਼ੱਦਤ ਦੀ ਰੋਕਥਾਮ**

ਤਸ਼ੱਦਤ ਤੋਂ ਭਾਵ ਹੈ ਕਿ ਜਾਨਵਰ ਨੂੰ ਜਾਣ ਬੁੱਝ ਕੇ ਦੁੱਖ ਦੇਣਾ ਜਾਂ ਜ਼ਖਮੀ ਕਰਨਾ। ਜਾਨਵਰਾਂ ਉਪਰ ਕਈ ਪ੍ਰਕਾਰ ਦੇ ਤਸ਼ੱਦਤ ਕੀਤੇ ਜਾਂਦੇ ਹਨ ਜਿਨ੍ਹਾਂ ਵਿੱਚ ਕੁੱਝ ਪ੍ਰਮੁੱਖ ਹੇਠਾਂ ਦਿੱਤੇ ਜਾਂਦੇ ਹਨ।

1. ਕੱਟਣਾ, ਕਿੱਕ ਮਾਰਨਾ, ਦੁੜਾਉਣਾ, ਵਧੇਰੇ ਬੋਝ ਲੱਦਣਾ ਜਾਂ ਤਸੀਹੇ ਦੇਣਾ ਆਦਿ।

2. ਜਾਨਵਰ ਤੋਂ ਅਜਿਹਾ ਕੰਮ ਲੈਣਾ ਜੋ ਉਸਦੇ ਅਨੁਕੂਲ/ਫਿਟ ਨਹੀਂ ਹੈ।

3. ਜਾਨਵਰ ਤੋਂ ਵਧੇਰੇ ਕੰਮ ਕਰਾਉਣ ਲਈ ਜਾਂ ਵਧੇਰੇ ਪੈਦਾਵਾਰ ਲੈਣ ਲਈ ਉਸਦੇ ਸਰੀਰ ਵਿੱਚ ਖਤਰਨਾਕ ਰਸਾਇਣਕ ਪਦਾਰਥ ਪ੍ਰਵੇਸ਼ ਕੀਤੇ ਜਾਂਦੇ ਹਨ।

4. ਡੰਗਰਾਂ ਦੀ ਢੋਆ ਢੁਆਈ ਇਸ ਤਰੀਕੇ ਨਾਲ ਕੀਤੀ ਜਾਂਦੀ ਹੈ, ਜਿਸ ਵਿੱਚ ਉਨ੍ਹਾਂ ਨੂੰ ਬਹੁਤ ਕਸ਼ਟ ਅਤੇ ਦਰਦ ਮਿਲਦਾ ਹੈ।

5. ਡੰਗਰਾਂ ਨੂੰ ਥੋੜੀ ਜਗ੍ਹਾਂ ਵਿੱਚ ਚਾਰ ਦਿਵਾਰੀ ਵਿੱਚ ਕੈਦ ਕਰਕੇ ਰੱਖਣਾ।

6. ਡੰਗਰਾਂ ਨੂੰ ਭੁੱਖੇ ਪਿਆਸੇ ਰੱਖਣਾ

7. ਲੋਕਾਂ ਦੇ ਮਨ ਪਰਚਾਵੇਂ ਲਈ ਡੰਗਰਾਂ ਦੀ ਵਰਤੋਂ ਕਰਨਾ।



ਢੋਆ-ਢੁਆਈ ਦੌਰਾਨ ਬਹੁਤ ਸਾਰੇ ਡੰਗਰਾਂ ਨੂੰ ਇਕ ਟਰੱਕ ਵਿੱਚ ਲੱਦਣਾ



ਅਣਮਨੁੱਖੀ ਢੰਗ ਨਾਲ ਪਸ਼ੂਆਂ ਨੂੰ ਟਰੱਕ ਵਿੱਚ ਲੱਦਣਾ




ਨਿਰਦਈ ਤਰੀਕੇ ਨਾਲ ਲੱਦੇ ਪਸ਼ੂਆਂ ਨੂੰ ਲਿਜਾਂਦੇ ਹੋਏ



ਡੰਗਰਾ ਨੂੰ ਕੁੱਟਣਾ



ਗੈਰ ਇਖਲਾਕੀ ਅਤੇ ਕਸ਼ਟ ਦਾਇਕ ਤਰੀਕੇ ਨਾਲ ਮੁਰਗਿਆਂ ਨੂੰ ਲਿਜਾ ਰਿਹਾ ਇਕ ਵਿਅਕਤੀ



ਅਤਿ ਭਾਰੀ ਗੱਡੇ ਨੂੰ ਖਿਚਦੇ ਬਲਦ

**ਤਸਵੀਰ 5.5 : ਡੰਗਰਾਂ ਉਪਰ ਢਾਏ ਜਾ ਰਹੇ ਤਸ਼ਦੱਤ ਦੀਆਂ ਮੂੰਹ ਬੋਲਦੀਆਂ ਤਸਵੀਰਾਂ**

ਡੰਗਰਾਂ ਉਪਰ ਹੋ ਰਹੇ ਅਤਿਆਚਾਰਾਂ ਨੂੰ ਰੋਕਣ ਲਈ ਅਤੇ ਇਸ ਮੰਤਵ ਲਈ ਪਹਿਲਾਂ ਤੋਂ ਬਣੇ ਕਾਨੂੰਨ ਵਿੱਚ ਸੋਧ ਕਰਨ ਲਈ ਇਕ ਕਾਨੂੰਨ "ਦੀ ਪ੍ਰਵੈਨਸ਼ਨ ਆਫ਼ ਕਰੂਅਲਟੀ ਟੂ ਐਨੀਮਲਜ਼ ਐਕਟ" 1960 ਵਿੱਚ ਲਾਗੂ ਕੀਤਾ ਗਿਆ। ਪਸ਼ੂ ਭਲਾਈ ਦੇ ਮੰਤਵ ਲਈ ਇਸ ਕਾਨੂੰਨ ਦੇ ਅਧੀਨ ਇਕ "ਪਸ਼ੂ ਭਲਾਈ ਬੋਰਡ" ਦਾ ਗਠਨ ਕੀਤਾ ਗਿਆ ਜਿਸਦਾ ਕੰਮ ਕਾਰੀ ਦਫਤਰ ਭਾਵ ਹੈਡਕੁਆਟਰ ਚੈਨਈ ਵਿੱਚ ਹੈ।

1960 ਦਾ ਇਹ ਕਾਨੂੰਨ ਇਕ ਵਿਆਪਕ ਕਾਨੂੰਨ ਹੈ। ਇਸ ਕਾਨੂੰਨ ਤਹਿਤ ਕਈ ਪ੍ਰਕਾਰ ਦੇ ਨਿਯਮ ਹੁਣ ਤੱਕ ਲਾਗੂ ਕੀਤੇ ਜਾ ਚੁੱਕੇ ਹਨ ਜੋ ਪਸ਼ੂ ਭਲਾਈ ਦੇ ਹੇਠ ਲਿਖੇ ਪਹਿਲੂਆਂ ਨਾਲ ਸੰਬੰਧਤ ਹਨ—

ੳ) ਕੁੱਤਿਆਂ ਵਿੱਚ ਨਸਬੰਦੀ।

ਅ) ਜਾਨਵਰਾਂ 'ਤੇ ਤਜ਼ਰਬੇ ਕਰਨ ਉਪਰ ਰੋਕ ਅਤੇ ਨਿਗਰਾਨੀ।

ੲ) ਬੁੱਚੜ ਖਾਨਿਆਂ ਵਿੱਚ ਜਾਨਵਰਾਂ ਉਪਰ ਤਸ਼ਦੱਤ ਦੀ ਰੋਕਥਾਮ।

ਸ) ਭਾਰ ਢੋਣ ਵਾਲੇ ਡੰਗਰਾਂ ਦੀ ਭਲਾਈ

ਹ) ਢੋਆ ਢੁਆਈ ਦੌਰਾਨ ਡੰਗਰਾਂ ਉਪਰ ਹੋ ਰਹੇ ਕਸ਼ਟ 'ਤੇ ਰੋਕ।



**ਤਸਵੀਰ 5.6 ਕੰਨ 'ਤੇ ਕੱਟ ਇਕ ਖੱਸੀ ਕੀਤੇ ਹੋਏ ਕੁੱਤੇ ਦੀ ਪਹਿਚਾਣ ਕਰਾਉਂਦਾ ਹੈ।**

**ਡੰਗਰਾਂ ਦਾ ਅਸਧਾਰਨ ਵਿਵਹਾਰ**

ਜਦ ਕੋਈ ਡੰਗਰ ਇਕ ਮੰਨੇ ਹੋਏ ਜਨਤਕ ਵਿਵਹਾਰ ਤੋਂ ਵੱਖਰਾ ਜਾਂ ਇਕ ਸਧਾਰਨ ਵਿਵਹਾਰ ਤੋਂ ਹੱਟ ਕੇ ਕੋਈ ਪ੍ਰਤੀ-ਕਿਰਿਆ ਕਰਦਾ ਹੈ ਤਾਂ ਇਸਨੂੰ ਅਸਧਾਰਨ ਵਿਵਹਾਰ ਕਿਹਾ ਜਾਂਦਾ ਹੈ। ਅਸਧਾਰਨ ਹਿੱਲ-ਜੁਲ, ਅਸਧਾਰਨ ਅੰਦਾਜ ਜਾਂ ਉਠਣ ਬੈਠਨ ਦਾ ਢੰਗ ਜਾਂ ਅਸਧਾਰਨ ਪ੍ਰਤੀ-ਕਿਰਿਆ ਕਿਸੇ ਬਿਮਾਰ ਜਾਂ ਬੇਅਰਾਮ ਡੰਗਰ ਦੀਆਂ ਨਿਸ਼ਾਨੀਆਂ ਹੋ ਸਕਦੀਆਂ ਹਨ। ਕੁੱਝ ਅਸਧਾਰਨ ਪ੍ਰਤੀ ਕਿਰਿਆਵਾਂ ਖਤਰਨਾਕ ਹੋ ਸਕਦੀਆਂ ਹਨ ਜੋ ਘਟੀਆ ਵਾਤਾਵਰਣ ਕਾਰਨ ਹੋਣ ਪ੍ਰੰਤੂ ਇਹ ਜ਼ਰੂਰੀ ਨਹੀ ਕਿ ਅਸਧਾਰਨ ਵਿਵਹਾਰ ਡੰਗਰ ਲਈ ਕੋਈ ਮੁਸ਼ਕਲ ਖੜੀ ਕਰੇ।

ਕੁਝ ਪਾਲਤੂ ਪਸ਼ੂ ਜੋ ਚਾਰ ਦਿਵਾਰੀ ਵਿੱਚ ਜਾ ਬੰਨ ਕੇ ਰੱਖੇ ਜਾਂਦੇ ਹਨ ਅਜਿਹੇ ਹੁੰਦੇ ਹਨ ਜੋ ਬੁਰਾ ਵਿਵਹਾਰ ਲਗਾਤਾਰ ਦਿਖਾਉਂਦੇ ਰਹਿੰਦੇ ਹਨ ਅਜੇਹੇ ਡੰਗਰਾਂ ਨੂੰ ਬੁਰਾ ਜਾਂ ਬਦ ਡੰਗਰ ਕਿਹਾ ਜਾਂਦਾ ਹੈ। ਅਜੇਹੇ ਡੰਗਰਾਂ ਕਾਰਨ ਪੈਦਾਵਾਰ ਦਾ ਨੁਕਸਾਨ ਹੁੰਦਾ ਹੈ।

ਬੁਰੇ ਡੰਗਰਾਂ ਦੇ ਅਜੇਹੇ ਵਰਤਾਰੇ ਦੇ ਕਈ ਕਾਰਨ ਹੋ ਸਕਦੇ ਹਨ ਜਿਵੇਂ ਕਿ ਡਰ, ਘਬਰਾਹਟ, ਜ਼ਿਆਦਾ ਜੋਸ਼, ਗੜਬੜ ਜਾਂ ਖੁਰਾਕੀ ਤੱਤਾਂ ਦੀ ਘਾਟ। ਬੁਰੇ ਵਿਵਹਾਰ ਦਾ ਆਦੀ ਹੋਣ ਤੋਂ ਬਾਅਦ ਬੁਰੇ ਵਿਵਹਾਰ ਤੋਂ ਛੁਟਕਾਰਾ ਮੁਸ਼ਕਲ ਹੁੰਦਾ ਹੈ। ਬੁਰੇ ਵਿਵਹਾਰ ਕਾਰਨ ਡੰਗਰ ਦੀ ਸਰੀਰਕ ਕਿਰਿਆ 'ਤੇ ਮਾੜਾ ਅਸਰ ਪੈਂਦਾ ਹੈ, ਪਸ਼ੂ ਪਾਲਕ ਲਈ ਖਤਰਨਾਕ ਹੋ ਸਕਦੇ ਹਨ ਜਾਂ ਜਾਨ-ਮਾਲ ਦਾ ਨੁਕਸਾਨ ਹੋ ਸਕਦਾ ਹੈ। ਇਸ ਲਈ ਘੋਖ ਕਰਕੇ ਉਨ੍ਹਾਂ ਕਾਰਨਾਂ ਦੀ ਪਹਿਚਾਣ ਕਰਨੀ ਚਾਹੀਦੀ ਹੈ ਜਿਨ੍ਹਾਂ ਕਾਰਨ ਡੰਗਰ ਅਸਧਾਰਨ ਵਿਵਹਾਰ ਕਰਦੇ ਹਨ। ਕੁਝ ਬੁਰੇ ਵਿਵਹਾਰ ਜਾਂ ਅਸਧਾਰਨ ਪ੍ਰਤੀਕਿਰਿਆਵਾਂ ਹੇਠਾਂ ਦਿੱਤੀਆਂ ਜਾਂਦੀਆਂ ਹਨ।

**(ੳ) ਮਾਂ ਦਾ ਭੁਲੇਖਾ ਪੈਣਾ**

ਕਈ ਵੇਰ ਪਸ਼ੂ ਦੇ ਸੂਣ ਵੇਲੇ ਕੋਈ ਨੁਕਸ ਪੈਦਾ ਹੋ ਜਾਂਦਾ ਹੈ ਅਤੇ ਕਮਜ਼ੋਰ ਹੋਣ ਕਾਰਨ ਪਸ਼ੂ ਖੜ੍ਹਾ ਹੋਣ ਤੋਂ ਅਸੱਮਰਥ ਹੋ ਜਾਂਦਾ ਹੈ ਜਿਸ ਕਾਰਨ ਵਛੜੂ ਦੁੱਧ ਨਹੀਂ ਚੁੰਘ ਸਕਦਾ ਅਤੇ ਆਪਣੀ ਮਾਤਾ ਨਾਲ ਤਾਲਮੇਲ ਨਹੀਂ ਬਣਾ ਸਕਦਾ ਜਾਂ ਕਈ ਵੇਰ ਕਟੜੂ/ਵਛੜੂ ਕਮਜੋਰ ਹੋਣ ਕਾਰਨ ਦੁੱਧ ਨਹੀਂ ਚੁੰਘ ਸਕਦਾ। ਅਜੇਹੇ ਹਲਾਤਾਂ ਵਿੱਚ ਵਛੜੂ ਆਪਣੀ ਮਾਤਾ ਨੂੰ ਪਹਿਚਾਨਣ ਤੋਂ ਅਸਮਰੱਥ ਹੋ ਜਾਂਦਾ ਹੈ।

**(ਅ) ਹੀਟ ਵਿੱਚ ਆਈ ਗਾਂ ਦਾ ਭੜਕਾਊ ਹੋਣਾ**

ਜਦ ਗਾਂ ਹੀਟ ਵਿੱਚ ਆਉਂਦੀ ਹੈ ਤਾਂ ਉਹ ਦੂਸਰੀਆਂ ਗਾਵਾਂ ਜਾਂ ਕਾਮਿਆਂ ਉਪਰ ਚੜਨ ਦੀ ਕੋਸ਼ਿਸ਼ ਕਰਦੀ ਹੈ ਅਤੇ ਇਕ ਸਾਨ ਵਾਂਗ ਵਿਵਹਾਰ ਕਰਦੀ ਹੈ। ਅਜਿਹਾ ਵਿਵਹਾਰ ਵਿਰਾਸਤੀ ਗੁਣ ਹੁੰਦਾ ਹੈ ਅਤੇ ਵਧੇਰੇ ਦੁੱਧ ਦੇਣ ਵਾਲੀਆਂ ਗਾਵਾਂ ਵਿੱਚ ਅਕਸਰ ਦੇਖਿਆ ਜਾਂਦਾ ਹੈ।

**(ੲ) ਹੱਬੂ ਆਉਣਾ**

ਜਦ ਡੰਗਰ ਦੇ ਸਾਹ ਲੈਣ ਵੇਲੇ ਕਾਫੀ ਹਵਾ ਮਿਹਦੇ ਵਿੱਚ ਚਲੀ ਜਾਵੇ ਤਾਂ ਉਸ ਕਾਰਨ ਡੰਗਰ ਸਿਰ ਹਲਾਉਂਦਾ ਹੈ ਅਤੇ ਜੀਭ ਕੱਢਦਾ ਹੈ। ਇਹ ਇਕ ਵਿਰਾਸਤੀ ਲੱਛਣ/ਗੁਣ ਹੈ। ਇਸ ਦੀ ਰੋਕਥਾਮ ਲਈ ਸਿਕਲਾ ਚੜਾਇਆ ਜਾ ਸਕਦਾ ਹੈ ਜਾਂ ਮੈਡੀਕਲ ਇਲਾਜ ਹੈ।

**(ਸ) ਦੁਲੱਤੀ ਮਾਰਨਾ**

ਕੁਝ ਗਾਵਾਂ ਨੂੰ ਛੜ/ਦੁਲੱਤੀ ਮਾਰਨ ਦੀ ਆਦਤ ਪੈ ਜਾਂਦੀ ਹੈ। ਅਜਿਹੀਆਂ ਗਾਵਾਂ ਦਾ ਦੁੱਧ ਚੋਣ ਵੇਲੇ ਕਾਫ਼ੀ ਮੁਸ਼ਕਿਲ ਆਉਂਦੀ ਹੈ। ਇਸ ਲਈ ਦੁੱਧ ਚੁਆਈ ਵੇਲੇ ਗਾਂ ਦੀਆਂ ਲੱਤਾਂ ਦੁਆਲੇ ਰੱਸੀ (ਨਿਆਨਾ) ਲਪੇਟ ਲਈ ਜਾਂਦੀ ਹੈ ਜਾਂ ਗਾਂ ਨੂੰ ਸਕੰਜੇ ਵਿੱਚ ਖੜਾ ਕਰਕੇ ਚੁਆਈ ਕੀਤੀ ਜਾਂਦੀ ਹੈ।

**(ਹ) ਸਾਨ੍ਹ ਦਾ ਉਤੇਜਤ ਹੋਣਾ**

ਕਈ ਸਾਨ੍ਹ ਖਾਸ ਤੌਰ 'ਤੇ ਉਹ ਜੋ ਬਹੁਤ ਪ੍ਰੋਟੀਨ ਵਾਲੀ ਖੁਰਾਕ ਖਾਂਦੇ ਹਨ ਉਹ ਕਾਮਵਾਸਨਾ ਅਧੀਨ ਉਤੇਜਤ ਹੋ ਜਾਂਦੇ ਹਨ। ਇਸ ਆਦਤ ਤੋਂ ਛੁਟਕਾਰਾ ਪਾਉਣ ਲਈ ਵੱਛੇ ਨੂੰ ਖੱਸੀ ਕੀਤਾ ਜਾ ਸਕਦਾ ਹੈ ਤਾਂ ਜੋ ਅਜੇਹੇ ਸਾਨ੍ਹਾਂ ਨੂੰ ਸੰਭਾਲਣਾ ਸੌਖਾ ਰਹੇ।



## ਮੁਲਾਂਕਣ

**(ੳ) ਬਹੁ-ਉੱਤਰੀ ਪ੍ਰਸ਼ਨ**

1. ਇਕ ਤੰਦਰੁਸਤ ਪਸ਼ੂ ਦੀ ਆਮ ਨਿਸ਼ਾਨੀ ਇਹ ਹੁੰਦੀ ਹੈ।
   - ੳ) ਚੁਸਤ ਰਹਿੰਦਾ ਹੈ।
   - ਅ) ਚਮਕਦਾਰ ਅੱਖਾਂ ਅਤੇ ਅੱਖ ਦੀ ਝਿੱਲੀ ਗੁਲਾਬੀ ਹੁੰਦੀ ਹੈ।
   - ੲ) ਚਮੜੀ ਮੁਲਾਇਮ ਅਤੇ ਚਮਕੀਲੀ ਹੁੰਦੀ ਹੈ
   - ਸ) ਇਹ ਸਾਰੀਆਂ
2. ਹੇਠ ਲਿਖਿਆਂ ਵਿੱਚ ਕਿਹੜਾ ਅਸਧਾਰਨ ਵਿਵਹਾਰ ਨਹੀਂ ਹੈ—
   - ੳ) ਚੱਟਣਾ
   - ਅ) ਚੁੰਘਣਾ
   - ੲ) ਹੀਟ ਵਿੱਚ ਆਈ ਭੜਕਾਊ ਗਾਂ
   - ਸ) ਛੱੜ ਮਾਰਨਾ
3. ਪਸ਼ੂਆਂ ਦੇ ਅਸਧਾਰਨ ਵਿਵਹਾਰ ਦੇ ਕੀ ਕਾਰਨ ਹਨ
   - ੳ) ਡਰ
   - ਅ) ਖੁਰਾਕ ਦੀ ਘਾਟ
   - ੲ) ਘਬਰਾਹਟ
   - ਸ) ਇਹ ਸਾਰੇ
4. ਪਸ਼ੂਆਂ ਦੇ ਅਸਧਾਰਨ ਵਿਵਹਾਰ ਦੇ ਕਾਰਨ
   - ੳ) ਸਰੀਰਕ ਕਿਰਿਆ ’ਤੇ ਬੁਰਾ ਅਸਰ ਪੈਂਦਾ ਹੈ।
   - ਅ) ਪਸ਼ੂ ਪਾਲਕ ਲਈ ਖਤਰਾ ਹੈ
   - ੲ) ਪਸ਼ੂ ਪਾਲਕ ਲਈ ਖਤਰਨਾਕ
   - ਸ) ਇਹ ਸਾਰੇ
5. ਹੇਠ ਲਿਖਿਆਂ ਵਿੱਚੋਂ ਕਿਹੜਾ ਬਿਮਾਰ ਪਸ਼ੂ ਦਾ ਲੱਛਣ ਨਹੀਂ ਹੈ।
   - ੳ) ਵੱਗ ਵਿੱਚ ਰਹਿੰਦਾ ਹੈ।
   - ਅ) ਭੁੱਖ ਨਹੀਂ ਲੱਗਦੀ
   - ੲ) ਖੁਰਦਰੀ ਚਮੜੀ
   - ਸ) ਸੁਸਤ/ਬੇਅਰਾਮ

**(ਅ) ਖਾਲੀ ਥਾਂ ਤੇ ਸਹੀ ਸ਼ਬਦ ਲਿਖੋ।**

1. ..................... ਤੋਂ ਭਾਵ ਹੈ ਕਿ ਇਕ ਪਸ਼ੂ ਜਿਨ੍ਹਾਂ ਹਾਲਤਾਂ ਵਿੱਚ ਉਹ ਰਹਿੰਦਾ ਹੈ ਉਨ੍ਹਾਂ ਨਾਲ ਉਹ ਦਿਮਾਗੀ ਤੌਰ ’ਤੇ ਅਤੇ ਸਰੀਰਕ ਤੌਰ ’ਤੇ ਕਿਵੇ ਨਿਪਟਦਾ ਹੈ।
2. ਪਸ਼ੂ ਦੁਆਰਾ ਮਿਹਦੇ ਵਿੱਚ ਜ਼ਿਆਦਾ ਹਵਾ ਖਿਚਣ ਨੂੰ ..................... ਕਿਹਾ ਜਾਂਦਾ ਹੈ।
3. ਦੂਸਰੇ ਡੰਗਰਾਂ ’ਤੇ ਚੜ੍ਹਨ ਵਾਲੀ ਗਾਂ ਨੂੰ ..................... ਵਿੱਚ ਆਈ ਗਾਂ ਕਿਹਾ ਜਾਂਦਾ ਹੈ।
4. ਕਾਮ ਵਾਸਨਾ ਅਧੀਨ ਉਤੇਜਤ ਹੋਏ ਸਾਨ੍ਹਾਂ ਨੂੰ ..................... ਕਰਨ ਨਾਲ ਠੀਕ ਕੀਤਾ ਜਾ ਸਕਦਾ ਹੈ।
5. ਛੜ ਮਾਰਨ ਵਾਲੀ ਗਾਂ ਨੂੰ ..................... ਪਾ ਕੇ ਕਾਬੂ ਕੀਤਾ ਜਾਂਦਾ ਹੈ।

**(ੲ) ਸਹੀ ਜਾਂ ਗਲਤ ਦੱਸੋ**

1. ਹੱਥੂ ਆਉਣਾ ਇਕ ਵਿਰਾਸਤੀ ਲੱਛਣ ਹੈ।
2. ਘੱਟ ਪੈਦਾਵਾਰ ਦੇਣ ਵਾਲੀਆਂ ਗਾਵਾਂ ਦੂਸਰੀਆਂ ਗਾਵਾਂ ’ਤੇ ਚੜ੍ਹਦੀਆਂ ਹਨ।
3. ਸ਼ਿਕਲਾ ਚੜਾਅ ਕੇ ਹੱਥੂ ਆਉਣ ਦੀ ਸਮੱਸਿਆ ਦਾ ਹੱਲ ਹੋ ਸਕਦਾ ਹੈ।
4. ਸਾਫ਼ ਸੁਥਰੀ ਰਹਾਇਸ਼ ਕਾਰਨ ਪਸ਼ੂ ਸਿਹਤਮੰਦ ਰਹਿੰਦੇ ਹਨ ਅਤੇ ਵਧੀਆ ਕੁਆਲਟੀ ਵਾਲੇ ਦੁੱਧ ਦੀ ਪੈਦਾਵਾਰ ਹੁੰਦੀ ਹੈ।
5. ਪਸ਼ੂ ਭਲਾਈ ਤੋਂ ਭਾਵ ਹੈ ਕਿ ਇੱਕ ਪਸ਼ੂ ਜਿਨ੍ਹਾਂ ਹਾਲਤਾਂ ਵਿੱਚ ਰਹਿੰਦਾ ਹੈ ਉਨ੍ਹਾਂ ਨਾਲ ਉਹ ਸਰੀਰਕ ਤੌਰ ’ਤੇ ਅਤੇ ਮਾਨਸਿਕ ਤੌਰ ’ਤੇ ਕਿਵੇਂ ਨਿਪਟਦਾ ਹੈ।

**ਉੱਤਰ :**

| (ੳ) ਬਹੁ-ਉਤਰੀ ਪ੍ਰਸ਼ਨ | ਅ) ਖਾਲੀ ਥਾਂ ਭਰੋ | ੲ) ਸਹੀ ਜਾਂ ਗਲਤ |
|---|---|---|
| ਸ | ਪਸ਼ੂ ਭਲਾਈ | ਸਹੀ |
| ਅ | ਹੱਥੂ | ਗਲਤ |
| ਸ | ਹੇਹੇ | ਸਹੀ |
| ਸ | ਖੱਸੀ | ਸਹੀ |
| ੳ | ਨਿਆਣਾ | ਸਹੀ |

# ਸੈਸ਼ਨ 2: ਪਾਲਤੂ ਪਸ਼ੂਆਂ (ਡੰਗਰਾਂ) ਦੀ ਢੋਆ-ਢੁਆਈ ਅਤੇ ਦੁੱਧ ਚੁਆਈ ਸੰਬੰਧੀ ਨਿਯਮ

ਡੰਗਰਾਂ ਨੂੰ ਇਕ ਜਗ੍ਹਾ ਤੋਂ ਦੂਸਰੀ ਥਾਂ ’ਤੇ ਲਿਜਾਣ ਲਈ ਉਨ੍ਹਾਂ ਨੂੰ ਫੜ ਕੇ ਗੱਡੀ ’ਤੇ ਲੱਦਣਾ ਪੈਂਦਾ ਹੈ।

ਨਵੀਂ ਜਗ੍ਹਾਂ ’ਤੇ ਡੰਗਰ ਇਕੱਲਾ–ਪਨ ਮਹਿਸੂਸ ਕਰਦਾ ਹੈ। ਉਹ ਦੂਸਰੇ ਡੰਗਰਾਂ ਤੋਂ ਵਿਛੜ ਜਾਂਦਾ ਹੈ। ਨਵੀਂ ਜਗ੍ਹਾਂ ’ਤੇ ਗਰਮੀ ਜਾਂ ਸਰਦੀ ਅਤੇ ਪਾਣੀ ਜਾਂ ਖੁਰਾਕ ਦੀ ਥੁੜ ਦਾ ਉਸਨੂੰ ਸਾਹਮਣਾ ਕਰਨਾ ਪੈ ਸਕਦਾ ਹੈ। ਇਨ੍ਹਾਂ ਕਾਰਨਾ ਕਰਕੇ ਜਦ ਡੰਗਰ ਨੂੰ ਇਕ ਥਾਂ ਤੋਂ ਦੂਸਰੀ ਜਗ੍ਹਾ ਤਬਦੀਲ ਕੀਤਾ ਜਾਂਦਾ ਹੈ ਤਾਂ ਉਸਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਲਈ ਜਦ ਵੀ ਡੰਗਰ ਨੂੰ ਇੱਕ ਥਾਂ ਤੋਂ ਦੂਸਰੀ ਜਗ੍ਹਾ ਲਿਜਾਣਾ ਹੋਵੇ ਤਾਂ ਡੰਗਰ ਦੀ ਸੁੱਖ ਸਹੂਲਤ ਅਤੇ ਸੁਰੱਖਿਆ ਦਾ ਪੂਰਾ ਧਿਆਨ ਰੱਖੋ। ਢੋਆ–ਢੁਆਈ ਦੌਰਾਨ ਡੰਗਰ ਕਾਫ਼ੀ ਦਬਾਅ ਵਿੱਚ ਆ ਜਾਂਦਾ ਹੈ। ਤਾਪਮਾਨ, ਨਮੀਂ ਜਾਂ ਸ਼ੋਰ ਕਰਕੇ ਜਾਂ ਖੁਰਾਕ ਤੇ ਪਾਣੀ ਦੀ ਘਾਟ ਕਰਕੇ ਜਾਂ ਨਵੀਂ ਥਾਂ ਅਤੇ ਨਵੇਂ ਡੰਗਰਾਂ ਵਿੱਚ ਜਾਣ ਕਾਰਨ ਡੰਗਰ ਨੂੰ ਉਦਰੇਵਾਂ ਹੋ ਜਾਂਦਾ ਹੈ ਅਤੇ ਉਹ ਦਬਾਅ ਹੇਠ ਆ ਜਾਂਦਾ ਹੈ।

**ਢੋਆ-ਢੁਆਈ ਦਾ ਮੰਤਵ :** ਡੰਗਰਾਂ ਨੂੰ ਇਕ ਥਾਂ ਤੋਂ ਦੂਸਰੀ ਜਗ੍ਹਾਂ ਕਈ ਕਾਰਨਾਂ ਕਰਕੇ ਲਿਜਾਣਾ ਪੈਂਦਾ ਹੈ। ਡੰਗਰਾਂ ਨੂੰ ਵੇਚਣ ਸਮੇਂ ਜਾਂ ਸੋਕੇ ਨਾਲ ਪ੍ਰਭਾਵਿਤ ਇਲਾਕੇ ਤੋਂ ਹਰੇ–ਭਰੇ ਇਲਾਕੇ ਵਿੱਚ ਚਾਰਨ ਲਈ ਜਾਂ ਮਾਹਰ ਡਾਕਟਰ ਕੋਲ ਇਲਾਜ ਕਰਾਉਣ ਲਈ ਜਾਂ ਕਿਸਾਨ ਮੇਲੇ ’ਤੇ ਨੁਮਾਇਸ਼ ਲਈ/ ਢੋਆ–ਢੁਆਈ ਦੇ ਸਾਧਨ : ਆਮ ਤੌਰ ’ਤੇ ਡੰਗਰਾਂ ਦੀ ਢੋਆ–ਢੁਆਈ ਲਈ ਹੇਠ ਲਿਖੇ ਸਾਧਨ ਵਰਤੇ ਜਾਂਦੇ ਹਨ।

ੳ) ਡੰਗਰਾਂ ਨੂੰ ਤੋਰ ਕੇ

ਅ) ਸੜਕ ਰਾਹੀਂ

ੲ) ਰੇਲ ਗੱਡੀ ਰਾਹੀਂ

ਸ) ਸਮੁੰਦਰ ਰਾਹੀਂ

ਹ) ਹਵਾਈ ਜਹਾਜ਼ ਰਾਹੀਂ

ਡੰਗਰ ਨੂੰ ਗੱਡੀ ’ਤੇ ਚਾੜ੍ਹਨ ਅਤੇ ਲਾਉਣ ਲਈ ਸਾਧਨ: ਗੱਡੀ ’ਤੇ ਚਾੜ੍ਹਨ ਜਾਂ ਲਾਹੁਣ ਲਈ ਇੱਕ ਉੱਚੀ ਤੇ ਢਾਲੂ ਜਗ੍ਹਾ ਜਾਂ ਫੱਟੇ ਦੀ ਲੋੜ ਪੈਂਦੀ ਹੈ ਜਿਸਨੂੰ ਰੈਂਪ ਕਿਹਾ ਜਾਂਦਾ ਹੈ। ਇਹ ਢਾਲ ਜਾਂ ਫੱਟਾ ਅਜਿਹਾ ਹੋਣਾ ਚਾਹੀਦਾ ਹੈ ਤਾਂ ਜੋ ਚੜਦੇ ਸਮੇਂ ਜਾਂ ਉਤਰਨ ਸਮੇਂ ਡੰਗਰ ਇਸ ਤੋਂ ਤਿਲਕ ਨਾ ਸਕੇ। ਕੰਕਰੀਟ ਦੀ ਅਜਿਹੀ ਬਣੀ ਢਲਾਣ ਚੰਗੀ ਰਹਿੰਦੀ ਹੈ ਕਿਉਂਕਿ ਇਸ ਤੋਂ ਡੰਗਰ ਤਿਲਕਦਾ ਨਹੀਂ ਅਤੇ ਅਸਾਨੀ ਨਾਲ ਗੱਡੀ ਵਿੱਚ ਚੜ ਜਾਂਦਾ ਹੈ। ਅਜਿਹੀ ਢਲਾਣ ਦਾ ਕੋਨ $20^{\circ}$ ਜਾਂ ਘੱਟ ਹੋਣਾ ਚਾਹੀਦਾ ਹੈ ਤਾਂ ਜੋ ਡੰਗਰ ਅਸਾਨੀ ਨਾਲ ਗੱਡੀ ਤੋਂ ਚੜ੍ਹ ਸਕੇ ਜਾਂ ਉਤਰ ਸਕੇ।

**ੳ) ਪਸ਼ੂਆਂ ਨੂੰ ਤੋਰ ਕੇ ਲਿਜਾਣਾ**

ਗਾਵਾਂ ਅਤੇ ਮੱਝਾਂ ਨੂੰ ਇਕ ਥਾਂ ਤੋਂ ਦੂਸਰੀ ਜਗ੍ਹਾ ਤੋਰ ਕੇ ਅਸਾਨੀ ਨਾਲ ਲਿਜਾਇਆ ਜਾ ਸਕਦਾ ਹੈ। ਅਜਿਹੇ ਸਫ਼ਰ ਦੀ ਵਿਉਂਤਬੰਦੀ ਲੰਬੀ ਦੂਰੀ, ਹਰੇ ਘਾਹ ਨੂੰ ਚਰਨ, ਪਾਣੀ ਦੀ ਉਪਲੱਬਧੀ ਅਤੇ ਰਾਤ ਵੇਲੇ ਪੜਾਅ ਆਦਿ ਨੁਕਤਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਕਰਨੀ ਚਾਹੀਦੀ ਹੈ। ਦਿਨ ਵੇਲੇ ਸਵੇਰੇ ਜਾਂ ਸ਼ਾਮ ਜਦ ਠੰਢ ਹੋਵੇ ਤਦ ਪਸ਼ੂਆਂ ਨੂੰ ਤੋਰਨਾ ਚਾਹੀਦਾ ਹੈ। ਰੇਲ ਗੱਡੀ ’ਤੇ ਚੜ੍ਹਾਉਣ ਤੋਂ ਪਹਿਲਾਂ ਪਸ਼ੂ ਨੂੰ ਕੁਝ ਅਰਾਮ ਕਰਨ ਦਿਓ ਅਤੇ ਪਾਣੀ ਪਿਆਓ। ਇਕ ਪਸ਼ੂ ਨੂੰ ਵੱਧ ਤੋਂ ਵੱਧ ਕਿੰਨੀ ਦੂਰੀ ਤੱਕ ਤੋਰ ਕੇ ਲਿਜਾਇਆ ਜਾ ਸਕਦਾ ਹੈ ਇਹ ਉਸਦੀ ਸਿਹਤ, ਉਮਰ ਅਤੇ

ਮੌਸਮ 'ਤੇ ਨਿਰਭਰ ਕਰਦਾ ਹੈ। ਵੱਖ-ਵੱਖ ਪਸ਼ੂਆਂ ਲਈ ਇਹ ਦੂਰੀ ਸਾਰਣੀ 5.2 ਵਿੱਚ ਦਿੱਤੀ ਗਈ ਹੈ।

ਇਸ ਤੋਂ ਵੱਧ ਪਸ਼ੂਆਂ ਨੂੰ ਤੋਰਨਾ ਨਹੀਂ ਚਾਹੀਦਾ।

**ਸਾਰਨੀ 5.1: ਤੋਰਨ ਯੋਗ ਵੱਧ ਤੋਂ ਵੱਧ ਦੂਰੀ**

| ਪਸ਼ੂ ਦੀ ਕਿਸਮ | ਇਕ ਦਿਨ ਦਾ ਸਫ਼ਰ | ਇਕ ਦਿਨ ਤੋਂ ਵੱਧ ਸਫ਼ਰ | |
|---|---|---|---|
| | | ਪਹਿਲਾ ਦਿਨ | ਹਰ ਅਗਲੇ ਦਿਨ |
| ਗਾਵਾਂ/ਮੱਝਾਂ | 30 ਕਿਲੋਂ ਮੀ: | 24 ਕਿ:ਮੀ: | 22 ਕਿ.ਮੀ |
| ਭੇਡ/ਬੱਕਰੀ | 24 ਕਿ.ਮੀ. | 24 ਕਿ.ਮੀ | 16 ਕਿ.ਮੀ |

ਵੱਖ-ਵੱਖ ਪਸੂਆਂ ਨੂੰ ਤੋਰ ਕੇ ਲਿਜਾਣ ਸੰਬੰਧੀ ਮਿਆਰੀ ਅੰਕੜੇ ਸਾਰਨੀ 5.3 ਵਿੱਚ ਦਿੱਤੇ ਗਏ ਹਨ। ਭਾਰੀ ਬਾਰਸ਼ ਜਾਂ ਹਨੇਰੀ/ਝੱਖੜ ਜਾਂ ਬਹੁਤੀ ਗਰਮੀ ਜਾਂ ਤੇਜ਼ ਗਰਮ ਲੂ ਵਿੱਚ ਕਿਸੇ ਵੀ ਪਸ਼ੂ ਨੂੰ ਤੋਰਨਾ ਨਹੀਂ ਚਾਹੀਦਾ। ਸੂਰਜ ਚੜਨ ਤੋਂ ਪਹਿਲਾਂ ਜਾਂ ਸੂਰਜ ਡੁੱਬਣ ਤੋਂ ਬਾਅਦ ਕਿਸੇ ਵੀ ਵਿਅਕਤੀ ਨੂੰ ਡੰਗਰ ਨੂੰ ਇਕ ਥਾਂ ਤੋਂ ਦੂਜੀ ਥਾਂ ਲਿਜਾਣ ਲਈ ਤੋਰਨਾ ਨਹੀਂ ਚਾਹੀਦਾ। ਥੋੜੀ ਦੂਰੀ ਲਈ ਡੰਗਰ ਨੂੰ ਤੋਰ ਕੇ ਲਿਜਾਣਾ ਸਭ ਤੋਂ ਅਸਾਨ ਅਤੇ ਸਸਤਾ ਤਰੀਕਾ ਹੈ। ਪ੍ਰੰਤੂ ਤੋਰ ਕੇ ਲਿਜਾਣ ਦੇ ਕੁੱਝ ਨੁਕਸਾਨ ਵੀ ਹਨ ਜਿਵੇਂ ਕਿ ਇਸ 'ਤੇ ਸਮਾਂ ਬਹੁਤਾ ਲਗਦਾ ਹੈ, ਡੰਗਰ ਨੂੰ ਗਰਮੀ ਜਾਂ ਸਰਦੀ ਲਗ ਸਕਦੀ ਹੈ ਅਤੇ ਉਸਦਾ ਸਰੀਰਿਕ ਵਜਨ ਘੱਟ ਸਕਦਾ ਹੈ।

**ਸਾਰਣੀ 5.2: ਡੰਗਰਾਂ ਨੂੰ ਤੋਰ ਕੇ ਲਿਜਾਣ ਸੰਬੰਧੀ ਮਿਆਰੀ ਅੰਕੜੇ**

| ਕਿਸਮ | ਇਕ ਦਿਨ ਵਿਚ ਵੱਧ ਤੋਂ ਵੱਧ ਤੁਰਨ ਦੀ ਦੂਰੀ (ਕਿ:ਮੀ:/ਦਿਨ) | ਰਫਤਾਰ (ਕਿ:ਮੀ:/ਦਿਨ) | ਇਕ ਦਿਨ ਵਿਚ ਵੱਧ ਤੋਂ ਵੱਧ ਤੁਰਨ ਦਾ ਸਮਾਂ (ਘੰਟੇ) | ਖਾਣ ਪੀਣ ਅਤੇ ਅਰਾਮ ਲਈ ਵਕਤ | ਤਾਪਮਾਨ (ਸੈਲਸੀਅਸ) | |
|---|---|---|---|---|---|---|
| | | | | | ਵੱਧ ਤੋਂ ਵੱਧ | ਘੱਟ ਤੋਂ ਘੱਟ |
| ਗਾਵਾਂ | 30 | 4 | 8 | ਹਰ ਦੋ ਘੰਟੇ ਬਾਦ ਪਾਣੀ ਪਿਆਉਣਾ ਅਤੇ ਹਰ 4 ਘੰਟੇ ਬਾਦ ਖੁਰਾਕ ਦੇਣੀ ਹੈ। | 12 | 30 |
| ਮੱਝਾਂ | 25 | 3 | 8 | ਹਰ ਦੋ ਘੰਟੇ ਬਾਦ ਪਾਣੀ ਅਤੇ ਹਰ 4 ਘੰਟਿਆਂ ਬਾਦ ਖੁਰਾਕ ਦੇਣੀ ਹੈ। | 12 | 30 |
| ਵੱਛੇ/ਵੱਛੀਆਂ/ਕੱਟੇ/ਕੱਟੀਆਂ | 16 | 2.5 | 6 | ਹਰ $1\frac{1}{2}$ ਘੰਟੇ ਬਾਦ ਪਾਣੀ ਅਤੇ ਹਰ 3 ਘੰਟਿਆਂ ਬਾਦ ਖੁਰਾਕ ਦਿਉ। | 15 | 25 |

**ਅ) ਪਸ਼ੂਆਂ ਦੀ ਸੜਕ ਰਾਹੀਂ ਢੋਆ-ਢੁਆਈ**

ਸੜਕ ਰਾਹੀਂ ਪਸ਼ੂਆਂ ਦੀ ਢੋਆ-ਢੁਆਈ ਕਰਨ ਲਈ ਆਮ ਤੌਰ 'ਤੇ ਟਰੱਕ ਦੀ ਵਰਤੋਂ ਕੀਤੀ ਜਾਂਦੀ ਹੈ। ਟਰੱਕ ਨੂੰ ਝਾੜੂ ਨਾਲ ਸਾਫ਼ ਕਰੋ। ਟਰੱਕ ਵਿੱਚ 10-12 ਸੈਂ.ਮੀ. ਮੋਟੀ ਰੇਤ ਦੀ ਤਹਿ ਜਾਂ 15 ਸੈਂ.ਮੀ. ਮੋਟੀ ਪਰਾਲੀ/ਤੂੜੀ ਦੀ ਤਹਿ ਵਛਾ ਲਵੋ। ਕਿਸੇ ਢਲਾਣ 'ਤੇ ਪਿੱਛਾ ਕਰਕੇ ਟਰੱਕ ਲਾ ਲਵੋ। ਟਰੱਕ ਦਾ ਪਿਛਲਾ ਦਰਵਾਜਾ ਖੋਲ ਲਵੋ ਅਤੇ ਟਰੱਕ ਤੇ ਢਲਾਣ ਦਰਮਿਆਨ ਗੈਪ ਉੱਪਰ ਲਕੜੀ ਦਾ ਫੱਟਾ ਰੱਖ ਲਵੋ। ਪਸ਼ੂ ਨੂੰ ਹੌਲੀ ਹੌਲੀ ਪਿੱਛੋਂ ਧੱਕ ਕੇ ਟਰੱਕ ਵਿੱਚ ਲੋਡ ਕਰ ਲਵੋ।

ਵੱਖਰੇ ਵੱਖਰੇ ਪਸ਼ੂਆਂ ਨੂੰ ਖੜਾ ਕਰਨ ਲਈ ਬਾਂਸ ਦੀਆਂ ਸੋਟੀਆਂ ਨਾਲ ਟਰੱਕ ਵਿੱਚ ਰੱਖਣੇ ਬਣਾ ਲਵੋ। ਸਫ਼ਰ ਦੌਰਾਨ ਟਰੱਕ ਵਿੱਚ ਪਸ਼ੂਆਂ ਦਾ ਧਿਆਨ ਰੱਖਣ ਲਈ ਇੱਕ ਵਿਅਕਤੀ ਜ਼ਰੂਰ ਹੋਣਾ ਚਾਹੀਦਾ ਹੈ।

ਜਦ ਪਸ਼ੂ ਲਿਜਾਣੇ ਹੋਣ ਤਾਂ ਟਰੱਕ ਵਿੱਚ ਹੋਰ ਸਮਾਨ ਨਹੀਂ ਲੱਦਣਾ ਚਾਹੀਦਾ ਅਤੇ ਪਸ਼ੂਆਂ ਨੂੰ ਡਰਨ ਜਾਂ ਹਿਲਣ ਜੁਲਣ ਤੋਂ ਰੋਕਣ ਲਈ ਪਸ਼ੂਆਂ ਦਾ ਮੂੰਹ ਟਰੱਕ ਦੇ ਇੰਜਨ ਵੱਲ ਹੋਣਾ ਚਾਹੀਦਾ ਹੈ।

ਟਰੱਕ ਵਿੱਚ ਪਸ਼ੂਆਂ ਨੂੰ ਸਿਰ ਤੋਂ ਸਿਰ ਜਾਂ ਪਿੱਛੇ ਨੂੰ ਪਿੱਛਾ ਜੋੜ ਕੇ ਖੜ੍ਹਾ ਕਰਨਾ ਚਾਹੀਦਾ ਹੈ। 8-10 ਘੰਟਿਆਂ ਬਾਅਦ ਡੰਗਰਾਂ ਨੂੰ ਪਾਣੀ ਤੇ ਖੁਰਾਕ ਦੇਣੀ ਜ਼ਰੂਰੀ ਹੈ। ਸਫ਼ਰ ਦੌਰਾਨ ਪਸ਼ੂਆਂ ਦੀ ਨਿਗਰਾਨੀ ਸਹਾਇਕ ਵੱਲੋਂ ਕੀਤੀ ਜਾਵੇ। 10-12 ਘੰਟਿਆਂ ਦੇ ਸਫ਼ਰ ਬਾਅਦ ਡੰਗਰਾਂ ਨੂੰ ਟਰੱਕ ਵਿੱਚੋਂ ਉਤਾਰ ਕੇ ਕੁਝ ਤੋਰੋ ਫੇਰੋ ਅਤੇ ਫਿਰ ਅਰਾਮ ਕਰਨ ਦਿਓ। ਅਰਾਮ ਤੋਂ ਬਾਅਦ ਪਹਿਲਾਂ ਵਾਂਗ ਡੰਗਰਾ ਨੂੰ ਟਰੱਕ ਵਿੱਚ ਲੋਡ ਕਰਕੇ ਸਫ਼ਰ ਜਾਰੀ ਰੱਖੋ।

ਇਕ ਟਰੱਕ ਵਿੱਚ ਸੁਰੱਖਿਅਤ ਤਰੀਕੇ ਨਾਲ ਲੋਡ ਕੀਤੇ ਜਾ ਸਕਣ ਵਾਲੇ ਡੰਗਰਾਂ ਦੀ ਗਿਣਤੀ ਦਿੱਤੀ ਗਈ ਹੈ।

ਸਾਰਨੀ 5.3 ਟਰੱਕ ਵਿੱਚ ਲਿਜਾਣ ਲਈ ਡੰਗਰਾਂ ਦੀ ਮਨਜ਼ੂਰ ਸ਼ੁਦਾ ਗਿਣਤੀ

| ਟਰੱਕ ਦਾ ਸਾਈਜ | ਇਕ ਡੰਗਰ ਦਾ ਔਸਤ ਵਜ਼ਨ (ਕਿਲੋ) | | | | |
|---|---|---|---|---|---|
| | 300 | 350 | 400 | 450 | 500 |
| 4 ਮੀਟਰ ਵਾਲਾ ਟਰੱਕ | 11 | 10 | 9 | 8 | 7 |
| 5 ਮੀਟਰ ਵਾਲਾ ਟਰੱਕ | 14 | 13 | 12 | 11 | 10 |
| 6 ਮੀਟਰ ਲੰਮਾ ਟਰੱਕ | 18 | 16 | 15 | 13 | 12 |
| 7 ਮੀਟਰ ਲੰਮਾ ਟਰੱਕ | 22 | 20 | 18 | 16 | 15 |

ਟਰੱਕ 'ਤੇ ਡੰਗਰ ਲਿਜਾਣ ਦੇ ਕਈ ਲਾਭ ਹਨ ਜਿਵੇਂ ਕਿ ਲੰਮੀ ਦੂਰੀ ਤੱਕ ਪਸ਼ੂਆਂ ਨੂੰ ਲਿਜਾਇਆ ਜਾ ਸਕਦਾ ਹੈ। ਜਦ ਮਰਜ਼ੀ ਕਿਸੇ ਵੀ ਸਮੇਂ ਡੰਗਰਾਂ ਦੀ ਢੋਆ-ਢੁਆਈ ਕੀਤੀ ਜਾ ਸਕਦੀ ਹੈ। ਇਸਦੇ ਕੁਝ ਨੁਕਸਾਨ ਵੀ ਹਨ। ਟਰੱਕ ਵਿੱਚ ਡੰਗਰਾਂ ਨੂੰ ਜ਼ਿਆਦਾ ਗਰਮੀ ਅਤੇ ਸੱਟ ਫੇਟ ਲੱਗਣ ਦਾ ਖਤਰਾ ਹੁੰਦਾ ਹੈ। ਵਧੇਰੇ ਦਬਾਅ ਹੇਠ ਰਹਿਣ ਕਰਕੇ ਡੰਗਰ ਦਾ ਸਰੀਰਿਕ ਵਜ਼ਨ ਘੱਟ ਸਕਦਾ ਹੈ।

**ੲ) ਡੰਗਰਾਂ ਦੀ ਰੇਲ ਰਾਹੀਂ ਢੋਆ-ਢੁਆਈ :** ਮਾਲ ਗੱਡੀ ਦੇ ਡੱਬੇ ਦੇ ਸਾਈਜ਼ ਅਤੇ ਡੰਗਰਾਂ ਦੇ ਅਕਾਰ ਅਨੁਸਾਰ ਲੋਡ ਕੀਤੇ ਜਾ ਸਕਣ ਵਾਲੇ ਡੰਗਰਾਂ ਦੀ ਗਿਣਤੀ ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਡੰਗਰਾਂ ਨੂੰ ਇਕ ਦੂਸਰੇ ਦੇ ਨਾਲ ਨਾਲ ਖੜਾ ਕੀਤਾ ਜਾਵੇ ਤਾਂ ਜੋ ਸਫ਼ਰ ਦੌਰਾਨ ਡੰਗਰ ਸੌਖੇ ਰਹਿਣ ਪ੍ਰੰਤੂ ਜ਼ਿਆਦਾ ਭੀੜ ਕਰਨ ਤੋਂ ਵੀ ਗੁਰੇਜ ਕਰਨਾ ਚਾਹੀਦਾ ਹੈ। ਇਕ ਸਧਾਰਨ ਗੱਡੀ ਦੇ ਡੱਬੇ ਵਿੱਚ ਵੱਧ ਤੋਂ ਵੱਧ 10 ਵੱਡੇ ਡੰਗਰ ਲੋਡ ਕੀਤੇ ਜਾ ਸਕਦੇ ਹਨ। ਰੇਲ ਦੁਆਰਾ ਪਸ਼ੂਆਂ ਨੂੰ ਲਿਜਾਣ ਲਈ ਹੇਠ ਲਿਖੇ ਨੁਕਤੇ ਧਿਆਨਯੋਗ ਹਨ:

1) ਹਰ ਡੱਬੇ ਵਿੱਚ ਘੱਟੋ-ਘੱਟ ਇੱਕ ਨਿਗਰਾਨ/ਸਹਾਇਕ ਜ਼ਰੂਰ ਹੋਵੇ।

2) ਡੰਗਰਾਂ ਨੂੰ ਇਕ ਦੂਜੇ ਦੇ ਆਹਮੋ-ਸਾਹਮਣੇ ਅਤੇ ਰੇਲ ਲੀਹ ਦੇ ਸਮਾਨਅੰਤਰ ਖੜੇ ਕਰਨਾ ਚਾਹੀਦਾ ਹੈ।

3) ਪਸ਼ੂਆਂ ਵਾਲਾ ਡੱਬਾ ਰੇਲ ਗੱਡੀ ਦੇ ਅੱਧ-ਵਿਚਕਾਰ ਹੋਣਾ ਚਾਹੀਦਾ ਹੈ।

4) ਦੋ ਡੱਬੇ ਅੰਦਰ ਦੋ ਡੰਡੇ ਜਾਂ ਲੰਮੀਆਂ ਪਾਈਪਾਂ ਇੱਕ ਫਰਸ਼ ਤੋਂ 60-80 ਸੈਂ: ਮੀ: ਉਚਾਈ ’ਤੇ ਅਤੇ ਦੂਸਰੀ 100-110 ਸੈਂ. ਮੀ: ਉਚਾਈ ’ਤੇ ਜ਼ਰੂਰ ਹੋਣੀਆਂ ਚਾਹੀਦੀਆਂ ਹਨ।

5) ਦਿਨ ਵਿੱਚ ਦੋ ਵੇਰ ਲਵੇਰੀ ਗਾਂ ਦਾ ਦੁੱਧ ਚੋਣਾ ਅਤੇ ਕੱਟੜੀ/ਵਛੜੂ ਨੂੰ ਦੁੱਧ ਪਿਆਉਣਾ ਜ਼ਰੂਰੀ ਹੈ।

6) ਜਿਥੋਂ ਤੱਕ ਸਭੰਵ ਹੋਵੇ ਡੰਗਰਾਂ ਨੂੰ ਰਾਤ ਨੂੰ ਹੀ ਲਿਜਾਣਾ ਚਾਹੀਦਾ ਹੈ।

ਰੇਲ ਰਾਹੀ ਡੰਗਰ ਲਿਜਾਣ ਦੇ ਕਈ ਲਾਭ ਹਨ। ਸੜਕ ਮੁਕਾਬਲੇ ਰੇਲ ਦਾ ਸਫ਼ਰ ਪਸ਼ੂਆਂ ਲਈ ਸੁਖਾਵਾਂ ਹੁੰਦਾ ਹੈ। ਰੇਲ ਰਾਹੀਂ ਲੰਮੀ ਦੂਰੀ ਤੱਕ ਡੰਗਰ ਲਿਜਾਏ ਜਾ ਸਕਦੇ ਹਨ। ਰੇਲ ਸਫ਼ਰ ਦੁਰਾਨ ਸੱਟ ਲੱਗਣ ਦਾ ਖਤਰਾ ਵੀ ਘੱਟ ਹੈ। ਰੇਲ ਸਫ਼ਰ ਦੇ ਨੁਕਸਾਨ ਇਹ ਹਨ : ਰੇਲਵੇ ਦੇ ਟਾਈਮ ਟੇਬਲ ਅਨੁਸਾਰ ਹੀ ਯਾਤਰਾ ਪੂਰੀ ਹੁੰਦੀ ਹੈ। ਘੱਟ ਪਸ਼ੂਆਂ ਲਈ ਇਹ ਤਰੀਕਾ ਕਾਫ਼ੀ ਮਹਿੰਗਾ ਪੈਂਦਾ ਹੈ।

**ਸ) ਸਮੁੰਦਰੀ ਜਹਾਜ਼ਾਂ ਰਾਹੀਂ ਪਸ਼ੂਆਂ ਦੀ ਢੋਆ-ਢੋਆਈ**

ਸਦੀਆਂ ਤੋਂ ਪਸ਼ੂਆਂ ਨੂੰ ਜਹਾਜ਼ਾਂ ਜਾਂ ਕਿਸ਼ਤੀਆਂ ਰਾਹੀਂ ਸਮੁੰਦਰ ਜਾਂ ਦਰਿਆਵਾਂ ਪਾਰ ਲਿਜਾਇਆ ਜਾਂਦਾ ਰਿਹਾ ਹੈ। ਆਮ ਤੌਰ ’ਤੇ ਅਜਿਹੇ ਸਫ਼ਰ ਵਿੱਚ ਕਾਫ਼ੀ ਸਮਾਂ ਲੱਗਦਾ ਹੈ। ਨਸਲ ਸੁਧਾਰ ਲਈ ਲੋੜੀਂਦੇ ਕੀਮਤੀ ਪਸ਼ੂ ਅਕਸਰ ਸਮੁੰਦਰੀ ਰਸਤੇ ਰਾਹੀ ਲਿਜਾਏ ਜਾਂਦੇ ਹਨ। ਇਕ ਗਾਂ ਲਈ ਲਗਭਗ 40 ਵਰਗ ਫੁੱਟ ਜਗ੍ਹਾਂ ਦੀ ਲੋੜ ਹੁੰਦੀ ਹੈ। ਜਿਨ੍ਹਾਂ ਬਕਸਿਆਂ ਜਾਂ ਡੱਬਿਆ ਵਿੱਚ ਡੰਗਰ ਸਮੁੰਦਰੀ ਰਸਤੇ ਰਾਹੀਂ ਲਿਜਾਏ ਜਾਂਦੇ ਹਨ ਉਨ੍ਹਾਂ ਦੀ ਲੰਬਾਈ 5 ਫੁੱਟ, ਚੌੜਾਈ 3 ਫੁੱਟ ਅਤੇ ਉਚਾਈ 3 ਫੁੱਟ ਹੋਣੀ ਚਾਹੀਦੀ ਹੈ। ਸਫ਼ਰ ਦੌਰਾਨ ਹਰ 2 ਜਾਂ 3 ਘੰਟੇ ਮਗਰੋਂ ਸਹਾਇਕ ਵਿਅਕਤੀ ਨੂੰ ਡੰਗਰਾਂ ਦੀ ਦੇਖ ਭਾਲ ਕਰਨੀ ਚਾਹੀਦੀ ਹੈ।

**ਹ) ਹਵਾਈ ਜਹਾਜ਼ ਰਾਹੀਂ ਡੰਗਰਾਂ ਦੀ ਢੋਆ-ਢੁਆਈ :**

ਜ਼ਿਆਦਾ ਕੀਮਤੀ ਪਸ਼ੂ ਅਕਸਰ ਹਵਾਈ ਜਹਾਜ਼ਾਂ ਰਾਹੀਂ ਇੱਕ ਥਾਂ ਤੋਂ ਦੂਜੀ ਜਗ੍ਹਾ ਲਿਜਾਏ ਜਾਂਦੇ ਹਨ। ਦੋੜਾਂ ਵਿੱਚ ਭਾਗ ਲੈਣ ਵਾਲੇ ਕੀਮਤੀ ਘੋੜੇ ਅਤੇ ਉੱਚ ਨਸਲ ਦੇ ਮੁਰਗੇ ਜਾਂ ਮੁਰਗੀਆਂ ਅਕਸਰ ਹਵਾਈ ਜਹਾਜਾਂ ਰਾਹੀਂ ਲਿਜਾਏ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਹੋਰ ਵੀ ਕਈ ਤਰ੍ਹਾਂ ਦੇ ਪਸ਼ੂਆਂ ਦੀ ਢੋਆ-ਢੁਆਈ ਹਵਾਈ ਜਹਾਜ਼ਾਂ ਨਾਲ ਕੀਤੀ ਜਾਂਦੀ ਹੈ।

ਪਸ਼ੂ ਜੋ ਢੋਆ ਢੁਆਈ ਦੇ ਯੋਗ ਨਹੀਂ: ਹੇਠ ਲਿਖੇ ਕੁਝ ਖਾਸ ਤਰ੍ਹਾਂ ਦੇ ਡੰਗਰਾਂ ਦੀ ਢੋਆ-ਢੁਆਈ ਨਹੀਂ ਕੀਤੀ ਜਾ ਸਕਦੀ।

ੳ) ਨਵ ਜੰਮੇ ਕਮਜ਼ੋਰ ਕਟੜੂ ਜਾਂ ਵਛੜੂ, ਕਮਜ਼ੋਰ ਪਸ਼ੂ, ਜ਼ਖਮੀ ਪਸ਼ੂ ਅਤੇ ਡੰਗਰ ਜੋ ਚੱਲ ਫਿਰ ਨਹੀਂ ਸਕਦੇ, ਅਜਿਹੇ ਡੰਗਰਾਂ ਦੀ ਢੋਆ-ਢੁਆਈ ਨਹੀਂ ਕਰਨੀ ਚਾਹੀਦੀ।

ਅ) ਜੋ ਪਸ਼ੂ ਸੂਣ ਵਾਲਾ ਹੋਵੇ।

ੲ) ਗੱਭਣ ਪਸ਼ੂ ਦੀ ਖਾਸ ਹਾਲਤਾਂ ਤੋਂ ਇਲਾਵਾ ਢੋਆ-ਢੁਆਈ ਨਹੀਂ ਕਰਨੀ ਚਾਹੀਦੀ।

ਸ) ਜਿਨ੍ਹਾਂ ਪਸ਼ੂਆਂ ਦਾ ਗਰਭਕਾਲ ਸਾਰਣੀ 5.5 ਵਿੱਚ ਦਰਸਾਏ ਸਮੇਂ ਤੋਂ ਵੱਧ ਹੋਵੇ ਅਜਿਹੇ ਡੰਗਰਾਂ ਨੂੰ ਢੋਆ-ਢੁਆਈ ਲਈ ਮਜ਼ਬੂਰ ਨਹੀਂ ਕਰਨਾ ਚਾਹੀਦਾ।

**ਸਾਰਨੀ 5.5: ਵੱਖ-ਵੱਖ ਪ੍ਰਕਾਰ ਦੇ ਡੰਗਰਾਂ ਵਿੱਚ ਢੋਆ-ਢੁਆਈ ਯੋਗ ਗਰਭਕਾਲ ਦੀ ਸੀਮਾ**

| **ਪਸ਼ੂਆਂ ਦੀ ਕਿਸਮ** | **ਗਰਭਕਾਲ ਦੇ ਵੱਧ ਤੋਂ ਵੱਧ ਦਿਨ** |
|---|---|
| ਗਾਵਾਂ | 250 ਦਿਨ |
| ਘੋੜੀ | 300 ਦਿਨ |
| ਬਕਰੀ ਹਿਰਨੀ | 115 ਦਿਨ |
| ਮਾਦਾ ਭੇਡ | 115 ਦਿਨ |

ਹ) ਅਜਿਹੇ ਪਸ਼ੂ ਜੋ ਸਫ਼ਰ 'ਤੇ ਜਾਣ ਤੋਂ 48 ਘੰਟੇ ਪਹਿਲਾਂ ਸੂਏ ਹੋਣ

ਕ) ਪੁਰਾਣੇ ਅਤੇ ਬੁੱਢੇ ਡੰਗਰਾਂ ਦੀ ਢੋਆ–ਢੁਆਈ ਨਹੀਂ ਕਰਨੀ ਚਾਹੀਦੀ

ਖ) ਜ਼ਿਆਦਾ ਗਰਮੀ ਜਾਂ ਸਰਦੀ ਜਾਂ ਭਾਰੀ ਬਾਰਸ਼ ਦੌਰਾਨ ਡੰਗਰਾਂ ਦੀ ਢੋਆ ਢੁਆਈ ਨਹੀਂ ਕਰਨੀ ਚਾਹੀਦੀ।

## ਮੁਲਾਂਕਣ

**ੳ) ਆਪਣੀ ਪ੍ਰਾਪਤੀ ਦੀ ਜਾਂਚ ਕਰੋ :-**

1. ਜੇਕਰ ਪੈਦਲ ਲਿਜਾਣਾ ਹੋਵੇ ਤਾਂ ਇੱਕ ਦਿਨ ਵਿੱਚ ਪਸ਼ੂ ਕਿੰਨਾ ਸਫ਼ਰ ਕਰ ਸਕਦਾ ਹੈ।
   - ੳ) 10 ਕਿ:ਮੀਟਰ
   - ਅ) 20 ਕਿ:ਮੀਟਰ
   - ੲ) 30 ਕਿ:ਮੀਟਰ
   - ਸ) ਇਹਨਾਂ ਵਿੱਚੋਂ ਕੋਈ ਵੀ ਨਹੀਂ
2. ਪਸ਼ੂਆਂ ਨੂੰ ਇਕ ਤੋਂ ਦੂਜੀ ਜਗ੍ਹਾ ਲਿਜਾਣ ਦੀ ਕਿਉਂ ਲੋੜ ਪੈਂਦੀ ਹੈ।
   - ੳ) ਜਦ ਮਾਲਕ ਬਦਲ ਜਾਵੇ
   - ਅ) ਵਿਕਰੀ ਲਈ
   - ੲ) ਬੁਚੜਖਾਨੇ ਲਿਜਾਣ ਲਈ
   - ਸ) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ
3. ਹੇਠ ਲਿਖੀਆਂ ਵਿੱਚੋਂ ਕਿਹੜੀ ਵੈਕਸੀਨ ਨਹੀਂ ਹੈਂ?
   - ੳ) ਕਾਟਨ ਸਟਰੇਂਨ–19
   - ਅ) ਰਾਕਸ਼ਵੇਕ–ਟੀ
   - ੲ) ਡੀਵਾਰਮਰ
   - ਸ) ਬੀ.ਕਿਉ ਪ੍ਰੈਸੀਪੀਟੇਟਿਡ
4. ਬਿਮਾਰ ਪਸ਼ੂ ਦੇ ਮੁਢਲੇ ਲੱਛਣ ਇਹ ਹਨ:
   - ੳ) ਢਿੱਲਾ, ਸੁਸਤ ਅਤੇ ਦਬਾਅ

ਅ) ਦੰਦ-ਪੀਸਨਾ

ੲ) ਜੁਗਾਲੀ ਘੱਟ ਕਰਨਾ

ਸ) ਇਹ ਸਾਰੇ

5. ਡੇਅਰੀ ਸ਼ੈੱਡ ਵਿੱਚ ਢੁਕਵੀਂ ਨਮੀਂ ਕਿੰਨੀ ਹੋਣੀ ਚਾਹੀਦੀ ਹੈ।

ੳ) 20% ਤੋਂ ਘੱਟ

ਅ) 20-40%

ੲ) 40-60%

ਸ) 60% ਤੋਂ ਵੱਧ

**ਅ) ਖਾਲੀ ਥਾਂ ਭਰੋ :-**

ੳ) ਡੰਗਰ ਨੂੰ ਗੱਡੀ/ਟਰੱਕ ਵਿੱਚ ਚੜ੍ਹਾਉਣ ਲਈ ਇਕ ਢਾਲੂ ............ ਦੀ ਲੋੜ ਪੈਂਦੀ ਹੈ।

ਅ) ਥੋੜੀ ਦੂਰੀ ਲਈ ਡੰਗਰ ਨੂੰ.............. ਸਭ ਤੋਂ ਅਸਾਨ ਅਤੇ ਸਸਤਾ ਤਰੀਕਾ ਹੈ।

ੲ) ਗੱਡੀ 'ਤੇ ਚੜ੍ਹਾਉਣ ਵਾਲੀ ਢਾਲ ਦਾ ਕੋਣ............. ਹੋਣਾ ਚਾਹੀਦਾ ਹੈ।

ਸ) ਪਸ਼ੂ ਇੱਕ...........ਜੀਵ ਹਨ ਜੋ ਇਕੱਠੇ ਝੁੰਡ ਜਾਂ ਵੱਗ ਵਿੱਚ ਰਹਿਣਾ ਪਸੰਦ ਕਰਦੇ ਹਨ।

ਹ) ਲੰਗੜੇ ਬੁਖਾਰ ਦੀ ਰੋਕਥਾਮ ਲਈ ਪਹਿਲੇ ਟੀਕੇ ਤੋਂ ਬਾਅਦ.......... ਦੂਸਰਾ ਟੀਕਾ ਲਗਾਉਣਾ ਚਾਹੀਦਾ ਹੈ।

**ੲ) ਸਹੀ ਜਾਂ ਗਲਤ ਦੱਸੋ :-**

ੳ) ਬੁੱਢੇ ਪਸ਼ੂਆਂ ਦੀ ਢੋਆ-ਢੁਆਈ ਤੋਂ ਗੁਰੇਜ਼ ਕਰੋ।

ਅ) ਰੇਲ ਰਾਹੀਂ ਸਫ਼ਰ ਦੌਰਾਨ ਪਸ਼ੂਆਂ ਵਾਲਾ ਡੱਬਾ ਗੱਡੀ ਦੇ ਅਖੀਰ 'ਤੇ ਹੋਣਾ ਚਾਹੀਦਾ ਹੈ।

ੲ) ਸੂਣ ਵਾਲੇ ਪਸ਼ੂ ਨੂੰ ਸਫ਼ਰ 'ਤੇ ਨਹੀਂ ਲਿਜਾਣਾ ਚਾਹੀਦਾ।

ਸ) ਪਸ਼ੂਆਂ ਦਾ ਇਲਾਜ ਕਰਨ ਲਈ ਵੈਕਸੀਨ ਦਾ ਟੀਕਾ ਲਾਇਆ ਜਾਂਦਾ ਹੈ।

ਹ) ਬੁਰਾ ਵਰਤਾਓ ਕਰਨ ਵਾਲੇ ਵਿਅਕਤੀ ਤੋਂ ਡੰਗਰ ਭੈਅਭੀਤ ਹੋ ਜਾਂਦਾ ਹੈ।

**ਸ) ਢੁਕਵੇਂ ਕਾਲਮ ਨੂੰ ਮਿਲਾਉ :-**

| **ਕਾਲਮ (ੳ)** | **ਕਾਲਮ (ਅ) ਤੋਂ ਢੁਕਵਾਂ ਸ਼ਬਦ ਲਿਖੋ** | **ਕਾਲਮ (ਅ)** |
|---|---|---|
| 1. ਤੂਆ ਜਾਣਾ ਬਿਮਾਰੀ | | 20° |
| 2. ਮੂੰਹ ਖੁਰ ਦੀ ਬਿਮਾਰੀ | | 40% ਤੋਂ 60% |
| 3. ਢਲਾਣੂ ਸਰਫਿਸ ਦਾ ਕੋਣ | | 25°C |

# ਸ਼ਬਦਾਵਲੀ

**ਫੋੜਾ-ਫਿਨਸੀ :** ਸਰੀਰ ਦੇ ਕਿਸੇ ਭਾਗ 'ਤੇ ਫੋੜਾ-ਫਿਨਸੀ ਹੋ ਜਾਂਦੀ ਹੈ ਜਿਸ ਵਿੱਚ ਪੀਕ ਭਰਨ ਨਾਲ ਸੋਜ ਆ ਜਾਂਦੀ ਹੈ ਅਤੇ ਆਲੇ-ਦੁਆਲੇ ਮਾਸ ਲਾਲ ਰੰਗ ਦਾ ਹੋ ਜਾਂਦਾ ਹੈ।

ਮਿਲਾਵਟ-ਮਿਲਾਵਟ ਤੋਂ ਭਾਵ ਹੈ ਐਸੀ ਵਸਤੂ ਜਿਸ ਨੂੰ ਖਾਦ ਪਦਾਰਥਾਂ ਵਿੱਚ ਮਿਲਾਉਣ ਕਾਰਨ ਖਾਧ ਪਦਾਰਥ ਖਾਣ ਯੋਗ ਨਹੀਂ ਰਹਿੰਦੇ ਅਤੇ ਉਨ੍ਹਾਂ ਦਾ ਮਿਆਰ ਗਿਰ ਜਾਂਦਾ ਹੈ।

**ਖਾਦ ਬਣਾਉਣਾ :** ਜਿਵਾਣੂਆਂ ਦੁਆਰਾ ਜੀਵਕ ਮਾਦੇ ਨੂੰ ਗਲਣ-ਸੜਨ ਉਪਰੰਤ ਖਾਦ ਤਿਆਰ ਕੀਤੀ ਜਾਂਦੀ ਹੈ।

**ਕਬਜ਼ :** ਜਦ ਗੋਹਾ ਕਰਨ ਵਿੱਚ ਡੰਗਰ ਨੂੰ ਮੁਸ਼ਕਲ ਆਵੇ ਜਾਂ ਗੋਹਾ ਸਖਤ ਹੋਵੇ ਤਾਂ ਇਸ ਅਵਸਥਾ ਨੂੰ ਕਬਜ਼ ਕਿਹਾ ਜਾਂਦਾ ਹੈ।

**ਜਾਨਵਰਾਂ 'ਤੇ ਤਸ਼ੱਦਤ :** ਜਾਨਵਰਾਂ 'ਤੇ ਜਾਣ ਬੁੱਝ ਕੇ ਅਤਿਆਚਾਰ ਕਰਨੇ ਅਤੇ ਉਨ੍ਹਾਂ ਨੂੰ ਗੈਰ-ਜ਼ਰੂਰੀ ਤੰਗ ਕਰਨਾ।

**ਛਾਂਟੀ ਕਰਨਾ :** ਕਿਸੇ ਖਾਸ ਮੰਤਵ ਨਾਲ ਵੱਗ ਵਿੱਚੋਂ ਪਸ਼ੂ ਨੂੰ ਕੱਢਣਾ ਛਾਂਟੀ ਕਰਨਾ ਕਹਿਲਾਉਂਦਾ ਹੈ।

**ਬਾਹਰੀ ਪ੍ਰਜੀਵੀ ਕੀੜੇ :** ਅਜਿਹੇ ਪ੍ਰਜੀਵੀ ਕੀੜੇ ਪਸ਼ੂਆਂ ਦੀ ਚਮੜੀ ਉਪਰ ਰਹਿੰਦੇ ਹਨ ਅਤੇ ਪਸ਼ੂ ਦੀ ਚਮੜੀ ਤੇ ਸਿਹਤ 'ਤੇ ਬੁਰਾ ਪ੍ਰਭਾਵ ਪਾਉਂਦੇ ਹਨ।

**ਲਹੂ ਵਗਣਾ :** ਨਾੜਾਂ ਵਿੱਚੋਂ ਲਹੂ ਰਿਸਣਾ। ਇਸ ਤਰ੍ਹਾਂ ਅੰਦਰੂਨੀ ਅਤੇ ਬਾਹਰੀ ਤੌਰ 'ਤੇ ਵੀ ਲਹੂ ਰਿਸ ਸਕਦਾ ਹੈ।

**ਘਾਹ/ਪੱਤਿਆਂ ਦੀ ਤਹਿ :** ਜ਼ਮੀਨ ਨੂੰ ਘਾਹ ਫੂਸ ਜਾਂ ਪੱਤਿਆਂ ਜਾਂ ਫਸਲਾਂ ਦੀ ਰਹਿੰਦ-ਖੂੰਹਦ ਨਾਲ ਢੱਕਣ ਨੂੰ ਮੱਲਚ ਕਿਹਾ ਜਾਂਦਾ ਹੈ। ਇਸ ਨਾਲ ਮਿੱਟੀ ਵਿਚੋਂ ਪਾਣੀ ਘੱਟ ਉਡਦਾ ਹੈ।

**ਵੈਕਸੀਨ :** ਵੈਕਸੀਨ ਇੱਕ ਅਜਿਹਾ ਤਰਲ ਹੈ ਜੋ ਬਿਮਾਰੀਆਂ ਜਾਂ ਕਿਟਾਣੂਆਂ ਨਾਲ ਲੜਨ ਦੀ ਸਰੀਰਕ ਸ਼ਕਤੀ ਵਿੱਚ ਵਾਧਾ ਕਰਦਾ ਹੈ ਅਤੇ ਬਿਮਾਰੀ ਲੱਗਣ ਤੋਂ ਬਚਾਅ ਕਰਦਾ ਹੈ।

**ਭਲਾਈ :** ਭਲਾਈ ਤੋਂ ਭਾਵ ਕਿਸੇ ਜੀਵ/ਜਾਨਵਰਾਂ ਦੀ ਤੰਦਰੁਸਤ ਸਿਹਤ ਤੋਂ ਹੈ ਅਤੇ ਇਹ ਉਸਦੀ ਜਿੰਦਗੀ ਦੀ ਕੁਆਲਟੀ ਬਾਰੇ ਵੀ ਪ੍ਰਗਟਾਵਾ ਕਰਦਾ ਹੈ।

**ਕੀੜੇ :** ਕੀੜਿਆਂ ਤੋਂ ਭਾਵ ਕਿਸੇ ਜਾਨਵਰ ਦੇ ਸਰੀਰ ਵਿੱਚ ਵੱਧ-ਫੁਲ ਰਹੇ ਕੀੜਿਆਂ ਤੋਂ ਹੈ ਜੋ ਉਸ ਜਾਨਵਰ ਦੀ ਸਿਹਤ 'ਤੇ ਬੁਰਾ ਪ੍ਰਭਾਵ ਪਾਉਂਦੇ ਹਨ ਅਤੇ ਗਿਣਤੀ ਵਿੱਚ ਲਗਾਤਾਰ ਵੱਧਦੇ ਫੁਲਦੇ ਰਹਿੰਦੇ ਹਨ।